# ਸਿਰਜਣਾ



ਅਪਰੈਲ-ਜੂਨ 2022 204 50 ਰੁਪਏ

# ਸਿਰਜਣਾ

**204**

**ਅਪਰੈਲ-ਜੂਨ 2022**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**



**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

**SIRJANA**
*1728, Sector 43-B,*
*Chandigarh-160 043*
*INDIA*
*Phone : +91-172-2601693*
*E-mail :*
*raghbirssirjana@yahoo.com*



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਤਬਦੀਲੀ ਦੀ ਤਾਂਘ/1

ਦੇਵ ਦੀਆਂ ਕਵਿਤਾਵਾਂ/3

ਰਵਿੰਦਰ ਰਵੀ/ਤਿੰਨ ਕਵਿਤਾਵਾਂ/8

ਗੁਰਮੀਤ ਕੜਿਆਲਵੀ/ਕਹਾਣੀ/ਲੱਛੂ ਪੰਡਿਤ/11

ਸੁਕੀਰਤ/ਕਹਾਣੀ/ਉਹ, ਤੇ ਉਹ/25

ਮਖ਼ਦੂਮ ਟੀਪੂ ਸਲਮਾਨ/ਕਹਾਣੀ/ਪੱਖਾ/34

ਬਲਦੇਵ ਸਿੰਘ ਗਰੇਵਾਲ/ਕਹਾਣੀ/ਡ੍ਰੀਮ ਲੈਂਡ/36

ਨਿਰਮਲ ਜਸਵਾਲ/ਕਹਾਣੀ/ਅਜਨਬੀ/44

ਬਲਬੀਰ ਪਰਵਾਨਾ/ਸ਼ਬਦ ਚਿੱਤਰ/ਸਿੱਕੇਬੰਦ ਕਾਮਰੇਡ ਸੀ ਕ੍ਰਿਸ਼ਨ ਭਾਰਦਵਾਜ/52

ਮਨਮੋਹਨ/ਲੇਖ/ਬਾਵਾ ਬਲਵੰਤ ਦੀ ਵਾਰਤਕ ਦੀ ਵਿਸ਼ਵ ਦ੍ਰਿਸ਼ਟੀ/59

ਬਲਜੀਤ ਬਾਸੀ/ਸ਼ਬਦ ਝਰੋਖਾ/ਗੁਰੂਆਂ ਦਾ ਦੇਵ/70

ਸਤਿੰਦਰਪਾਲ ਸਿੰਘ ਬਾਵਾ/ਲੇਖ/'ਦਿ ਲੈਨਿਨਜ਼ ਫਰੌਮ ਕਲੋਨ ਵੈਲੀ' ਦਾ ਸਿਆਸੀ ਅਚਵੇਤਨ/73

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਤੇਰਾ ਆਪਣਾ/77

ਜਸਬੀਰ/ਰਿਵਿਊ/ਕੋਈ ਲੀਕ ਮੇਰੀ ਵੀ/79

ਜੇ. ਬੀ. ਸੇਖੋਂ/ਰਿਵਿਊ/ਬੰਦਾ ਸਮੁੰਦਰ ਨਹੀਂ ਹੁੰਦਾ/82

ਹਰਿੰਦਰ ਸਿੰਘ/ਰਿਵਿਊ/ਥੈਂਕ ਯੂ ਬਾਪੂ/84/ਮਸਤ/89

ਪਰਗਟ ਸਿੰਘ ਬਰਾੜ/ਰਿਵਿਊ/ਡਬੋਲ਼ੀਆ/87

ਪੁਸ਼ਵਿੰਦਰ ਕੌਰ/ਰਿਵਿਊ/ਝਾਂਜਰਾਂ ਵਾਲੇ ਪੈਰ/92


**ਟਾਈਟਲ ਚਿੱਤਰ : ਦੇਵ**


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲਰ**

*ਸੰਪਾਦਕੀ*

# *ਤਬਦੀਲੀ ਦੀ ਤਾਂਘ*

*ਪੰਜਾਬ ਦੇ ਸਿਆਸੀ ਪਿੜ ਵਿਚ ਇਕ ਅਰਸੇ ਤੋਂ ਚੱਲ ਰਿਹਾ ਖਲਾਅ ਫ਼ਿਲਹਾਲ ਆਮ ਆਦਮੀ ਪਾਰਟੀ ਨੇ ਭਰ ਦਿੱਤਾ ਹੈ। ਪੰਜਾਬ ਦੇ ਲੋਕ ਤਬਦੀਲੀ ਲਈ ਚਿਰੋਕਣੇ ਤਾਂਘ ਰਹੇ ਸਨ। ਕੋਵਿਡ-19 ਦੇ ਸਖ਼ਤ ਲੌਕਡਾਊਨ ਦੇ ਬਾਵਜੂਦ ਜਿਸ ਤਰ੍ਹਾਂ ਸੂਬੇ ਅੰਦਰ ਕਿਸਾਨ ਅੰਦੋਲਨ ਉੱਠਿਆ ਸੀ, ਉਸ ਦੀਆਂ ਤੰਦਾਂ ਪੰਜਾਬੀਆਂ ਦੇ ਮਨਾਂ ਅੰਦਰ ਬੈਠੀ ਡੂੰਘੀ ਬੇਚੈਨੀ ਨਾਲ ਜੁੜੀਆਂ ਹੋਈਆਂ ਸਨ। ਵੱਖ-ਵੱਖ ਸਰਕਾਰਾਂ ਦੀ ਨਾ-ਅਹਿਲੀਅਤ ਕਾਰਨ ਅੱਜ ਪੰਜਾਬ ਜਿਸ ਮੋੜ 'ਤੇ ਖੜ੍ਹਾ ਦਿਸਦਾ ਹੈ, ਉਸ ਤੋਂ ਅਜਿਹੀ ਕਿਸੇ ਤਬਦੀਲੀ ਦੀ ਪੇਸ਼ੀਨਗੋਈ ਤਾਂ ਸੀ ਪਰ ਨਾਲ ਹੀ ਪੰਜਾਬ ਨੂੰ ਚੁਫੇਰਿਉਂ ਆਣ ਪਏ ਸੰਕਟਾਂ ਕਾਰਨ ਲੋਕ-ਮਨ ਆਪਣੇ ਹੀ 'ਉਜਾੜੇ' ਬਾਰੇ ਸੋਚਣ ਲੱਗ ਪਿਆ। ਬੇਅੰਤ ਮਨੁੱਖਾ ਸ਼ਕਤੀ (human resuorces) ਆਖ਼ਿਰਕਾਰ ਬੇਰੁਜ਼ਗਾਰੀ ਵਿਚ ਵਟਦੀ ਗਈ। ਹਰੇ ਇਨਕਲਾਬ ਦੀ ਪਤਝੜ ਕਿਸਾਨਾਂ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਰੂਪ ਵਿਚ ਸਾਹਮਣੇ ਆਈ। ਸਿਆਸੀ ਸਿਤਮਜ਼ਰੀਫ਼ੀ ਨੇ ਨਸ਼ਿਆਂ ਦਾ ਅਜਿਹਾ ਨੈੱਟਵਰਕ ਜੋੜਿਆ ਕਿ ਨੌਜਵਾਨੀ ਤਬਾਹ ਹੋ ਗਈ, ਘਰਾਂ ਦੇ ਘਰ ਖਾਲੀ ਹੋ ਗਏ। ਜਿਸ ਤਰ੍ਹਾਂ ਤਿੰਨ ਸਾਢੇ ਤਿੰਨ ਦਹਾਕੇ ਪਹਿਲਾਂ ਇਕ ਵਕਤ ਅਜਿਹਾ ਆਇਆ ਸੀ ਜਦੋਂ ਮਾਪੇ ਆਪਣੇ ਬੱਚਿਆਂ ਨੂੰ ਅਤਿਵਾਦ ਦੇ ਸੇਕ ਤੋਂ ਬਚਾਉਣ ਲਈ ਇੱਧਰ-ਉੱਧਰ ਕਰਨ ਵਿਚ ਹੀ ਭਲਾਈ ਸਮਝਣ ਲੱਗ ਪਏ ਸਨ; ਇਸੇ ਤਰ੍ਹਾਂ ਹੁਣ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਇਹ ਸਿਲਸਿਲਾ ਚੱਲਿਆ। ਇਸ ਸਮੁੱਚੇ ਮਾਹੌਲ ਦੀ ਅਜਿਹੀ ਮਾਰ ਪਈ ਕਿ 'ਖ਼ੁਸ਼ਹਾਲ' ਪੰਜਾਬ ਵਿਚੋਂ ਪਹਿਲਾਂ 'ਬੌਧਿਕ ਹੂੰਝਾ' (brain drain) ਅਤੇ ਹੁਣ 'ਪੂੰਜੀ ਹੂੰਝਾ' (capital drain) ਫਿਰਨਾ ਸ਼ੁਰੂ ਹੋਇਆ। ਵਿਦਿਆਰਥੀਆਂ ਦੀਆਂ ਡਾਰਾਂ ਦੀਆਂ ਡਾਰਾਂ ਪਰਦੇਸੀ ਹੋਣ ਲੱਗੀਆਂ। ਪੰਜਾਬੀ ਲੋਕ ਦਾ ਇਕ ਹਿੱਸਾ ਪਹਿਲਾਂ ਵੀ ਪਰਵਾਸੀ ਹੁੰਦਾ ਸੀ ਪਰ 21ਵੀਂ ਸਦੀ ਵਾਲਾ ਪਰਵਾਸ ਪਹਿਲਾਂ ਨਾਲੋਂ ਬਿਲਕੁਲ ਵੱਖਰਾ ਸੀ। ਪਹਿਲਾ ਪਰਵਾਸ ਪੰਜਾਬ ਲਈ ਪੈਸਾ ਜੋੜਦਾ ਸੀ, ਹੁਣ ਵਾਲਾ ਪਰਵਾਸ ਪੂੰਜੀ ਹੂੰਝੇ ਦਾ ਰੂਪ ਅਖ਼ਤਿਆਰ ਕਰ ਗਿਆ ਹੈ। ਇਸ ਤੋਂ ਸੰਕਟ ਦੀ ਵਿਕਰਾਲਤਾ ਦਾ ਵੀ ਪਤਾ ਲੱਗਦਾ ਹੈ।*

*ਪੰਜਾਬ ਅੰਦਰ ਛਾਏ ਇਸ ਸੰਕਟ-ਦਰ-ਸੰਕਟ ਨੂੰ ਨਜਿੱਠਣ ਵਿਚ ਸਿਆਸੀ ਜਮਾਤ ਉੱਕਾ ਹੀ ਨਾਕਾਮ ਸਾਬਤ ਹੋਈ। ਕਿਸਾਨ ਅੰਦੋਲਨ ਦਰਅਸਲ, ਇਸ ਨਾਕਾਮੀ ਦਾ ਹੀ ਕੋਈ ਜਵਾਬ ਸੀ। ਅੰਤਾਂ ਦੇ ਔਖੇ ਹੋਏ ਲੋਕਾਂ ਦੇ ਸਿਰ ਜਿਸ ਤਰ੍ਹਾਂ ਇਸ ਅੰਦੋਲਨ ਵਿਚ ਜੁੜੇ, ਉਹ ਆਪਣੇ ਆਪ ਵਿਚ ਮਿਸਾਲ ਹੈ। ਸੂਬੇ ਅੰਦਰ ਜਿਹੋ ਜਿਹੀ ਸੱਤਾ ਤਬਦੀਲੀ ਸਾਹਮਣੇ ਆਈ ਹੈ, ਉਸ ਵਿਚ ਮੂਲ ਰੂਪ 'ਚ ਇਸ ਅੰਦੋਲਨ ਦਾ ਚੋਖਾ ਯੋਗਦਾਨ ਹੈ। ਇਸੇ ਕਰਕੇ ਬੁੱਧੀਜੀਵੀਆਂ ਦਾ ਇਹ ਵਿਸ਼ਲੇਸ਼ਣ ਸੱਚ ਦੇ ਵਧੇਰੇ ਕਰੀਬ ਜਾਪਦਾ ਹੈ ਕਿ ਇਨ੍ਹਾਂ ਚੋਣਾਂ ਵਿਚ ਆਮ ਆਦਮੀ ਪਾਰਟੀ ਨਹੀਂ ਜਿੱਤੀ ਸਗੋਂ ਰਵਾਇਤੀ ਸਿਆਸੀ ਪਾਰਟੀਆਂ ਜਿਨ੍ਹਾਂ ਵਿਚ ਮੁੱਖ ਤੌਰ 'ਤੇ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ ਸ਼ਾਮਿਲ ਹਨ, ਦੀ ਹਾਰ ਹੋਈ ਹੈ।*

*ਜ਼ਾਹਿਰ ਹੈ ਕਿ ਹੁਣ ਲੋਕਾਂ ਨੂੰ ਨਵੀਂ ਸਰਕਾਰ ਤੋਂ ਉਮੀਦਾਂ ਬਹੁਤ ਹਨ ਪਰ ਪੰਜਾਬ ਵਿਚ ਸੱਤਾ ਤਬਦੀਲੀ ਉਸ ਵਕਤ ਹੋਈ ਹੈ ਜਦੋਂ ਮੁਲਕ ਦੀ ਸਰਕਾਰ ਨੇ ਕੇਂਦਰੀਕਰਨ ਨੂੰ ਆਪਣਾ ਮੁੱਖ ਏਜੰਡਾ ਬਣਾਇਆ ਹੋਇਆ ਹੈ। ਪਿਛਲੇ ਅੱਠ ਸਾਲਾਂ ਤੋਂ ਮੁਲਕ ਦਾ ਨਿਜ਼ਾਮ ਜਿਸ ਪਾਸੇ ਜਾ*

*ਰਿਹਾ ਹੈ, ਉਸ ਬਾਰੇ ਵਿਦਵਾਨ ਗਾਹੇ-ਬ-ਗਾਹੇ ਆਪਣੀਆਂ ਰਾਵਾਂ ਦਿੰਦੇ ਰਹੇ ਹਨ। ਤਿੰਨ ਦਹਾਕੇ ਪਹਿਲਾਂ ਲਾਗੂ ਕੀਤੀਆਂ ਨਵੀਆਂ ਆਰਥਿਕ ਨੀਤੀਆਂ ਨੇ ਸਿਹਤ, ਤਾਲੀਮ ਅਤੇ ਹੋਰ ਅਹਿਮ ਖੇਤਰਾਂ ਅੰਦਰ ਜੋ ਉਥਲ-ਪੁਥਲ ਕੀਤੀ ਹੈ, ਉਸ ਦੀ ਸਿੱਧੀ ਮਾਰ ਆਮ ਲੋਕਾਂ ਉਤੇ ਪਈ ਹੈ। ਆਰਥਿਕ ਨਾ-ਬਰਾਬਰੀ ਰਿਕਾਰਡ ਤੋੜ ਰਹੀ ਹੈ ਅਤੇ ਬੇਰੁਜ਼ਗਾਰੀ ਬੇਮੁਹਾਰੀ ਹੋ ਗਈ ਹੈ। ਕੀ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹੇ ਬੁਨਿਆਦੀ ਸਵਾਲਾਂ ਦੇ ਰੂ-ਬ-ਰੂ ਹੋਵੇਗੀ, ਜਾਂ ਫਿਰ ਦਿੱਲੀ ਵਾਂਗ ਮਹਿਜ਼ ਪ੍ਰਸ਼ਾਸਕੀ ਕਵਾਇਦ ਤੱਕ ਹੀ ਸੀਮਤ ਰਹੇਗੀ? ਉਂਝ ਵੀ, ਦਿੱਲੀ ਮਾਡਲ ਜਿਸ ਦੇ ਆਧਾਰ 'ਤੇ ਪੰਜਾਬ ਨੂੰ ਚਲਾਉਣ ਦੀ ਗੱਲ ਕੀਤੀ ਜਾ ਰਹੀ ਹੈ, ਉਹ ਪਹਿਲਾਂ ਹੀ ਸਵਾਲਾਂ ਦੇ ਘੇਰੇ ਵਿਚ ਹੈ ਬਲਕਿ ਪਾਰਟੀ ਦੀ ਸਮੁੱਚੀ ਸਿਆਸਤ ਬਾਰੇ ਤਿੱਖੇ ਸਵਾਲ ਉੱਠ ਰਹੇ ਹਨ। ਸ਼ਾਹੀਨ ਬਾਗ਼, ਨਾਗਰਿਕਤਾ ਸੋਧ ਕਾਨੂੰਨ ਅਤੇ ਖੇਤੀ ਕਾਨੂੰਨਾਂ ਵਰਗੇ ਮੁੱਦਿਆਂ 'ਤੇ ਇਸ ਪਾਰਟੀ ਦੀ ਜੋ ਸਮਝ ਅਤੇ ਪਹੁੰਚ ਸਾਹਮਣੇ ਆਈ ਹੈ, ਉਸ ਤੋਂ ਇਹ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੇ ਪਾਲੇ ਵਿਚ ਖੜ੍ਹੀ ਨਜ਼ਰ ਆ ਰਹੀ ਹੈ। ਜੰਮੂ ਕਸ਼ਮੀਰ ਨੂੰ ਮੁਕੰਮਲ ਸੂਬੇ ਤੋਂ ਕੇਂਦਰ ਸ਼ਾਸਤ ਪ੍ਰਦੇਸ਼ ਵਿਚ ਤਬਦੀਲ ਕਰਨ ਦੇ ਮੁੱਦੇ 'ਤੇ ਪਾਰਟੀ ਨੇ ਕੇਂਦਰ ਸਰਕਾਰ ਦੇ ਹੱਕ ਵਿਚ ਵੋਟ ਪਾਈ ਹਾਲਾਂਕਿ ਖ਼ੁਦ ਇਹ ਦਿੱਲੀ ਨੂੰ ਮੁਕੰਮਲ ਸੂਬਾ ਬਣਾਉਣ ਦੀ ਮੰਗ ਕਰਦੀ ਰਹੀ ਹੈ। ਇਹੀ ਨਹੀਂ, ਵਿਚਾਰਨ ਵਾਲਾ ਤੱਥ ਇਹ ਵੀ ਹੈ ਕਿ ਪੰਜਾਬ ਚੋਣਾਂ ਜਿੱਤਣ ਤੋਂ ਬਾਅਦ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਮੁੱਦਿਆਂ ਦੀ ਗੱਲ ਕਰਨ ਦੀ ਥਾਂ ਕੌਮੀ ਸਿਆਸਤ ਵਿਚ ਆਪਣੇ ਝੰਡੇ ਗੱਡਣ ਦੀ ਗੱਲ ਹੀ ਕੀਤੀ ਹੈ। ਇਸੇ ਹਕੀਕਤ ਦਾ ਦੂਜਾ ਪਾਸਾ ਇਹ ਹੈ ਕਿ ਇਨ੍ਹਾਂ ਚੋਣਾਂ ਦੌਰਾਨ ਪੰਜਾਬ ਨੂੰ ਦਰਪੇਸ਼ ਸੰਕਟ ਨਾਲ ਜੁੜਿਆ ਇਕ ਵੀ ਮੁੱਦਾ ਉਭਾਰਨ ਦੀ ਜ਼ਹਿਮਤ ਨਹੀਂ ਉਠਾਈ। 1980ਵਿਆਂ 'ਚ ਪੰਜਾਬ ਡੇਢ ਦਹਾਕਾ ਲਹੂ-ਲੁਹਾਣ ਰਿਹਾ ਅਤੇ ਉਸ ਤੋਂ ਬਾਅਦ ਫਿਰ ਪਹਿਲਾਂ ਵਰਗੀਆਂ ਸਰਕਾਰਾਂ ਹੀ ਹੋਂਦ ਵਿਚ ਆਉਣ ਲੱਗ ਪਈਆਂ ਸਨ; ਹੁਣ ਇਹ ਖ਼ਦਸ਼ਾ ਸਿਰ 'ਤੇ ਖੜ੍ਹਾ ਹੈ ਕਿ ਇੰਨੇ ਵੱਡੇ ਅਤੇ ਵਿਰਾਟ ਕਿਸਾਨ ਅੰਦੋਲਨ ਤੋਂ ਬਾਅਦ ਵੀ ਜਿਹੜੀ ਸਰਕਾਰ ਹੋਂਦ ਵਿਚ ਆਈ ਹੈ, ਉਹ ਵੀ ਕਿਤੇ ਕੁਝ ਕੁ ਛੋਟਾਂ ਨਾਲ ਪਹਿਲਾਂ ਵਾਲੀਆਂ ਸਰਕਾਰਾਂ ਦੇ ਰਾਹ ਨਾ ਪੈ ਜਾਵੇ। ਇਸ ਤੋਂ ਵੀ ਵੱਡਾ ਖ਼ਦਸ਼ਾ ਇਸ ਪਾਰਟੀ ਦੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਵਰਗੀ ਪਹੁੰਚ ਨਾਲ ਸਰਕਾਰ ਚਲਾਉਣ ਦਾ ਹੈ। ਕੇਂਦਰੀਕਰਨ ਇਸ ਪਾਰਟੀ ਦੀਆਂ ਜੜ੍ਹਾਂ ਵਿਚ ਬੈਠਿਆ ਹੋਇਆ ਹੈ। ਕੇਂਦਰੀਕਰਨ ਦੇ ਮਾਰੂ ਨਤੀਜਿਆਂ ਬਾਰੇ ਸੋਚ ਕੇ ਹੀ ਝੁਣਝੁਣੀ ਆਉਂਦੀ ਹੈ ਕਿਉਂਕਿ ਇਸ ਦਾ ਇਕ ਰੂਪ ਲੋਕ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਸਰਕਾਰ ਦੇ ਰੂਪ ਵਿਚ ਦੇਖ ਚੁੱਕੇ ਹਨ।*

*ਅਜਿਹੇ ਹਾਲਾਤ ਵਿਚ ਆਸੇ-ਪਾਸੇ ਨਜ਼ਰ ਮਾਰੀਏ ਤਾਂ ਨਿਗ੍ਹਾ ਇਕ ਵਾਰ ਫਿਰ ਖੱਬੇਪੱਖੀਆਂ ਵਾਲ ਹੀ ਘੁੰਮਦੀ ਹੈ। ਕਿਸਾਨ ਅੰਦੋਲਨ ਵਿਚ ਖੱਬੇਪੱਖੀਆਂ ਦੀ ਵੱਡੀ ਭੂਮਿਕਾ ਨੇ ਜਚਾ ਦਿੱਤਾ ਹੈ ਕਿ ਇਹ ਜੁਝਾਰੂ ਸਿਆਸਤ ਦੇ ਪਿੜ ਅੰਦਰ ਵੀ ਅਜਿਹਾ ਕ੍ਰਿਸ਼ਮਾ ਕਰ ਸਕਦੇ ਹਨ। ਭਾਰਤ ਨੂੰ ਭਾਵੇਂ ਜਮਹੂਰੀ ਮੁਲਕ ਤਸਲੀਮ ਕੀਤਾ ਗਿਆ ਹੈ ਪਰ ਅੱਜ ਇਸ ਦੀਆਂ ਵੱਖ-ਵੱਖ ਸੰਸਥਾਵਾਂ ਦਾ ਜੋ ਹਸ਼ਰ ਸਾਡੀ ਸਿਆਸੀ ਜਮਾਤਾਂ ਨੇ ਕੀਤਾ ਹੈ, ਉਹ ਬੜਾ ਹੌਲਨਾਕ ਹੈ। ਅਸਲ ਵਿਚ, ਮੁਲਕ ਅੰਦਰ ਚੋਣਾਂ ਲੜਨ, ਜਿੱਤਣ ਅਤੇ ਵੋਟ ਪਾਉਣ ਨੂੰ ਹੀ ਜਮਹੂਰੀਅਤ ਕਰਾਰ ਦੇ ਦਿੱਤਾ ਗਿਆ ਹੈ। ਕਿਸਾਨ ਅੰਦੋਲਨ ਨੇ ਇਸ ਪਹੁੰਚ ਨੂੰ ਵੰਗਾਰ ਪਾਈ ਹੈ ਅਤੇ ਇਸ ਅੰਦੋਲਨ ਦੇ ਨਤੀਜੇ ਵਜੋਂ ਹੀ ਪੰਜਾਬ ਦੇ ਲੋਕ ਸਵਾਰਥੀ ਸਿਆਸਤਦਾਨਾਂ ਨੂੰ ਘਰੋ-ਘਰੀ ਤੋਰਨ ਦੇ ਸਮਰੱਥ ਹੋਏ ਹਨ। ਖੱਬੇਪੱਖੀਆਂ ਨੂੰ ਕਿਸਾਨ ਅੰਦੋਲਨ ਨਾਲ ਪੈਦਾ ਹੋਈ ਅਵਾਮੀ ਚੇਤਨਾ ਨੂੰ ਸਹੀ ਦਿਸ਼ਾ ਵੱਲ ਮੋੜਨ ਲਈ ਹੀਲਾ ਕਰਨਾ ਚਾਹੀਦਾ ਹੈ। ਇਸ ਕਾਰਜ ਦੀ ਪਹਿਲੀ ਲੋੜ ਸਿਰ ਜੋੜ ਕੇ ਰਾਹ ਬਣਾਉਣ ਦੀ ਹੈ। 000*

# ਦੇਵ ਦੀਆਂ ਕਵਿਤਾਵਾਂ

## ਕੁਰਸੀ

ਜਿਉਂ ਹੀ ਬੈਠਦੇ ਹਾਂ ਕੁਰਸੀ 'ਤੇ
ਸੱਤਾ ਕੁੰਡਲੀ ਮਾਰ
ਪਾਵਿਆਂ ਦੇ ਇਰਦ ਗਿਰਦ ਉਸਾਰ ਲੈਂਦੀ
ਕਿੱਲਾਂ ਵਾਲੀ ਕੈਦ
ਨਿੱਕੀ ਜਿਹੀ ਕੁਰਸੀ 'ਤੇ ਬੈਠਣ ਦਾ
ਗੁਦਗੁਦੀ ਸੁਆਦ
ਕਿਸੇ ਵੀ ਤਖਤੇ ਤਾਊਸ ਤੋਂ ਘੱਟ ਨਹੀਂ ਹੁੰਦਾ
ਇਕ ਕਰੂਰਾ ਹੱਥ ਜੋੜੇ ਬੇ-ਸਿਰੇ ਦਰਬਾਰੀਆਂ ਦਾ
ਨਾਅਰੇ ਜੈਕਾਰਿਆਂ ਦੀ ਖਰੀਦੀ ਖਰੂਦੀ ਭੀੜ
ਵਕਤੀ ਪਰਪੰਚੀ ਰੇਖਦੇ ਨੇ ਆਕਾ ਦੀ ਜਨਮ ਪੱਤਰੀ
ਸੂਰਯਵੰਸ਼ੀ ਕਦੇ ਚੰਦਰਮਾ ਰਿਸ਼ੀ
ਕਾਲਿਕ ਕਲਯੁਗੀਆਂ ਦੀ ਚੌਪਟੀ ਖੇਡ
ਸੰਤਾਪ ਸਰਾਪ 'ਸਵਰਗ': ਕੁਰਸੀ
ਕਈ ਕਈ ਬਾਣੇ ਪਹਿਰਾਵੇ ਪਹਿਨ ਪੇਸ਼ੋ ਪੇਸ਼
ਹਰ ਕਰਤੂਤੀ ਕਿੱਸਾ ਕੁਰਸੀ ਦਾ
ਕੱਫਣਾਂ ਨਾਲ ਕੱਜਿਆ
ਕਈ ਕਈ ਭੇਸ ਨੇ ਬਹਿਰੂਪੀ ਕੁਰਸੀਆਂ ਦੇ
ਡੇਰੇ ਮਹੰਤ ਜੱਥੇਦਾਰ --- ਤੇ
ਮੇਰੇ ਅੱਖਰਾਂ ਦੇ ਸੇਵਾਦਾਰ ਵੀ
ਜਿਨ੍ਹਾਂ ਦੇ ਸੀਤ ਕਾਲਜਿਆਂ 'ਚੋਂ ਕਤਰਾ ਕਤਰ ਸਿੰਮਦੀ
ਤਰਸ ਭਰੀ ਚਾਸ਼ਨੀ
ਵਕਤੀ ਹੁੰਦੀ ਹੋਈ ਵੀ - ਟੂਣੇਹਾਰੀ ਡੈਣ -
ਕਦੇ ਬੁੱਢੀ ਨਹੀਂ ਹੁੰਦੀ। 00

## ਕਨਸੋਅ

ਜਿੱਥੇ ਪੈਰ ਹੀ ਪਿਆਰ ਹੋ ਜਾਣ
ਸ਼ਿਲਾਲੇਖਾਂ ਸਮਾਰਕਾਂ ਤੋਂ ਆਜ਼ਾਦ
ਥੇਹਾਂ 'ਤੇ ਉੱਗੀਆਂ ਨਿਸ਼ਾਨੀਆਂ
ਰਿਸ਼ਤਿਆਂ ਦੀ ਧੂੜ
ਪੈਰਾਂ ਦੀ ਪਰਵਾਜ਼ ਦਾ ਹਾਸ਼ੀਆ ਨਹੀਂ ਹੁੰਦਾ
ਰਾਹ ਝਿਲਮਿਲ ਕਰਦੇ
ਊੜੇ ਆੜੇ ਮੇਰੇ
ਰਾਹਾਂ ਦਾ ਪਤਾ ਪੈੜਾਂ ਨੂੰ ਪੁੱਛਣਾ

ਰਿਸ਼ਤਿਆਂ ਦੇ ਸਿਰਨਾਵੇਂ ਨਾ ਪੁੱਛਣਾ
        ਸਰਦਲਾਂ ਦੇ ਕੈਦਖਾਨੇ ਨੇ
ਇਹ ਜੋ 'ਪਉਣਾਂ' ਉਤਰੀਆਂ ਨੇ ਪੈਰਾਂ 'ਤੇ
ਆਈਆਂ ਨੇ 'ਕਿਸ' ਦੀ ਕਨਸੋ ਦਾ ਸੁਨੇਹਾ ਲੈ ਕੇ
ਬੱਸ ਥੋੜ੍ਹਾ ਜਿਹਾ ਹੋਰ
        ਹੋਰ ਥੋੜ੍ਹਾ ਜਿਹਾ
ਥੱਕ ਛੱਡ ਨਾ ਜਾਣਾ ਇਕੱਲਿਆਂ
ਥੋੜ੍ਹਾ ਜਿਹਾ ਹੋਰ
        'ਹੁਣ' ਦੂਰ ਨਹੀਂ
ਨਾਲ ਨਾਲ ਤੁਰੇ ਰਹਿਣਾ ਮੇਰੇ ਪਿਆਰੇ ਪੈਰੋ
ਜਿਸਨੂੰ ਮਿਲੀ ਹੋਵੇ
        ਪੈਰਾਂ ਦੀ ਪਾਤਸ਼ਾਹਤ
ਉਹ ਕਿਉਂ ਭਟਕਦਾ ਫਿਰੇ ਅਵਾਰਾ ਰੌਲ਼ਿਆਂ ਅੰਦਰ
ਚੁੱਪ ਬੁੜਬੁੜਾਉਂਦੇ ਬੁਲ੍ਹਾਂ ਦੀ ਨਚਾਰ ਨਹੀਂ ਹੁੰਦੀ
ਪੈਰਾਂ ਹੌਲ਼ੀ ਜਿਹੇ ਮੇਰੇ ਰਾਹਾਂ ਦੀ 'ਇਕੱਲ' ਨੂੰ ਕਿਹਾ। 00

## ਹਵਾ ਮਹਿਲ ਦੇ ਪਰਿੰਦੇ

ਜ਼ਮਾਨਾਸਾਜ਼ੀਆਂ ਦਾ
        ਨਾ ਪੂਰਬ ਹੁੰਦਾ ਨਾ ਹੀ ਪੱਛਮ
ਇੱਕੋ ਨਕਸ਼ ਨਕਾਸ਼ ਮਖੌਟੇ ਹੀ ਵੱਖਰੇ
ਪੂਛ ਨਹੀਂ
        ਪਰ ਫੇਰ ਵੀ ਕੁੱਬੀਆਂ ਕੁਰਸੀਆਂ ਨੂੰ
ਸੱਜੇ ਖੱਬੇ ਸਿਰ ਹਿਲਾਉਂਦੇ ਬੇ-ਸਿਰੇ
ਸਮੇਂ ਦੀ ਨਬਜ਼ ਤਾਕ 'ਤੱਕ' ਕੇ
        ਤਾੜ ਕੇ ਹਰ ਮੌਕੇ ਨੂੰ ਹਰ ਹਾਲ ਹਾਜ਼ਰ ਹੁੰਦੇ ਨੇ
ਕਿਸੇ ਵੀ ਰੰਗ ਦੇ ਰੰਗ ਰਸੀਲੇ ਦਰਬਾਰ ਅੰਦਰ
'ਸਿਰ' ਹੀ ਝੁਕਾਉਣੈ
        ਹੱਥ ਜੋੜਕੇ ਨਮਸਕਾਰੀ ਲਈ
ਸੱਥਾਂ 'ਚ ਬੈਠੇ ਆਪਣੇ ਆਪਣੇ ਕਬੀਲੇ ਦੇ ਗੁੱਟਬੰਦੀਏ
        ਜਮ੍ਹਾ ਤਫਰੀਕ ਜ਼ਰਬ ਦੀਆਂ ਗਿਣਤੀਆਂ ਮਿਣਤੀਆਂ 'ਚ ਮਸਰੂਫ
ਵਾਕਾਂ ਦੀ ਵਿਉਂਤ ਨਹੀਂ
ਠਿੱਬੀਆਂ ਮਾਰਨ ਦਾ 'ਵੱਲ' ਸਿੱਖਦੇ ਨੇ 'ਖੇਡਣ' ਲਈ
ਮੀਸਣੀਆਂ ਕੰਜੂਸੀ ਮੁਸਕਾਣਾਂ ਨਾਲ
ਕੱਚੀਆਂ ਪੱਕੀਆਂ ਜਿਲਦਾਂ ਅੰਦਰ
        ਸ਼ਿਲਾਲੇਖਾਂ ਦੀਆਂ ਸੁਨਹਿਰੀ ਸੁਲਿੱਪੀਆਂ ਪੋਚਦੇ
ਹਵਾ ਮਹਿਲ ਦੀ ਬਾਰਾਂਦਰੀ ਅੰਦਰ
ਉਡੀਕਦੀਆਂ 22 ਮੰਜੀਆਂ ਦੇ
        ਆਪਣੇ ਆਪਣੇ 'ਗੁਰੂ'। 00

## ਸਿਕਲੀਗਰ

ਕਲਪਨਾ ਦੇ ਜਾਦੂਗਰੀ ਕਾਫਲਿਆਂ ਨਾਲ
ਰੇਸ਼ਮੀ ਰਾਹਾਂ ਸੁੰਨੀਆਂ ਸਰਾਵਾਂ ਦਾ
ਪਲ ਕੁ ਭਰ ਦਾ ਪਾਂਧੀ
ਸੁੰਨੇ ਖੀਸੇ
ਸੁਦਾਗਰ ਜਗਿਆਸਾਵਾਂ ਦਾ
ਉਦਾਸੀਆਂ ਦੇ ਨਾਲ ਨਾਲ ਉਦਾਸੀ ਵੀ
ਰੰਗਾਂ ਦੀ ਖ਼ੂਬਸੂਰਤੀ
ਚੌਕਸ ਅੱਖਾਂ ਦੀ ਆਰਤੀ
ਕਾਲ਼ੇ ਚਿੱਟੇ ਵਿਚਕਾਰ ਭੀੜ ਨੇ
ਖਰੂਦ ਰੱਖਿਆ ਰੰਗਾਂ ਦਾ ਰੌਲ਼ਾ
ਅਨੇਕਾਂ ਦਰਾਂ ਦੇ ਘੁਕਦੇ ਦਰਪਨ
ਜਿਲਦ ਮੇਰੀ ਦੇ ਕਿੰਨੇ ਪਰਛਾਵੇਂ
ਕਿੰਨੇ ਬਾਕੀ ਕਿੰਨੇ ਖਾਲੀ
ਅਜੇ ਊੜਾ 'ੳ' ਲਿਖਣਾ ਹੀ ਸਿੱਖ ਰਿਹੈ
ਕਲਪਨਾ ਦੇ ਕਾਫਲਿਆਂ ਨਾਲ ਤੁਰਦਾ
ਸਿਕਲੀਗਰ। 00

## ਕਿੱਥੋਂ? ਕਿਨ੍ਹਾਂ 'ਚੋਂ?

ਮੁਸਾਫਰਾਂ ਦੇ 'ਰਾਹ' ਹੀ ਉਹਨਾਂ ਦੇ ਸਿਰਨਾਵੇਂ
ਸਰਾਵਾਂ ਪਲ ਕੁ ਭਰ ਲਈ
ਥਕਾਵਟਾਂ ਦਾ ਅਟਕਾ
ਕਿੱਥੋਂ? ਕਿਨ੍ਹਾਂ 'ਚੋਂ ???
ਕਦੇ ਵੀ ਨਾਲ ਨਾਲ ਤੁਰਨ ਵਾਲੇ ਪਾਂਧੀ ਨਹੀਂ ਹੁੰਦੇ
ਕਬੀਲੇ ਭੀੜ ਚੌਧਰ ਹੰਕਾਰੀ ਸਰਦਾਰੀ ਤੋਂ
'ਆਜ਼ਾਦ' ਹੋਣਾ ਹੀ ਤੁਰਨਾ ਹੁੰਦਾ
ਕਿੱਥੋਂ ਕਿਨ੍ਹਾਂ 'ਚੋਂ ਕਿਤੇ ਵੀ ਚਲੇ ਜਾਣ
ਕਿਤੇ ਵੀ ਨਹੀਂ ਜਾਂਦੇ ਪਰਦੇਸੀ
ਪਰਵਾਸੀ ਕਦੇ ਵੀ ਪਰਦੇਸੀ ਨਹੀਂ ਹੁੰਦਾ
ਉਡਣ ਉਡਣਾ ਉਡਦੇ ਹੀ ਰਹਿਣਾ
ਨੀਲਾਂਬਰੀ ਦੁਮੇਲਾਂ
ਉਸਦਾ ਦੇਸ਼ ਹੁੰਦੈ। 00

## ਅਨੇਕਾਂ ਵਾਰ

ਅਨੇਕਾਂ ਵਾਰ ਹਾਰਿਆ ਹਾਂ ਮੈਂ
ਉਸ ਦੁਸ਼ਮਣ ਦੇ ਹੱਥੋਂ
ਜੋ ਮੇਰੇ ਹੀ ਹਲ਼ਕਾਏ ਭੋਰਿਆਂ ਅੰਦਰ
ਲੁਕਿਆ ਹੋਇਆ
ਸਨਕ ਵੈਰੀਆਂ ਲਈ ਚੁੱਪ ਦਾ ਜ਼ਰ੍ਹਾਬਕਤਰ ਪਹਿਨ ਲਿਆ

ਉਹ ਬਿਨ ਮਿਲਿਆਂ ਵੀ ਮੇਰੇ ਨਾਲ ਪਰੇਸ਼ਾਨ ਨੇ
ਉਡਾਣ ਦੇ ਜਸ਼ਨ 'ਚ ਹਾਂ
ਪੰਛੀਆਂ ਦੀ ਸੰਗਤ ਅੰਦਰ
ਉਹਨਾਂ ਦੀ ਪਰਵਾਜ਼ ਦਾ ਮਹਿਮਾਨ
ਸੁਣ ਰਿਹੈ ਤਾਰਿਆਂ ਦਾ
ਟਿਮਟਿਮਾਉਂਦਾ ਕੀਰਤਨ
ਨੀਲਾਂਬਰਾਂ ਨੂੰ 'ਪਉਣ' ਉਤਰੀ
ਪੈਰਾਂ ਨੂੰ ਪੈ ਰਿਹੈ ਹੌਲ
ਪਿਆਰ ਰਿਆਜ਼ ਏ ਰਿਵਾਜ ਨਹੀਂ
ਤੈਨੂੰ ਤੱਕਣਾ ਸਿੱਖਣੈ ਮੈਂ ਅਜੇ
ਅੱਖਾਂ ਨੂੰ 'ਵਿਹਲ' ਹੀ ਨਹੀਂ
ਕਿੰਨਾ ਅਨਪੜ੍ਹ ਹਾਂ ਸਿਆਣਿਆਂ ਵਿਚਕਾਰ ਬੈਠਾ
ਤੇਰੀ ਚੁੱਪ ਰਾਹੀਂ ਗਿੱਝ ਗਿਆ
ਆਪਣੇ ਆਪ ਨਾਲ ਗੱਲਾਂ ਕਰਨਾ
ਕੀ 'ਖਾਮੋਸ਼ੀ' ਇਸਨੂੰ ਕਹਿੰਦੇ ਨੇ! 00

## ਖੜਾਕ

ਵੱਡੀ ਖੜਾਕ
ਤ੍ਰਭਕ ਉਠਿਆ 'ਅਚਾਨਕ'
ਕੀ ਇਹ ਅਚਾਨਕੀ ਸੁਰਤੀ ਬੇਸੁਰਤੀ
ਅਦਨ ਦੇ ਬਾਗ਼ 'ਚੋਂ
ਜਲਾਵਤਨੀ
ਅਨੰਤ ਸੁਰਖ ਸਲਾਖ ਅੰਦਰ
ਜਲ ਪਲ ਭੰਮੱਤਰੀ 'ਹੈਰਾਨੀ'
ਦੇਸ਼-ਕਾਲ ਅੰਦਰ 'ਮੇਰੀ' ਕਾਇਆ-ਕਲਪੀ
ਉਦੋਂ ਦਾ 'ਕਦੋਂ' ਦਾ ਤੁਰਿਆ
ਪ੍ਰਥਮ ਪਉੜ 'ਤੇ ਵੀ ਨਹੀਂ---- ਅੱਪੜਿਆ
'ਤੱਕ' ਰਿਹੈ ਅੰਤ ਆਪਣਾ
ਮੁੜ ਮਹਾਂ ਗੂੰਜ ਅੰਦਰ ਖੁਰ ਜਾਣ ਲਈ
ਮਲ੍ਹਕ ਮਲ੍ਹਕ ਖੜਾਕ ਸੌਂ ਰਹੀ
ਨਵਾਂ ਸੁਪਨਾ ਲੈਣ ਲਈ। 00

## ਦੋ ਹਰਫਾਂ ਵਿਚਕਾਰ

ਦੋ ਅੱਖਰਾਂ ਦੇ ਵਿਚਕਾਰ
ਕੁਝ ਕਿਹਾ ਚੁੱਪ ਨਾਲ
ਗੁੰਮ ਸੁੰਮ ਖਾਮੋਸ਼ ਹੋ ਕੇ
ਸ਼ਬਦਾਂ ਦਾ ਕੱਜਣ ਉਤਾਰਨ 'ਚ ਮਸਤ

ਟਿ - ਪ - ਣੀ - ਕਾ - ਰ

ਆਪਣੀ ਆਪਣੀ ਜ਼ਿੱਦ ਨਾਲ
ਅਰਥਾਂ ਦੀ ਭੀੜ ਦੇ ਸ਼ਾਮਿਆਨੇ ਅੰਦਰ
ਚੁੱਪ ਦਾ ਚੀਰਹਰਨ
ਫੁਰਮਾਨ:
ਕਵਿਤਾ 'ਹਾਜ਼ਰ' ਹੋਵੇ
ਓਥੇ ਆਪਣੇ ਅੱਖਰ ਅੱਗੇ
ਨੱਚਦਾ ਪਰਛਾਵਾਂ ਕਵੀਕਾਰ ਦਾ
ਭੰਮਤਰੇ ਪਾਠ-----ਤਕ
ਰਚੀ ਰੀਤ
ਚੀਰ x ਤੀਰ
ਅੱਖ 'ਚ ਰੜਕਦੀ ਗੂੰਜ ਦੀ ਕਨਸੋਅ
ਕਵਿਤਾ ਨੇ ਕਿਹਾ
ਚੱਲ ਇਸ ਮੰਡਪ ਨੂੰ ਅਲਵਿਦਾ ਕਹੀਏ
ਜਗਿਆਸਾ ਨੂੰ ਤਲਾਸ਼ਣ ਤੁਰੀਏ
ਏਥੇ ਤਾਂ ਪੰਡਤਾਂ ਦੇ ਪਰਪੰਚਾਂ ਦੀ
ਅੱਖਰੀ ਵੱਖਰੀ ਵਾਕੋ ਵਾਕੀ ਉਲਝੀ। 00

## ਕਾਲ-ਰੂਹ

ਉਡੜੇ ਉਜਾੜੇ
ਉਦਾਸ ਸਮਿਆਂ ਦੀ
ਕਾਲ-ਰੂਹ ਹਾਂ ਮੈਂ
ਚੁੱਪ ਅੰਦਰ ਧੁਖਦੀ
ਮੇਰੀ ਅੱਗ ਦਾ ਚੇਤਾ
ਵਕਤਾਂ ਨੇ ਬੇ-ਵਕਤ ਘੜਿਆ ਮੈਨੂੰ
ਇਸ ਤਰ੍ਹਾਂ ਦਾ ਹੀ 'ਹੋਣ' ਲਈ
ਪਛਤਾਵਿਆਂ ਪ੍ਰਸ਼ਨਾਂ ਨਾਲ
ਕਿਹੜੇ ਕਿਹੜੇ ਦੇਸ਼ਾਂ ਦੇ ਪਾਣੀ ਕੰਬਦੇ
ਕਿੰਨੀਆਂ ਮਿੱਟੀਆਂ ਦੇ ਤਕਸੀਮੇ ਨਕਸ਼
ਹਥੇਲੀ ਦੀਆਂ ਰੋਂਦੀਆਂ ਲਕੀਰਾਂ
ਕਿੰਨੇ ਉਜੜੇ ਸੁਪਨਿਆਂ ਦੇ ਸੋਗ ਨਾਲ ਅੱਖਾਂ ਸੁਰਖ
ਰੰਗਾਂ ਦੇ ਵੈਣ ਭਟਕ ਰਹੇ
ਮੇਰੇ ਰੱਤ ਦੀਆਂ ਰੋਂਦੀਆਂ ਨਦੀਆਂ
ਨੀਂਦ ਦੀਆਂ ਪ੍ਰੇਤੀ ਰਾਤਾਂ ਅੰਦਰ
ਸੰਤਾਪੇ ਸਰਾਪੇ ਸੰਸਾਰ ਦੀ ਕਾਲ-ਰੂਹ
ਜਿਸ ਨੂੰ ਜਾਗਦੇ ਰਹਿਣ ਦਾ ਸਰਾਪ ਐ। 000

***(Schulhausgasse 12, CH 3113 Rubigen. SWITZERLAND)***

# ਤਿੰਨ ਕਵਿਤਾਵਾਂ: ਰਵਿੰਦਰ ਰਵੀ

## ਲੋਅ 'ਚੋਂ ਲੰਘਦੀ ਲੋਅ ਦਾ ਸਫਰ

ਕਾਗ਼ਜ਼ ਦੇ ਪੰਨੇ 'ਤੇ ਪਈ ਨਜ਼ਮ
ਸੰਵਾਦ ਮੰਗਦੀ ਹੈ
ਤੁਸੀਂ ਕੇਵਲ ਹੁਣ ਹੋ
ਇਹ ਆਦਿ ਜੁਗਾਦਿ ਮੰਗਦੀ ਹੈ

ਉੱਤਰ ਆਧੁਨਿਕ ਯੁਗ ਵਿਚ
ਕੇਵਲ ਹੁਣ ਤੋਂ ਕੁਝ ਹੋਰ ਅੱਗੇ ਜਾਣਾ ਪਵੇਗਾ-
ਸ਼ਬਦ ਕਲਚਰ
ਜ਼ੱਰੇ ਵਿਚ ਸਹਿਰਾਅ ਦਾ
ਕਤਰੇ ਵਿਚ ਦਰਿਆ ਹਿਸਾਬ ਮੰਗਦੀ ਹੈ

ਜੇ ਤੁਹਾਨੂੰ ਸ਼ੀਸ਼ੇ ਵਿਚ
ਕੇਵਲ 'ਆਪ' ਦਿਖਾਈ ਦਿੰਦਾ ਹੈ
ਤਾਂ ਸ਼ੀਸ਼ਾ ਝੂਠ ਬੋਲਦਾ ਹੈ
ਨਜ਼ਰ ਜੁ ਪਰਤੱਖ ਤੋਂ ਪਾਰ ਜਾ ਸਕੇ
ਦੁਆਰ ਤੋਂ ਬਾਅਦ ਦੁਆਰ ਮੰਗਦੀ ਹੈ

ਇਕ ਬੂਹਾ ਬੰਦ ਹੋ ਜਾਵੇ
ਤਾਂ ਦੂਸਰਾ ਖੁਲ੍ਹ ਜਾਵੇ
ਸ਼ਬਦ, ਗਿਆਨ ਦਰਵਾਜ਼ਿਆਂ ਦਾ ਸਿਲਸਿਲਾ ਹੈ
ਪ੍ਰਿਜ਼ਮ ਵਿਚ ਟੁੱਟ ਕੇ ਕਿਰਨ
ਰੰਗਾਂ ਦੇ ਅਨਿਕ ਦੁਆਰ ਲੰਘਦੀ ਹੈ

ਆਦਿ, ਮੱਧ, ਅੰਤ, ਵਿਕਾਸ ਤੇ ਵਿਨਾਸ਼
ਏਸ ਕਿਤਾਬ ਦੇ ਵਿਭਿੰਨ ਪੰਨੇ ਹਨ
ਇਹ ਜ਼ਿੰਦਗੀ ਹੈ: ਤੁਰਦੀ, ਕੜਕਦੀ, ਫੜਕਦੀ
ਦਰਸ਼ਨ ਤੇ ਸਵੈ ਦੇ ਆਰ ਪਾਰ ਲੰਘਦੀ ਹੈ

ਜ਼ਿੰਦਗੀ ਤੁਹਾਡੇ ਨਾਲ ਸ਼ੁਰੂ ਨਹੀਂ ਹੋਈ
ਤੁਸੀਂ ਜ਼ਿੰਦਗੀ ਨਾਲ ਸ਼ੁਰੂ ਹੋਏ ਹੋ!
ਕਿੱਥੋਂ ਤਕ ਲਿਜਾ ਸਕੋਗੇ ਇਸ ਨੂੰ?
ਇਹ ਸਫਰ ਤੇ ਨਜ਼ਰ ਦੀ ਦਾਸਤਾਨ ਹੈ
ਹਰ ਕਦਮ, ਹਿਸਾਬ ਮੰਗਦੀ ਹੈ

ਮੈਥੋਂ ਬਾਅਦ, ਇੱਛਾ ਹੈ ਕਿ
ਮੇਰਾ ਸ਼ਬਦ ਰਹਿ ਜਾਵੇ
ਸੂਰਜ,ਚੰਦ, ਸਿਤਾਰੇ, ਨਖਯਤਰਾਂ ਵਿਚਕਾਰ
ਇਕ ਹੋਰ ਨਖਯਤਰ ਬਣ ਜਾਵੇ
ਇਹ ਵਾਰਤਾ ਹੈ ਨਿਰੰਤਰ
ਲੋਅ 'ਚੋਂ ਲੋਅ ਵਾਂਗ ਲੰਘਦੀ ਹੈ !!!

## ਸੰਪੂਰਨਤਾ ਦੀ ਤਲਾਸ਼

ਹੁਣ ਵਿਚ ਭਲ਼ਕ ਦਾ ਚਿਹਰਾ ਦਿਸਦਾ
ਹੁਣ ਵਿਚ ਨੇ ਕਲ੍ਹ ਦੇ ਪਰਛਾਵੇਂ
ਇਹ ਉਹ ਘੜੀ ਤੇ ਇਹ ਉਹ ਸੰਗਮ
ਪਹੁੰਚਣ ਟਾਵੇਂ ਟਾਵੇਂ

ਬੀਤ ਰਹੇ ਵਿਚ ਕੁਝ ਅਣਬੀਤਿਆ
ਅਣਬੀਤੇ ਕੁਝ ਬੀਤ ਰਿਹਾ
ਬੀਅ, ਬੂਟਾ ਤੇ ਫੁੱਲ, ਫਲ਼ ਸੂਤਰ
ਜੀਵਨ ਬਣ ਗਿਆ ਭਾਵੇਂ

ਉੱਤਰੀ ਧਰੁਵ 'ਤੇ ਜੰਮਿਆ ਪਾਣੀ
ਏਥੇ ਵਸਦਾ ਮੋਹਲ਼ੇਧਾਰ
ਭਾਫਾਂ, ਬੱਦਲ਼ ਅਤੇ ਸੁਨਾਮੀ
ਪਾਣੀ ਦੇ ਹੀ ਨਾਮ ਨੇ ਸਾਵੇਂ

ਫੁੱਲ ਤੇ ਸੂਲ਼ਾਂ ਅਰਥ ਨੇ ਵੱਖਰੇ
'ਕੱਠੀਆਂ ਪਰ ਬਹਾਰਾਂ
ਮੌਸਮ ਆਵਣ ਜਾਵਣ ਏਥੇ
ਸਮਾਂ ਨਿਰੰਤਰ ਥਿਰ ਹਰ ਥਾਵੇਂ

ਸੂਰਜ ਦੇ ਨਾਲ ਸੂਰਜ ਬਣੀਏਂ
ਚੰਦ ਸਿਤਾਰੇ ਅੱਖਾਂ ਦੇ ਵਿਚ
ਪਿੰਡ ਵਿਚ ਹੀ ਬ੍ਰਹਿਮੰਡ ਭੋਗੀਏ
ਬੈਠੀਏ ਆਪਣੀ ਛਾਵੇਂ

ਮਿਸਰ, ਹੜੱਪਾ ਪੁਸਤਕਾਂ ਦੇ ਵਿਚ
ਧੜਕ ਪਏ ਰੰਗ ਸਾਰੇ
ਬੀਤ ਬੀਤ ਕੇ ਅਸੀਂ ਵੀ ਝੜੀਏ
ਥਾਵੇਂ ਹੋਣ ਨਿਥਾਵੇਂ

ਵਕਤ ਕਦੇ ਪੈਦਲ ਚੱਲਦਾ ਸੀ
ਥਿਰ ਨੇ ਸੂਰਜ ਬ੍ਰਹਿਮੰਡ ਤਾਰੇ
ਕੰਪਿਊਟਰ ਵਿਚ ਸਿਮਟੇ ਹੁਣ ਸਭ
ਬਦਲੇ ਮੁੱਲ ਵਿਧਾਨ ਨੇ ਭਾਵੇਂ

ਹੁਣ, ਕਲ੍ਹ, ਭਲ਼ਕ ਤਾਂ ਫਰਜ਼ੀ ਲੀਕਾਂ
ਵੰਡੀਆਂ ਜਾਣ ਨਾ ਪੌਣਾਂ
ਮਹਿਕਾਂ ਤੇ ਫੁੱਲਾਂ ਦੀ ਯਾਰੀ
ਸਾਹ ਨਜ਼ਰ ਵਿਚ ਸਿਮਟੇ ਭਾਵੇਂ

ਆਪੇ ਹਵਾ, ਉਡਾਰੀ ਆਪੇ
ਆਪਣੇ ਹੀ ਵਿਰੋਧ 'ਚ ਉੱਡੀਏ
ਉੱਚੇ ਤੋਂ ਉੱਚਾ ਉੱਠਣ ਲਈ
ਆਪਣੀ ਧੁੱਪ ਹੀ ਆਪਣੀ ਛਾਵੇਂ
ਕਿਸ ਦਾ ਸਾਥ ਵਿਰੋਧ ਕੇਸ ਦਾ
ਕਿਸ ਦਾ ਟੁੱਟਣਾ ਕਿਸ ਦਾ ਜੁੜਨਾ
ਆਪੇ 'ਚੋਂ ਸੰਪੂਰਨ ਆਪਾ
ਪਾਵਣ ਟਾਵੇਂ ਟਾਵੇਂ!!

## ਅਗਨੀ ਦੇ ਰੰਗ

ਸ਼ੀਸ਼ੇ ਉਠਾ ਕੇ ਤੁਰ ਪਏ, ਪੱਥਰਾਂ ਦੇ ਨਾਲ ਨਾਲ।
ਫੁੱਲ ਨਹੀਂ ਗੁਲਸ਼ਨ ਨਹੀਂ, ਕੰਡਿਆਂ ਦੇ ਨਾਲ ਨਾਲ।

ਟੁੱਟਣਾ ਅਸਾਡਾ ਕਰਮ ਹੈ, ਹੈ ਕੰਮ ਉਨ੍ਹਾਂ ਦਾ ਤੋੜਨਾ,
ਅਰਥਾਂ 'ਚ ਜੰਗ ਛਿੜ ਪਈ, ਸ਼ਬਦਾਂ ਦੇ ਨਾਲ ਨਾਲ।

ਸਾਗਰ ਵੀ ਹੈ ਪਾਣੀ ਵੀ ਹੈ, ਤੇ ਹਰ ਤਰਫ ਜਵਾਰ,
ਵੱਸਣ ਤੇ ਉੱਜੜਨ ਦੇ ਰਹੇ, ਦਸਤੂਰ ਨਾਲ ਨਾਲ।

ਬੱਦਲ਼ਾਂ 'ਚੋਂ ਬਰਸਣ ਸੱਤ ਰੰਗ, ਬੱਦਲ਼ਾਂ 'ਚੋਂ ਬਰਸਣ ਬਿਜਲੀਆਂ,
ਅਗਨੀ ਅਸਾਡੀ ਜਲ਼ ਰਹੀ, ਰੰਗਾਂ ਦੇ ਨਾਲ ਨਾਲ। 000

***(116-3530, Kalum Street, Terrace, B.C. CANADA V8G 2P2)***
***Email: ravinderravi37@gmail.com***
***Phone: +1-250-635-4455***

# ਲੱਛੂ ਪੰਡਿਤ: ਕਹਾਣੀ: ਗੁਰਮੀਤ ਕੜਿਆਲਵੀ

ਲੱਛੂ ਨੂੰ ਭਤੀਜੇ ਕੋਲ਼ ਆਇਆਂ ਚਾਰ ਦਿਨ ਹੋ ਗਏ ਸਨ। ਪ੍ਰਦੀਪ ਨੇ ਫੋਨ 'ਤੇ ਵਾਰ ਵਾਰ ਆਉਣ ਲਈ ਆਖਿਆ ਸੀ ਤੇ ਲੈ ਕੇ ਆਉਣ ਲਈ ਉਚੇਚਾ ਗੱਡੀ ਭੇਜੀ ਸੀ। ਬੁਲਾਇਆ ਤਾਂ ਉਸਨੇ ਪਹਿਲਾਂ ਵੀ ਕਈ ਵਾਰ ਸੀ ਪਰ ਲੱਛੂ ਹਰ ਵਾਰ ਕੋਈ ਨਾ ਕੋਈ ਬਹਾਨਾ ਲਾ ਕੇ ਟਾਲ਼ ਦਿੰਦਾ ਰਿਹਾ ਸੀ। ਇਸ ਵਾਰ ਉਹ ਨਾਂਹ ਨਹੀਂ ਸੀ ਕਰ ਸਕਿਆ। ਪ੍ਰਦੀਪ ਨੇ ਆਪਣੇ ਬਾਪ ਪੰਡਿਤ ਦਿਆਲ ਚੰਦ ਦੀ ਬਰਸੀ ਵਾਲੇ ਦਿਨ ਸਮਾਗਮ ਕਰਨਾ ਸੀ। ਨਾਲ ਦੇ ਜੰਮੇ ਭਰਾ ਦੀ ਯਾਦ 'ਚ ਰੱਖੇ ਸਮਾਗਮ ਕਰਕੇ ਲੱਛੂ ਚਾਹੁੰਦਾ ਹੋਇਆ ਵੀ ਨਾਂਹ ਨਹੀਂ ਸੀ ਕਰ ਸਕਿਆ।

ਲੱਛੂ ਨੇ ਸੋਫੇ 'ਤੇ ਆਪਣੇ ਸੱਜੇ ਖੱਬੇ ਬੈਠੇ ਦੁੱਧ ਚਿੱਟੇ ਲੀੜਿਆਂ ਵਾਲੇ ਬੰਦਿਆਂ ਵੱਲ ਵੇਖਦਿਆਂ ਆਪਣੀਆਂ ਵਿਰਲੀਆਂ ਹੋ ਚੁੱਕੀਆਂ ਬੋਦੀਆਂ 'ਚ ਹੱਥ ਮਾਰਿਆ। ਖੱਬੇ ਹੱਥ ਨਾਲ ਦਾਹੜੀ 'ਚੋਂ ਇਕ ਇਕ ਕਰਕੇ ਦੋ ਤਿੰਨ ਵਾਲ਼ ਪੱਟੇ। ਵਾਰ ਵਾਰ ਹੋ ਰਹੀ ਅਨਾਊਂਸਮੈਂਟ ਉਸਦੇ ਕੰਨਾਂ 'ਚ ਜਲੂਣ ਛੇੜ ਰਹੀ ਸੀ।

"ਅਸੀਂ ਬੜੇ ਮਸ਼ਕੂਰ ਹਾਂ ਕਿ ਅੱਜ ਸਾਡੇ ਦਰਮਿਆਨ ਮਾਨਿਆਵਰ ਏ ਡੀ ਸੀ ਸਾਹਿਬ, ਨਗਰ ਕੌਂਸਲ ਦੇ ਪ੍ਰਧਾਨ ਜੈਨ ਸਾਹਿਬ ਅਤੇ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਨੇ। ਤੁਸੀਂ ਸਾਰੇ ਜਾਣਦੇ ਹੀ ਓਂ ਕਿ ਸਾਡੇ ਬਹੁਤ ਰਿਸਪੈੱਕਟਡ ਪੀ ਕੇ ਸ਼ਰਮਾ ਜੀ ਆਪਣੇ ਫਾਦਰ ਸਵਰਗੀ ਪੰਡਿਤ ਦਿਆਲ ਚੰਦ ਸ਼ਰਮਾ ਜੀ ਦੀ ਯਾਦ 'ਚ ਹਰ ਸਾਲ ਸ਼ਹਿਰ ਅਤੇ ਇਲਾਕੇ ਦੇ ਗ਼ਰੀਬ ਲੋਕਾਂ ਨੂੰ ਗਰਮ ਕੰਬਲ ਅਤੇ ਰਾਸ਼ਨ ਡਿਸਟਰੀਬਿਊਟ ਕਰਦੇ ਹੈਨ। ਸਾਡੇ ਲਈ ਹੋਰ ਵੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਰਿਸਪੈੱਕਟਡ ਪੀ ਕੇ ਸ਼ਰਮਾ ਜੀ ਦੇ ਰਿਸਪੈੱਕਟਡ ਅੰਕਲ ਜੀ, ਆਈ ਮੀਨ ਫਾਦਰ ਜੀ ਦੇ ਵੱਡੇ ਭਰਾਤਾ ਜੀ, ਸ੍ਰੀਮਾਨ ਪੰਡਿਤ ਐੱਲ ਕੇ ਸ਼ਰਮਾ ਜੀ ਸਾਡੇ 'ਚ ਮੌਜੂਦ ਨੇ, ਜੋ ਕਿ ਆਪਣੇ ਕਰ ਕਮਲਾਂ ਨਾਲ ਲੋੜਵੰਦ ਗ਼ਰੀਬਾਂ ਨੂੰ ਕੰਬਲ਼ ਤੇ ਅਨਾਜ ਅਵੰਟਨ ਕਰਨਗੇ।"

ਸਟੇਜ ਸਕੱਤਰ ਦੀ ਆਵਾਜ਼ ਨਾਲ ਪੰਡਾਲ 'ਚ ਬੈਠੇ ਸੈਂਕੜੇ ਲੋਕਾਂ ਨੇ ਵੰਡਣ ਲਈ ਪੰਡਾਲ ਦੇ ਇਕ ਖੂੰਜੇ ਰੱਖੇ ਕੰਬਲ਼ਾਂ ਦੇ ਢੇਰ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਖਦਿਆਂ ਜ਼ੋਰ-ਸ਼ੋਰ ਨਾਲ ਤਾੜੀਆਂ ਮਾਰੀਆਂ। ਸਕੱਤਰ ਦੀ ਆਵਾਜ਼ ਕਿੰਨਾ ਚਿਰ ਲੱਛੂ ਦੇ ਕੰਨਾਂ 'ਚ ਸੁਰੜ-ਸੁਰੜ ਕਰਦੀ ਰਹੀ।

"ਇਹ ਪੀ ਕੇ ਸ਼ਰਮਾ ਤੇ ਐਲ ਕੇ ਸ਼ਰਮਾ ਕੀ ਇੱਲ ਬਲਾ ਹੋਏ ?" ਲੱਛੂ ਨੇ ਸੋਫੇ 'ਤੇ ਬੈਠਿਆਂ ਇਧਰ ਓਧਰ ਉਸਲਵੱਟੇ ਲਏ। "ਅਵੰਟਨ" ਸ਼ਬਦ ਵੀ ਉਸਨੇ ਪਹਿਲੀ ਵਾਰ ਸੁਣਿਆ ਸੀ ਜਿਹੜਾ ਉਸਦੇ ਸੰਘ 'ਚ ਫਸ ਕੇ ਕੁਰਕਰੀ ਕਰਨ ਲੱਗਿਆ।

"ਮੈਂ ਹੁਣ ਸਾਡੇ ਹਰਮਨ ਪਿਆਰੇ ਜਨਾਬ ਪੀ ਕੇ ਸ਼ਰਮਾ ਜੀ ਨੂੰ ਆਮੰਤਰਿਤ ਕਰੂੰਗਾ ਕਿ ਡਾਇਸ 'ਤੇ ਆਉਣ ਅਤੇ ਆਏ ਹੋਏ ਸਾਰੇ ਅਤਿਥੀ ਗਣ ਦਾ ਵੈਲਕਮ ਕਰਨ। ਜਨਾਬ ਪੀ ਕੇ ਸ਼ਰਮਾ ਜੀ।"

ਮਾਈਕ ਦੀ ਈਕੋ ਨਾਲ 'ਪੀ ਕੇ ਸ਼ਰਮਾ—ਪੀ ਕੇ ਸ਼ਰਮਾ' ਦੀ ਆਵਾਜ਼ ਸ਼ਾਨਦਾਰ ਸ਼ਾਮਿਆਨੇ ਦੇ ਪਰਦਿਆਂ ਨਾਲ ਟਕਰਾ ਕੇ ਏਧਰ ਓਧਰ ਘੁੰਮਦੀ ਲੱਛੂ ਦੇ ਕੰਨਾਂ ਨਾਲ ਖਹਿੰਦੀ ਰਹੀ।

"ਰਿਸਪੈੱਕਟਡ ਏ ਡੀ ਸੀ ਸਰ--!" ਪ੍ਰਦੀਪ ਨੂੰ ਮਾਈਕ ਅੱਗੇ ਬੋਲਦਿਆਂ ਵੇਖ ਸਾਰੀ ਕਹਾਣੀ ਲੱਛੂ ਦੇ ਗੇੜ 'ਚ ਆਈ ਕਿ ਭਰਾ ਦੇ ਪੋਤਰੇ ਪ੍ਰਦੀਪ ਨੂੰ ਹੀ ਪੀ ਕੇ ਸ਼ਰਮਾ ਆਖਿਆ ਜਾ ਰਿਹਾ ਹੈ। ਉਸਨੂੰ ਇਹ ਸਮਝਦਿਆਂ ਵੀ ਦੇਰ ਨਾ ਲੱਗੀ ਕਿ ਐਲ ਕੇ ਸ਼ਰਮਾ ਵੀ ਕੋਈ ਹੋਰ ਇੱਲ ਬਲਾ ਨਹੀਂ, ਸਟੇਜ 'ਤੇ ਸੁੰਗੜਿਆ ਬੈਠਾ 'ਲੱਛੂ ਪੰਡਿਤ' ਹੀ ਹੈ।

-ਯੱਦੇ ਐਲ ਕੇ ਸ਼ਰਮਾ ਦੇ---ਸਾਲਿਓ ਸਿੱਧਾ ਕਹੋ 'ਟਾਂਗੇ ਵਾਲਾ ਲੱਛੂ ਪੰਡਿਤ'। ਕੀ ਸਵੇਰ

ਦੀ ਐੱਲ ਕੇ-ਐੱਲ ਕੇ ਲਾਈ ਐ। ਚਿਰੰਜੀ ਪੰਡਿਤ ਦੇ ਕਹਿਣ ਵਾਂਗੂੰ-ਨਾਂ ਬਦਲਣ ਨਾਲ ਕਰਤੂਤ ਤਾਂ ਨ੍ਹੀ ਬਦਲਦੀ। ਲੱਖ ਐੱਲ ਕੁੱਕੜ ਆਖੀ ਜਾਓ, ਰਹਿਣਾ ਤਾਂ ਮੈਂ ਟਾਂਗੇ ਵਾਲਾ ਲੱਛੂ ਪੰਡਿਤ ਹੀ ਐ।" ਲੱਛੂ ਨੇ ਮਨ ਹੀ ਮਨ ਸਟੇਜ ਸਕੱਤਰ ਸਮੇਤ ਸਟੇਜ 'ਤੇ ਬੈਠੇ ਹੋਰ ਲੋਕਾਂ ਨੂੰ ਮੋਟੀ ਸਾਰੀ ਗਾਲ੍ਹ ਕੱਢੀ।

ਸਮਾਂ ਟਾਂਗੇ ਵਾਲੇ ਲੱਛੂ ਪੰਡਿਤ ਦੀਆਂ ਅੱਖਾਂ 'ਚ 'ਐੱਲ ਕੇ ਸ਼ਰਮਾ' ਬਣਕੇ ਠਹਿਰ ਗਿਆ। ਜਦੋਂ ਉਹ ਚਿਰੰਜੀ ਜੀਵਨ ਦੇ ਘਰ ਜੰਮਿਆ ਸੀ, ਉਦੋਂ ਉਸਦਾ ਨਾਂ ਬੜੀ ਰੀਝ ਨਾਲ ਲਛਮਣ ਕੁਮਾਰ ਰੱਖਿਆ ਸੀ। ਪ੍ਰਾਇਮਰੀ ਸਕੂਲ ਨੂੰ ਪਿੰਡ ਵਾਲੇ 'ਨਿੱਕਾ ਸਕੂਲ' ਆਖਦੇ। ਇਸ ਨਿੱਕੇ ਸਕੂਲ 'ਚ ਚਾਰ ਜਮਾਤਾਂ ਪੜ੍ਹਨ ਤਕ ਉਹ 'ਲਛਮਣ' ਹੀ ਰਿਹਾ ਸੀ। ਬੋਦੇ ਵਾਲਾ ਮਾਸਟਰ ਹਾਜ਼ਰੀ ਰਜਿਸਟਰ 'ਚ ਅੱਖਾਂ ਗੱਡੀ 'ਲਛਮਣ ਕੁਮਾਰ' ਬੋਲਦਾ ਤਾਂ ਜੁਆਬ 'ਚ ਉਹ 'ਹਾਜ਼ਰ ਜੀ' ਆਖਦਾ। ਹਾਜ਼ਰੀ ਤੋਂ ਤੁਰੰਤ ਬਾਅਦ ਉਹ ਬੋਦੇ ਵਾਲੇ ਅੜਬ ਮਾਸਟਰ ਤੇ ਬਾਕੀ ਸਕੂਲੀ ਸਾਥੀਆਂ ਲਈ 'ਲੱਛੂ' ਹੋ ਜਾਂਦਾ। ਸਕੂਲੋਂ ਬਾਹਰ ਵੀ ਕਿਸੇ ਨੇ ਕਦੇ 'ਲਛਮਣ ਕੁਮਾਰ' ਜਾਂ ਲਛਮਣ ਕਿਹਾ ਹੋਵੇ, ਉਸਨੂੰ ਯਾਦ ਨਹੀਂ ਸੀ। ਫਿਰ ਜਦੋਂ ਉਸਨੇ ਛੜੇ ਤਾਏ ਚਿਰੰਜੀ ਦੇ ਘੋੜੇ ਦੀਆਂ ਲਗਾਮਾਂ ਸੰਭਾਲ਼ ਕੇ ਟਾਂਗਾ ਵਾਹੁਣਾ ਸ਼ੁਰੂ ਕੀਤਾ ਸੀ ਤਾਂ ਲੱਛੂ ਤੋਂ 'ਟਾਂਗੇ ਵਾਲਾ ਲੱਛੂ ਪੰਡਿਤ' ਹੋ ਗਿਆ ਸੀ। ਪੰਡਿਤ ਜੀਵਨ ਕੁਮਾਰ ਪੁੱਤ ਦੇ ਸਕੂਲੋਂ ਭੱਜ ਆਉਣ 'ਤੇ ਔਖਾ ਸੀ। ਉਸਨੇ ਆਖਿਆ ਸੀ, "ਕਾਕਾ ਜੀ, ਲੋਕ ਵੀ ਕੁਛ ਵੇਖ ਕੇ ਈ ਟਿੱਕਾ ਲਾਉਂਦੇ। ਜਿਐ ਜਿਆ ਮੂੰਹ—ਉਹੋ ਜਿਈ ਚਪੇੜ ਮਾਰ ਦਿੰਦੇ। ਮੇਰੀ ਗੱਲ ਯਾਦ ਰੱਖੀਂ ਹੁਣ ਸਾਰੀ ਉਮਰ 'ਲੱਛੂ ਟਾਂਗੇ ਵਾਲਾ' ਈ ਰਹੇਂਗਾ।"

ਪਤਾ ਨਹੀਂ ਕਿੰਨੇ ਕੁ ਦਿਵਾਲੀਆਂ ਤੇ ਦੁਸਹਿਰੇ ਲੰਘੇ ਪਰ ਲੱਛੂ ਨੂੰ ਅਜੇ ਕੱਲ੍ਹ ਵਾਂਗ ਯਾਦ ਹੈ ਕਿ ਉਸਦਾ ਘੋੜਾ ਮੰਡੀ ਤੋਂ ਪਿੰਡ ਵਾਲੀ ਪਹੀ 'ਤੇ ਸਰਪਟ ਦੌੜਦਾ ਹੁੰਦਾ ਸੀ। ਵਰ੍ਹਿਆਂ ਦੇ ਵਰ੍ਹੇ ਇਹ ਪਹੀ ਕੱਚੀ ਹੀ ਰਹੀ। ਮੀਂਹ ਕਣੀ ਦੇ ਦਿਨਾਂ 'ਚ ਥਾਂ ਥਾਂ ਚਰਗਲ ਵੱਜ ਜਾਂਦਾ। ਲੋਕਾਂ ਦੇ ਗੱਡਿਆਂ ਵਾਂਗ ਲੱਛੂ ਦਾ ਟਾਂਗਾ ਵੀ ਚਰਗਲ 'ਚ ਫਸ ਜਾਂਦਾ। ਉਦੋਂ ਟਾਂਗੇ ਦੇ ਬੰਬ 'ਤੇ ਬੈਠੇ ਲੱਛੂ ਨੂੰ ਥੱਲੇ ਉੱਤਰ ਕੇ ਦੋਵਾਂ ਹੱਥਾਂ ਨਾਲ ਟਾਂਗੇ ਦਾ ਪਹੀਆ ਘੁੰਮਾਉਣਾ ਪੈਂਦਾ ਜਿਸਨੂੰ ਪਿੰਡਾਂ ਵਾਲੇ 'ਪਹੀਆ ਮਾਰਨਾ' ਆਖਦੇ। ਉਹ ਘੋੜੇ ਨੂੰ ਪੁੱਚ ਪੁੱਚ ਕਰਦਿਆਂ ਜ਼ੋਰ ਲਾਉਣ ਲਈ ਸ਼ਿਸ਼ਕੇਰਦਾ। ਹੱਲਾਸ਼ੇਰੀ 'ਚ ਆਇਆ ਘੋੜਾ ਵੀ 'ਹੁਅਰ—ਹੁਅਰ' ਕਰਦਿਆਂ ਧੁਰਲੀਆਂ ਜਿਹੀਆਂ ਮਾਰਦਾ ਤੇ ਟਾਂਗੇ ਨੂੰ ਗੱਭ 'ਚੋਂ ਬਾਹਰ ਕੱਢ ਲਿਜਾਂਦਾ। ਲੱਛੂ ਦਾ ਦਿਲ ਬਾਘੀਆਂ ਪਾਉਣ ਲੱਗਦਾ। ਉਹ ਘੋੜੇ ਨੂੰ ਸ਼ਾਬਾਸ਼ ਦਿੰਦਾ, "ਉਏ ਨਹੀਂ ਰੀਸਾਂ ਤੇਰੀਆਂ ਲੱਛੂ ਦਿਆ ਪੁੱਤਰਾ।"

ਪਹੀ 'ਤੇ ਮੀਂਹ ਕਣੀ ਦੇ ਦਿਨਾਂ 'ਚ ਵੱਜਦਾ ਚਰਗਲ ਜ਼ਿਆਦਾ ਦਿਨ ਤਕ ਨਹੀਂ ਸੀ ਰਿਹਾ। ਵੋਟਾਂ ਦੇ ਦਿਨਾਂ 'ਚ ਐੱਮ ਐੱਲ ਏ ਹੱਥ ਬੰਨ੍ਹੀ ਵੋਟਾਂ ਮੰਗਣ ਆਇਆ। ਉਸਦੇ ਜੁੜੇ ਹੱਥਾਂ ਵੱਲ ਵੇਖਦਿਆਂ ਪਿੰਡ ਵਾਲਿਆਂ ਨੇ ਪਿੰਡ ਤੋਂ ਮੰਡੀ ਤਕ ਪੱਕੀ ਸੜਕ ਬਣਾਉਣ ਦੀ ਮੰਗ ਰੱਖ ਦਿੱਤੀ। ਨੇਤਾ ਦੀ ਬੇੜੀ ਵੋਟਾਂ ਵਾਲੇ ਭੰਵਰ 'ਚੋਂ ਪਾਰ ਲੰਘੀ ਤਾਂ ਉਹ ਸਰਕਾਰ 'ਚ ਛੋਟਾ ਵਜ਼ੀਰ ਬਣ ਗਿਆ। ਲੱਛੂ ਦਾ ਟਾਂਗਾ ਪੱਕੀ ਸੜਕੇ ਚੱਲਣ ਲੱਗਾ। ਲੁੱਕ ਬਜਰੀ ਵਾਲੀ ਪੱਕੀ ਸੜਕ 'ਤੇ ਘੋੜੇ ਦੇ ਪੌੜਾਂ ਦੀ ਟੱਪ ਟੱਪ ਵੱਖਰੀ ਤਰ੍ਹਾਂ ਦਾ ਸੰਗੀਤ ਪੈਦਾ ਕਰਨ ਲੱਗੀ। ਸਵਾਰੀਆਂ ਲੱਛੂ ਪੰਡਿਤ ਦੇ ਘੋੜੇ ਦੀ ਚੁਸਤੀ ਫੁਰਤੀ ਦੇ ਨਾਲ ਨਾਲ ਮੰਤਰੀ ਜੀ ਦੀਆਂ ਵੀ ਸਿਫਤਾਂ ਕਰਨ ਲੱਗੀਆਂ, "ਸੜਕ ਤਾਂ ਲੱਛੂ ਪੰਡਿਤ ਦੇ ਘੋੜੇ ਦੇ ਪਿੰਡੇ ਵਰਗੀ ਚਿਲਕਮੀ ਐ।"

"ਮੈਂ ਹੁਣ ਬੜੀ ਵਿਨਮਰਿਤਾ ਸੇ ਆਗਰਹਿ ਕਰੂੰਗਾ ਕਿ ਨਗਰ ਕੌਂਸਲ ਦੇ ਪ੍ਰਧਾਨ ਜੈਨ ਸਾਹਿਬ ਡਾਇਸ 'ਤੇ ਆਉਣ ਤੇ ਆਪਣਾ ਸੰਦੇਸ਼ ਸਾਡੇ ਨਾਲ ਸਾਂਝਾ ਕਰਨ।" ਘੁੱਟਵੀਂ ਜੈੱਕਟ ਵਾਲੇ ਬਾਬੂ ਦੀ ਆਵਾਜ਼ ਨਾਲ ਲੱਛੂ ਯਾਦਾਂ 'ਚੋਂ ਬਾਹਰ ਆਇਆ। ਉਸਨੇ ਔਖਾ ਜਿਆ ਹੋ ਕੇ ਬਾਬੂ ਵੱਲ ਵੇਖਿਆ ਜੋ ਪਤਾ ਨਹੀਂ ਕਿਹੜੀ ਭਾਸ਼ਾ ਬੋਲ ਰਿਹਾ ਸੀ ਜਿਹੜੀ ਉਸਦੀ ਸਮਝ 'ਚ ਹੀ ਨਹੀਂ

ਸੀ ਆ ਰਹੀ। ਬਾਬੂ ਦੇ ਸੱਦਾ ਦੇਣ 'ਤੇ ਵੱਡੇ ਗੋਲ਼ ਢਿੱਡ ਵਾਲਾ ਬੰਦਾ ਉੱਠ ਕੇ ਮਾਈਕ ਵੱਲ ਤੁਰ ਗਿਆ। ਲੱਛੂ ਨੂੰ ਮਹਿਸੂਸ ਹੋਇਆ ਜਿਵੇਂ ਜੈਨ ਦੇ ਉੱਠਕੇ ਜਾਣ ਨਾਲ ਸੋਫੇ ਨੂੰ ਸੁੱਖ ਦਾ ਸਾਹ ਆਇਆ ਹੋਵੇ।

"ਬੰਦੇ ਐਨੇ ਚੌੜੇ ਕਿਵੇਂ ਹੋ ਜਾਂਦੇ ਐ?" ਲੱਛੂ ਨੇ ਮਨ ਹੀ ਮਨ ਆਪਣੇ ਆਪ ਨੂੰ ਸਵਾਲ ਕੀਤਾ ਤੇ ਫਿਰ ਆਪ ਹੀ ਜਵਾਬ ਦੇ ਦਿੱਤਾ, "ਹਲਾਲ ਦਾ ਅੰਨ ਖਾ ਕੇ ਤਾਂ ਕੋਈ ਬੰਦਾ ਐਨਾ ਚੌੜਾ ਨ੍ਹੀ ਹੋ ਸਕਦਾ।"

"ਮੈਨੂੰ ਅੱਜ ਬੜਾ ਮਾਣ ਮਹਿਸੂਸ ਹੋ ਰਿਹਾ ਕਿ ਮੈਂ ਆਪਣੇ ਛੋਟੇ ਭਰਾ ਪੀ ਕੇ ਸ਼ਰਮਾ ਜੀ ਵੱਲੋਂ ਆਪਣੇ ਬਜ਼ੁਰਗਾਂ ਦੀ ਯਾਦ 'ਚ ਰੱਖੇ ਸਮਾਗਮ 'ਚ ਸ਼ਾਮਿਲ ਹੋਇਆ ਹਾਂ। ਇਸਤੋਂ ਵੀ ਵੱਧ ਖੁਸ਼ੀ ਦੀ ਗੱਲ ਹੈ ਕਿ ਸ਼ਰਮਾ ਜੀ ਦੇ ਤਾਇਆ ਜੀ ਜੋ ਕਿ ਸਾਡੇ ਸਾਰਿਆਂ ਦੇ ਹੀ ਰਿਸਪੈੱਕਟਡ ਅੰਕਲ ਜੀ ਨੇ, ਪੰਡਿਤ ਐੱਲ ਕੇ ਸ਼ਰਮਾ ਜੀ ਸਾਡੇ 'ਚ ਬਿਰਾਜਮਾਨ ਨੇ।"

ਲੱਛੂ ਨੇ ਟੇਢੀ ਅੱਖ ਨਾਲ ਬੋਲ ਰਹੇ ਜੈਨ ਵੱਲ ਵੇਖਿਆ, ਉਸਦੀ ਮੋਟੀ ਗੋਗੜ ਬੜੀ ਤੇਜ਼ੀ ਨਾਲ ਉੱਪਰ ਥੱਲੇ ਹੋ ਰਹੀ ਸੀ। ਬੋਲਦਿਆਂ ਬੋਲਦਿਆਂ ਉਹ ਹਫ਼ ਗਿਆ ਸੀ। ਲੱਛੂ ਦਾ ਜੀਅ ਕੀਤਾ ਉਸਨੂੰ ਬਾਹੋਂ ਫੜ ਕੇ ਸੋਫੇ 'ਤੇ ਲਿਆ ਬਹਾਵੇ, "ਬਹਿਜਾ ਉਏ ਲਾਲ਼ਾ। ਸਾਹ ਲੈ ਲਾ। ਹੋਰ ਨਾ ਕਿਤੇ ਭੜਾਕਾ ਪੈਜੇ। ਐਵੇਂ ਹਵਾ ਭਰੀ ਜਾਨੈ। ਚਿਰੰਜੀ ਪੰਡਿਤ ਦੇ ਕਹਿਣ ਵਾਂਗੂੰ-ਬੰਦੇ 'ਚ ਐਨੀ ਹਵਾ ਨ੍ਹੀ ਭਰਨੀ ਚਾਈਦੀ ਵ੍ਹੀ ਭਕਾਨੇ ਆਂਗੂੰ ਫੁੱਲ ਕੇ ਪਟਾਕਾ ਈ ਪੈਜੇ। ਸਹਿੰਦਾ ਸਹਿੰਦਾ ਈ ਕੰਮ ਰੱਖਣਾ ਚਾਈਦਾ।" ਉਸ ਨੇ ਪੰਡਾਲ ਵੱਲ ਵੇਖਿਆ, ਭਾਸ਼ਣ ਸੁਣ ਸੁਣ ਕੇ ਅੱਕੇ ਪਏ ਗ਼ਰੀਬ ਬੁੜ੍ਹੀਆਂ ਬੰਦੇ ਉੱਸਲਵੱਟੇ ਲਈ ਜਾਂਦੇ ਸਨ। ਉਹ ਆਪਣੇ ਆਪ ਨੂੰ ਨੱਪ ਘੁੱਟ ਕੇ ਬੈਠਾ ਰਿਹਾ।

"ਪੰਡਿਤ ਪੀ ਕੇ ਸ਼ਰਮਾ ਜੀ ਦਾ ਅੱਜ ਦੂਰ ਦੂਰ ਤਕ ਨਾਂ ਹੈ। ਖਾਸ ਕਰ ਰਾਈਸ ਮਿਲਜ਼ ਇੰਡਸਟਰੀ ਦੇ ਖੇਤਰ 'ਚ ਤਾਂ ਉਹਨਾਂ ਦੀ ਪੂਰੀ ਧਾਂਕ ਹੈ। ਬਿਜ਼ਨਸ ਤੇ ਇੰਡਸਟਰੀ ਦੇ ਫੀਲਡ 'ਚ ਉਹਨਾਂ ਦਾ ਨਾਂ ਬੜੇ ਸਨਮਾਨ ਨਾਲ ਲਿਆ ਜਾਂਦਾ। ਰਾਜਨੀਤਕ ਖੇਤਰ 'ਚ ਵੀ ਉਹਨਾਂ ਨੇ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ। ਅਜੇ ਤਾਂ ਇਹਨਾਂ ਨੇ ਬੜੀ ਦੂਰ ਤਕ ਜਾਣਾ ਹੈ। ਪਾਰਟੀ ਦੀ ਹਾਈ ਕਮਾਂਡ 'ਚ ਸ਼ਰਮਾ ਸਾਹਿਬ ਦਾ ਬੜਾ ਅਦਬ ਸਤਿਕਾਰ ਹੈ। ਸ਼ੈੱਲਰ ਐਸੋਸੀਏਸ਼ਨ ਦੇ ਪ੍ਰਧਾਨ ਹੋਣ ਦੇ ਨਾਤੇ ਸੀ ਐੱਮ ਸਾਹਿਬ ਤਕ ਸਿੱਧੀ ਅਪਰੋਚ ਹੈ।"

ਲੱਛੂ ਨੇ ਚੋਰ ਝਾਤੀ ਭਤੀਜੇ ਪ੍ਰਦੀਪ ਵੱਲ ਮਾਰੀ। ਜੈਨ ਵੱਲੋਂ ਕੀਤੀਆਂ ਤਾਰੀਫ਼ਾਂ ਸੁਣਕੇ ਉਹ ਚੌੜਾ ਹੋਈ ਜਾ ਰਿਹਾ ਸੀ। ਲੱਛੂ ਮਨ ਹੀ ਮਨ ਹੱਸਿਆ, "ਇਹ ਤਾਂ ਇਕ ਦੂਜੇ ਦਾ ਪਿੰਡਾ ਖੁਰਕਣ ਵਾਲੀ ਗੱਲ ਐ। ਅਖੇ ਮੈਂ ਤੈਨੂੰ ਮੌਲਵੀ ਕਹਿਨੈ ਤੂੰ ਮੈਨੂੰ ਪੰਡਿਤ ਆਖ। ਚਿਰੰਜੀ ਦੇ ਕਹਿਣ ਆਂਗੂੰ, ਮੂੰਹ 'ਤੇ ਕੀਤੀ ਵਡਿਆਈ-ਵਡਿਆਈ ਨ੍ਹੀ ਚਾਪਲੂਸੀ ਹੁੰਦੀ ਐ।"

ਲੱਛੂ ਨੂੰ ਲੱਗਾ ਜਿਵੇਂ ਉਲਟੀ ਆਉਣ ਲੱਗੀ ਹੋਵੇ। ਜੈਨ ਤੋਂ ਬਾਅਦ ਬੰਨ੍ਹੀ ਦਾੜ੍ਹੀ ਵਾਲੇ ਅਫਸਰ ਨੇ ਵੀ ਪ੍ਰਦੀਪ ਦੇ ਗੁੱਡੇ ਬੰਨ੍ਹ ਦਿੱਤੇ। ਲੱਛੂ ਨੂੰ ਪੰਡਾਲ 'ਚ ਬੈਠੇ ਗ਼ਰੀਬ ਗੁਰਬਿਆਂ 'ਤੇ ਤਰਸ ਆਇਆ। ਉਹਨਾਂ ਦੇ ਸੁੱਕੇ ਤੇ ਪਿਚਕੇ ਮੂੰਹ ਭੁੱਖ ਨਾਲ ਪੀਲ਼ੇ ਹੋਏ ਪਏ ਸਨ ਤੇ ਅੱਖਾਂ ਵਿਚ ਜੇਠ ਮਹੀਨੇ ਵਰਗੀ ਖੁਸ਼ਕੀ ਉੱਤਰੀ ਪਈ ਸੀ, ਜਿਵੇਂ ਵਰ੍ਹਿਆਂ ਤੋਂ ਬੱਦਲੀ ਛਿੱਟ ਕੁ ਵੀ ਨਾ ਵਰ੍ਹੀ ਹੋਵੇ। ਉਸਦਾ ਜੀਅ ਕੀਤਾ ਉਹਨਾਂ ਨੂੰ ਆਖੇ, "ਅੰਨ੍ਹੀ ਦਿਓ ਕਾਹਦੇ ਪਿੱਛੇ ਸਵੇਰ ਦੇ ਢਿੱਡ 'ਚ ਲੱਤਾਂ ਦੇਈ ਬੈਠੇ ਓਂ? ਚਲੋ ਆਪੋ ਚੱਕੋ ਢੇਰ 'ਚੋਂ ਕੰਬਲ਼ ਤੇ ਆਟੇ ਦਾਲ਼ ਵਾਲੀਆਂ ਥੈਲੀਆਂ ਤੇ ਲਾਅਜੋ ਚਿੱਤੜਾਂ ਨੂੰ ਅੱਡੀਆਂ। ਹੁਣ ਪੈਰ ਥੱਲੇ ਨਾ ਲਾਇਓ।"

'ਪੈਰ ਥੱਲੇ ਨਾ ਲਾਉਣ' ਵਾਲੀ ਗੱਲ ਦੇ ਦਿਮਾਗ਼ 'ਚ ਆਉਂਦਿਆਂ ਹੀ ਲੱਛੂ ਦਾ ਚਿਹਰਾ ਗੁਲਾਬ ਦੇ ਫੁੱਲ ਵਾਂਗੂੰ ਖਿੜ ਗਿਆ। ਉਸਨੂੰ ਆਪਣੇ ਅਤੇ ਆਪਣੇ ਘੋੜੇ ਬਾਰੇ ਲੋਕਾਂ ਵੱਲੋਂ ਆਖੀਆਂ ਜਾਂਦੀਆਂ ਰਹੀਆਂ ਗੱਲਾਂ ਚੇਤੇ ਆਈਆਂ। ਉਸਦੀ ਛੋਹਲੀ ਤੋਰ ਕਰਕੇ ਲੋਕ ਆਖਦੇ, "ਨਾ ਲੱਛੂ

ਪੈਰ ਥੱਲੇ ਲਾਉਂਦਾ—ਨਾ ਇਹਦਾ ਘੋੜਾ। ਦੋਵੇਂ ਹਵਾ 'ਚ ਈ ਪੈਰ ਰੱਖਦੇ ਆ।"

"ਪੈਰ ਤਾਂ ਪੈਰ-ਲੱਛੂ ਦਾ ਘੋੜਾ ਤਾਂ ਪੂਛ ਵੀ ਕਾਹਲ਼ੀ ਕਾਹਲ਼ੀ ਹਿਲਾਉਂਦਾ। ਮਜਾਲ ਕੀ ਪਿੰਡੇ 'ਤੇ ਮੱਖੀ ਵੀ ਬਹਿਣ ਦੇਜੇ।" ਕੋਈ ਹੋਰ ਆਖਦਾ।

ਲੱਛੂ ਉਹਨਾਂ ਭਲੇ ਦਿਨਾਂ ਨੂੰ ਚੇਤੇ ਕਰਨ ਲੱਗਾ ਜਿੰਨ੍ਹਾਂ ਦਿਨਾਂ 'ਚ ਉਹ ਆਪਣੇ ਬਾਪ ਦੀਆਂ ਗਾਹਲ਼ਾਂ ਖਾ ਕੇ ਛੜੇ ਤਾਏ ਚਿਰੰਜੀ ਕੋਲ਼ ਚਲਾ ਜਾਂਦਾ ਤੇ ਸਾਰੀ ਦਿਹਾੜੀ ਉਸਦੇ ਘੋੜੇ ਦੇ ਖੁਰ ਧੋਂਦਾ, ਪਿੰਡੇ 'ਤੇ ਖਰਖਰਾ ਕਰਦਾ ਤੇ ਘਾਹ ਖੋਤ ਕੇ ਲਿਆਉਂਦਾ। ਵੱਡਾ ਭਰਾ ਗੋਪਾਲ ਬਾਪ ਨਾਲ ਹੱਟੀ 'ਤੇ ਬਹਿਣ ਲੱਗਾ ਸੀ ਤੇ ਇਸੇ ਹੱਟੀ ਆਸਰੇ ਵਿਆਹਿਆ ਗਿਆ। ਬਿਮਲਾ ਨੇ ਇਕ ਇਕ ਸਾਲ ਦੇ ਫਰਕ ਨਾਲ ਤਿੰਨ ਨਿਆਣੇ ਜੰਮ ਦਿੱਤੇ ਸਨ। ਬਿਮਲਾ ਨੂੰ ਘਰਵਾਲੇ ਦੀ ਕਮਾਈ ਸਾਂਝੇ ਘਰ 'ਚ ਖੱਖਰ ਭੱਖਰ ਹੋ ਜਾਣ ਦਾ ਝੋਰਾ ਲੱਗਾ ਰਹਿੰਦਾ। ਬਿਮਲਾ ਨੂੰ ਘਰ ਦਾ ਵਿਹੜਾ ਵੀ ਭੀੜਾ ਭੀੜਾ ਲੱਗਣ ਲੱਗਾ। ਗੋਪਾਲ ਜੀਆ-ਜੰਤ ਨੂੰ ਲੈ ਕੇ ਸਾਂਝੇ ਪਰਿਵਾਰ ਨਾਲੋਂ ਅੱਡ ਹੋ ਗਿਆ। ਜੁਆਕ ਪਿੰਡ ਦੇ ਨਿੱਕੇ ਸਕੂਲ 'ਚ ਪੜ੍ਹਨ ਲਾ ਦਿੱਤੇ ਸਨ। ਸੱਥ 'ਚ ਬੈਠਿਆਂ ਗੋਪਾਲ ਦੇ ਅੱਡ ਹੋਣ ਦੀ ਗੱਲ ਚੱਲਦੀ ਤਾਂ ਜੀਵਨ ਕੁਮਾਰ "ਜੀਹਦੇ ਹੋਣਗੇ-ਉਹਦੇ ਈ ਅੱਡ-ਵਿੱਢ ਹੋਣਗੇ" ਆਖਦਿਆਂ ਚੁੱਪ ਕਰ ਜਾਂਦਾ।

ਜਦੋਂ ਤਕ ਲੱਛੂ, ਤਾਏ ਚਿਰੰਜੀ ਦੀ ਥਾਂ ਟਾਂਗਾ ਲੈ ਕੇ ਸ਼ਹਿਰ ਜਾਣ ਆਉਣ ਲੱਗਾ, ਲੱਛੂ ਤੋਂ ਛੋਟਾ ਦਿਆਲ ਪਿੰਡ 'ਚ ਬਣ ਚੁੱਕੇ ਹਾਈ ਸਕੂਲ, ਜਿਸ ਨੂੰ ਪਿੰਡ ਵਾਲੇ ਵੱਡਾ ਸਕੂਲ ਆਖਦੇ, 'ਚੋਂ ਦਸ ਜਮਾਤਾਂ ਪਾਸ ਕਰਕੇ ਮੰਡੀ 'ਚ ਲਾਲਾ ਧਨੀ ਰਾਮ ਬਾਂਸਲ ਦੀ ਆੜ੍ਹਤ 'ਤੇ ਮੁਨੀਮੀ ਕਰਨ ਜਾ ਲੱਗਾ ਸੀ। ਲੱਛੂ ਦਾ ਘੋੜਾ ਪਿੰਡ ਤੋਂ ਮੰਡੀ ਵੱਲ ਜਾਂਦੀ ਸੜਕ 'ਤੇ ਨੱਸੀ ਜਾਂਦਾ। ਉਸਦੇ ਭਰਾਵਾਂ ਦੀ ਕਬੀਲਦਾਰੀ ਵਾਲੀ ਗੱਡ ਵੀ ਸਿਰ ਪੈਰ ਨੱਸੀ ਜਾਂਦੀ। ਵੱਡੇ ਭਰਾ ਗੋਪਾਲ ਨੇ ਬਾਪ ਵਾਲੀ ਹੱਟੀ ਛੱਡ ਕੇ ਗਿੱਲ ਪੱਤੀ 'ਚ ਵੱਖਰੀ ਹੱਟੀ ਕਰ ਲਈ ਸੀ। 'ਗੋਪਾਲੇ ਪੰਡਿਤ ਦੀ ਹੱਟੀ' ਵਜੋਂ ਮਸ਼ਹੂਰ ਇਸ ਹੱਟੀ ਤੋਂ ਚਾਹ-ਗੁੜ, ਘਰੇਲੂ ਵਰਤੋਂ ਵਾਲੇ ਸੌਦੇ ਪੱਤੇ, ਸਕੂਲੀ ਜੁਆਕਾਂ ਦੀਆਂ ਫੱਟੀਆਂ, ਸਲੇਟਾਂ, ਚਾਕ, ਗਾਚੀ, ਸਲੇਟੀਆਂ ਤੇ ਦਵਾਤਾਂ ਤੋਂ ਲੈ ਕੇ ਜਣੇਪੇ ਵਾਲੀ ਜਨਾਨੀ ਦੀ ਪੰਜੀਰੀ 'ਚ ਪਾਏ ਜਾਣ ਵਾਲੇ ਕਮਰਕੱਸ, ਖੋਪੇ, ਮਗਾਂ, ਹੋਰ ਨਿੱਕ ਸੁੱਕ ਅਤੇ ਕੁੜੀਆਂ ਦੀ ਸਿਲਾਈ ਕਢਾਈ ਵੇਲੇ ਵਰਤੋਂ 'ਚ ਆਉਂਦੀਆਂ ਚੀਜ਼ਾਂ ਤਕ, ਸਾਰਾ ਕੁੱਝ ਮਿਲ ਜਾਂਦਾ।

ਦਿਆਲ ਦੋ ਕੁ ਸਾਲਾਂ 'ਚ ਹੀ ਵਪਾਰ ਦੀਆਂ ਸਾਰੀਆਂ ਬਾਰੀਕੀਆਂ ਸਮਝ ਗਿਆ। ਉਸਨੂੰ ਪੈਸੇ ਦੇ ਜਾਣ ਅਤੇ ਆਉਣ ਦੇ ਸਾਰੇ ਰਸਤਿਆਂ ਦਾ ਗਿਆਨ ਹੋ ਗਿਆ। ਜੇ ਵੱਡੇ ਭਰਾ ਲੱਛੂ ਦੇ ਟਾਂਗੇ ਘੋੜੇ ਦੀ ਪੇਂਡੂਆਂ 'ਚ ਚੰਗੀ ਪੈਂਠ ਸੀ ਤਾਂ ਦਿਆਲ ਨੇ ਵੀ ਮੰਡੀ 'ਚ ਚੰਗਾ ਬਹਿਣ ਉੱਠਣ ਬਣਾ ਲਿਆ ਸੀ। ਉਸਦੇ ਅੰਦਰਲੀ ਕਲਾ ਨੂੰ ਦੇਖਦਿਆਂ ਲਾਲਾ ਧਨੀ ਰਾਮ ਬਾਂਸਲ ਦੇ ਮਹਿੰਦਰਗੜ੍ਹ ਵਿਆਹੇ ਵੱਡੇ ਮੁੰਡੇ ਨੇ ਦਿਆਲ ਨੂੰ ਰਿਸ਼ਤਾ ਕਰਵਾ ਦਿੱਤਾ ਸੀ।

ਦਿਆਲ ਦੇ ਸਹੁਰੇ ਚੰਗੇ ਖਾਂਦੇ ਪੀਂਦੇ ਸਨ। ਉਹਨਾਂ ਦੀ ਸਹਾਇਤਾ ਨਾਲ ਹੀ ਦਿਆਲ ਨੇ ਲਾਲਾ ਧਨੀ ਰਾਮ ਬਾਂਸਲ ਦੀ ਆੜ੍ਹਤ 'ਚ ਚੁਆਨੀ ਹਿੱਸਾ ਪਾ ਲਿਆ। ਦਿਆਲ ਹੁਣ ਮੁਨੀਮ ਨਹੀਂ ਆੜ੍ਹਤੀਆ ਸੀ। ਲੱਛਮੀ ਘਰ 'ਚ ਗੱਲ ਗੱਲ 'ਤੇ ਪੇਕਿਆਂ ਦੀ ਤਕੜਾਈ ਦਾ ਰੋਅਬ ਜਮਾਉਂਦੀ। ਜੀਵਨ ਪੰਡਿਤ ਦਾ ਸਾਰਾ ਟੱਬਰ ਉਸਦੇ ਦਾਬੇ ਹੇਠ ਰਹਿੰਦਾ। ਸ਼ਹਿਰ ਦੀ ਜੰਮੀ ਪਲ਼ੀ ਲੱਛਮੀ ਨੂੰ ਪਿੰਡ ਦੀ ਹਵਾ ਉੱਕਾ ਚੰਗੀ ਨਾ ਲੱਗਦੀ। ਪਿੰਡ ਦੀਆਂ ਗਾਰੇ ਵਾਲੀਆਂ ਕੱਚੀਆਂ ਗਲੀਆਂ ਅਤੇ ਆਂਢ ਗੁਆਂਢ ਦੇ ਘਰਾਂ 'ਚੋਂ ਪਸ਼ੂਆਂ ਦੇ ਗੋਬਰ ਦਾ ਮੁਸ਼ਕ ਆਉਂਦਾ। ਹਰ ਵੇਲੇ ਉਸਦਾ ਜੀਅ ਪਿੰਡੋਂ ਭੱਜ ਜਾਣ ਨੂੰ ਕਰਦਾ। ਪਿੰਡ ਰਹਿੰਦਿਆਂ ਉਸਨੂੰ ਆਪਣੇ ਜੁਆਕਾਂ ਦੇ ਵਿਗੜ ਜਾਣ ਦਾ ਵੀ ਫ਼ਿਕਰ ਸਤਾਉਂਦਾ।

"ਵੇਖੋ ਨਾ ਜੀ, ਗੱਲ ਕੋਈ ਲੁਕੀ ਛਿਪੀ ਤਾਂ ਨ੍ਹੀ ? ਪਹਿਲਾਂ ਜੇਠ ਜੀ ਆਪਣੇ ਵੱਡੇ ਬਾਪੂ ਜੀ ਵੱਲ ਵੇਖਦਿਆਂ ਵਿਗੜ ਗਏ ਤੇ ਹੁਣ ਬਿਮਲਾ ਭੈਣ ਜੀ ਦਾ ਛੋਟਾ ਮੁੰਡਾ ਪਾਲਾ ਜੇਠ ਜੀ ਦੀ ਦੇਖਾ

ਦੇਖੀ ਵਿਗੜਦਾ ਜਾਂਦਾ। ਉਹ ਸਕੂਲੋਂ ਭੱਜ ਕੇ ਉਹਨਾਂ ਨਾਲ ਟਾਂਗੇ 'ਤੇ ਤੁਰ ਜਾਂਦਾ। ਉਹਨਾਂ ਦੀ ਵੀ ਕੀ ਮਜਾਲ ਕਿ ਮੁੰਡੇ ਨੂੰ ਜਾਣ ਆਉਣ ਤੋਂ ਰੋਕਣ। ਕੱਲ੍ਹ ਨੂੰ ਅਸਰ ਆਪਣੇ ਨਿਆਣਿਆਂ 'ਤੇ ਵੀ ਪਊ। ਵੇਖੋ ਨਾ ਜੀ, ਗੱਲ ਕੋਈ ਲੁਕੀ ਛਿਪੀ ਤਾਂ ਨ੍ਹੀ, ਆਪਣਾ ਸਾਰਾ ਕੰਮਕਾਰ ਤਾਂ ਸ਼ਹਿਰ ਹੈ। ਫਿਰ ਆਪਾਂ ਪਿੰਡ ਰਹਿ ਕੇ ਕਰਨਾ ਵੀ ਕੀ ਹੈ? ਤੁਹਾਡਾ ਆਉਣ ਜਾਣ ਦਾ ਝੰਜਟ ਵੀ ਖਤਮ ਹੋਊ।"

ਘਰ 'ਚ ਚੱਲਦੀ ਘੈਂਸ ਘੈਂਸ ਬਹੁਤੇ ਦਿਨ ਨਹੀਂ ਸੀ ਚੱਲੀ। ਜੀਵਨ ਨੇ ਡੱਕਾ ਨੂੰਹ ਦੇ ਹੱਕ 'ਚ ਸੁੱਟ ਦਿੱਤਾ ਸੀ, "ਜਿਵੇਂ ਆਂਹਦੇ ਹੁੰਦੇ, ਵੇਲ਼ੇ ਵੇਲ਼ੇ ਦੀਆਂ ਗੱਲਾਂ। ਨਵੀਂਆਂ ਗੁੱਡੀਆਂ ਤੇ ਨਵੇਂ ਪਟੋਲੇ। ਜਿੱਥੇ ਕੰਮ ਉੱਥੇ ਗਰਾਂ। ਜਿਵੇਂ ਆਂਹਦੇ ਹੁੰਦੇ-ਜਦੋਂ ਕੰਮ ਤਾਂ ਕਰਨਾ ਸ਼ੈਅਰ, ਫੇਰ ਪਿੰਡ ਰਹਿਕੇ ਕਰਨਾ ਵੀ ਕੀ? ਮੈਂ ਤਾਂ ਕਹਿਨੈ ਸਾਰੇ ਮੌਜ ਕਰੋ ਆਵਦੇ ਆਵਦੇ ਥਾਈਂ। ਗੋਪਾਲ ਆਵਦੇ ਥਾਂ ਮੌਜ ਕਰੇ—ਦਿਆਲ ਆਵਦੇ ਥਾਂ ਗੁੱਡੀਆਂ ਉਡਾਵੇ। ਰਹੀ ਗੱਲ ਮਾਂ ਦੇ ਲਛਮਣ ਕੁਮਾਰ ਦੀ—ਜਿਵੇਂ ਆਂਹਦੇ ਹੁੰਦੇ, ਲਿਖੀਆਂ ਲੇਖ ਦੀਆਂ-ਭੋਗ ਲਾ ਮਨ ਚਿੱਤ ਲਾ ਕੇ। ਉਹਦਾ ਘੋੜਾ ਤਾਂ ਪਿੰਡੋ ਸ਼ਹਿਰ ਤੇ ਸ਼ਹਿਰੋਂ ਪਿੰਡ। ਘੋੜੇ ਦੀ ਟੱਪ ਟੱਪ ਤਾਂ ਹੁਣ ਮੰਡੀ ਵਾਲੀ ਸੜਕ 'ਤੇ ਈ ਹੋਊ।"

ਸਾਰੇ ਆਪੋ ਆਪਣੀ ਥਾਵੇਂ ਮੌਜ ਕਰਨ ਲੱਗੇ ਸਨ। ਗੋਪਾਲ ਵੱਡੇ ਮੁੰਡੇ ਦੀ ਪੜ੍ਹਾਈ 'ਤੇ ਤਾਂ ਖੁਸ਼ ਸੀ ਪਰ ਅੰਦਰੇ ਅੰਦਰ ਛੋਟੇ ਮੁੰਡੇ ਪਾਲੇ ਵੱਲੋਂ ਲੱਛੂ ਦੇ ਪੈਰ 'ਚ ਪੈਰ ਧਰਨ ਕਰਕੇ ਝੂਰਦਾ। ਦਿਆਲ ਨੇ ਸ਼ਹਿਰ ਕੁੱਝ ਚਿਰ ਕਿਰਾਏ 'ਤੇ ਰਹਿਣ ਮਗਰੋਂ ਆਪਣੀ ਕੋਠੀ ਮੁੱਲ ਲੈ ਲਈ। ਪਿੰਡ ਵਾਲਿਆਂ ਨੂੰ ਪਤਾ ਸੀ ਕਿ ਇਹ ਸਾਰਾ ਕੁੱਝ ਲੱਛਮੀ ਦੇ ਪੇਕਿਆਂ ਵੱਲੋਂ ਹੱਥ ਝਾੜਨ ਕਰਕੇ ਹੀ ਹੋਇਆ। ਉਸਨੇ ਆਪਣੇ ਦੋਵੇਂ ਜੁਆਕ ਮੰਡੀ 'ਚ ਨਵੇਂ ਨਵੇਂ ਖੁੱਲ੍ਹੇ ਅੰਗਰੇਜ਼ੀ ਸਕੂਲ 'ਚ ਪੜ੍ਹਨੇ ਪਾ ਦਿੱਤੇ ਸਨ।

ਲੱਛੂ ਅਪਣੀ ਥਾਵੇਂ ਮੌਜ ਕਰ ਰਿਹਾ ਸੀ। ਵੱਡੀਆਂ ਸੜਕਾਂ 'ਤੇ ਭਾਵੇਂ ਲਾਲ ਰੰਗ ਵਾਲੀਆਂ ਟਾਵੀਂਆਂ ਟਾਵੀਂਆਂ ਬੱਸਾਂ ਦੌੜਦੀਆਂ ਪਰ ਪਿੰਡ ਤੋਂ ਮੰਡੀ ਤਕ ਅਜੇ ਕੋਈ ਬੱਸ ਜਾਣ ਆਉਣ ਨਹੀਂ ਸੀ ਲੱਗੀ। ਮੰਡੀ ਤੋਂ ਪਿੰਡ ਤਕ ਦੋ ਹੀ ਟਾਂਗੇ ਚੱਲਦੇ। ਇਕ ਚੀਮਿਆਂ ਵਾਲੇ ਮੇਵੇ ਦਾ ਤੇ ਦੂਜਾ ਲੱਛੂ ਦਾ। ਫੇਰ ਹੌਲ਼ੀ ਹੌਲ਼ੀ ਦੋ ਟਾਂਗੇ ਹੋਰ ਪੈ ਗਏ। ਸਵਾਰੀਆਂ ਭੱਜ ਭੱਜ ਲੱਛੂ ਦੇ ਟਾਂਗੇ ਵੱਲ ਔਹੁਲਦੀਆਂ। ਵਿਆਹ ਸ਼ਾਦੀ ਜਾਂ ਗ਼ਮੀ ਦੇ ਮੌਕੇ 'ਤੇ ਰਿਸ਼ਤੇਦਾਰੀ 'ਚ ਜਾਣ ਵਾਲੇ, ਮੰਡੀ ਵਾਲੇ ਵੱਡੇ ਡਾਕਟਰ ਤੋਂ ਟੀਕਾ ਟਪੱਲਾ ਲੁਆਉਣ ਵਾਲੇ ਜਾਂ ਕਿਸੇ ਵੈਦ ਹਕੀਮ ਤੋਂ ਦਵਾ ਦਾਰੂ ਕਰਵਾਉਣ ਵਾਲੇ ਲੱਛੂ ਦੇ ਟਾਂਗੇ 'ਚ ਬੈਠ ਕੇ ਸ਼ਹਿਰ ਆਉਂਦੇ। ਕਚਹਿਰੀਆਂ 'ਚ ਤਰੀਕਾਂ ਭੁਗਤਣ ਵਾਲੇ ਤੇ ਜ਼ਮੀਨ ਖਰੀਦਣ ਵੇਚਣ ਵਾਲੇ ਟਾਂਗੇ 'ਚ ਬਹਿੰਦਿਆਂ ਵਕੀਲਾਂ, ਜੱਜਾਂ, ਤਹਿਸੀਲਦਾਰਾਂ, ਪਟਵਾਰੀਆਂ ਤੇ ਗਵਾਹਾਂ ਦੇ ਖੁੱਲ੍ਹੇ ਮੂੰਹਾਂ ਦੀਆਂ ਗੱਲਾਂ ਕਰਦੇ। ਘਰਵਾਲੇ ਤੋਂ ਚੋਰੀ ਛਪੋਰੀ ਸ਼ਹਿਰ ਦਾ ਗੇੜਾ ਲਾਉਣ ਵਾਲੀ ਜਨਾਨੀ ਚੁੰਨੀ ਨਾਲ ਮੂੰਹ ਢਕ ਕੇ ਟਾਂਗੇ ਦੀ ਪਿਛਲੀ ਸੀਟ 'ਤੇ ਬਹਿੰਦੀ। ਪਿੰਡ ਦੀ ਦਾਈ ਧੰਨੋ ਵਾਂਗ ਲੱਛੂ ਦੇ ਸੀਨੇ 'ਚ ਵੀ ਪਿੰਡ ਦੇ ਸਾਰੇ ਘਰਾਂ ਦਾ ਭੇਤ ਸਾਂਭਿਆ ਪਿਆ ਸੀ।

"ਮੈਂ ਸਮਝਦਾਂ ਦਾਨ ਦੇਣ ਨਾਲ ਧਨ ਘਟਦਾ ਨਹੀਂ ਸਗੋਂ ਵਧਦਾ ਹੈ। ਖਜ਼ਾਨੇ 'ਚ ਕਿਸੇ ਤਰ੍ਹਾਂ ਦੀ ਤੋਟ ਨਹੀਂ ਆਉਂਦੀ। ਦਾਨ ਦੀਏ ਧਨ ਨਾ ਘਟੇ-ਕਹਿਗੇ ਭਗਤ ਕਬੀਰ। ਵੇਦਾਂ ਸ਼ਾਸਤਰਾਂ 'ਚ ਵੀ ਦਾਨੀ ਪੁਰਸ਼ ਨੂੰ ਬਹੁਤ ਉੱਚਾ ਦਰਜਾ ਦਿੱਤਾ ਗਿਆ। ਸਾਡੇ ਮਹਾਂਪੁਰਸ਼ਾਂ ਨੇ ਤਾਂ ਗ਼ਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਆਖਿਆ। ਮੈਂ ਸਮਝਦਾਂ ਕਿਸੇ ਲੋੜਵੰਦ ਦੀ ਮੱਦਦ ਕਰਨਾ, ਭੁੱਖੇ ਪ੍ਰਾਣੀ ਨੂੰ ਭੋਜਨ ਛਕਾਉਣਾ, ਕੱਪੜੇ ਦੇਣੇ ਜਾਂ ਲੋੜ ਦੀਆਂ ਹੋਰ ਵਸਤਾਂ ਦੇਣੀਆਂ—ਮੈਂ ਸਮਝਦਾਂ ਇਸਤੋਂ ਵੱਡਾ ਪਰਉਪਕਾਰ ਜਾਂ ਇਸਤੋਂ ਵੱਡਾ ਪੁੰਨ ਇਸ ਧਰਤੀ 'ਤੇ ਕੋਈ ਨਹੀਂ ਹੈ। ਮੈਂ ਸਮਝਦਾਂ ਸਾਡੇ ਇਲਾਕੇ ਦੀ ਖੁਸ਼ਕਿਸਮਤੀ ਹੈ ਕਿ ਬੜੇ ਹੀ ਅਜ਼ੀਜ਼ ਦੋਸਤ ਪੀ ਕੇ ਸ਼ਰਮਾ ਸਾਹਿਬ ਵਰਗੇ ਮਹਾਨ ਦਾਨੀ ਸਾਨੂੰ ਮਿਲੇ ਹਨ। ਪੀ ਕੇ ਸ਼ਰਮਾ ਸਾਹਿਬ---ਪੀ ਕੇ ਸ਼ਰਮਾ ਸਾਹਿਬ।"

ਸਪੀਕਰ ਤੋਂ ਆ ਰਹੀ ਭਰੜਾਈ ਆਵਾਜ਼ ਨੇ ਲੱਛੂ ਨੂੰ ਯਾਦਾਂ ਦੇ ਘੜਮੱਸ 'ਚੋਂ ਧੂਹ ਕੇ ਵਾਪਸ

ਪੰਡਾਲ਼ 'ਚ ਲੈ ਆਂਦਾ ਸੀ। ਉਸਨੇ ਦੇਖਿਆ ਬੰਨ੍ਹੀ ਦਾਹੜੀ ਵਾਲਾ ਅਫਸਰ ਮਾਈਕ 'ਤੇ ਖੜ੍ਹਾ ਪ੍ਰਦੀਪ ਦੀਆਂ ਤਾਰੀਫ਼ਾਂ ਦੇ ਪੁਲ਼ ਬੰਨ੍ਹੀ ਜਾਂਦਾ ਸੀ।

"ਸਾਲ਼ੇ ਦਾਨ ਦੇ। ਦਾਨ-ਪੁੰਨ ਕਰਨ ਵਾਲੇ ਭਲਾ ਢੋਡੇ ਵਾਂਗੂੰ ਖੌਰੂ ਪਾਉਂਦੇ ਹੁੰਦੇ? ਦਾਨ ਹੁੰਦਾ ਚੁੱਪ ਚੁਪੀਤੇ ਕਿਸੇ ਗ਼ਰੀਬ ਗੁਰਬੇ ਦੀ ਮੱਦਦ ਕਰਨਾ। ਏਥੇ ਤਾਂ ਸਵੇਰ ਦਾ ਢੋਲ ਪਿੱਟਣਾ ਲਿਆ। ਪੰਡਿਤ ਚਿਰੰਜੀ ਦੇ ਕਹਿਣ ਆਂਗੂੰ ਗ਼ਰੀਬ ਅੱਡ ਫਾਹੇ ਚਾੜ੍ਹ ਰੱਖੇ।" ਲੱਛੂ ਮੂੰਹ 'ਚ ਹੀ ਬੁੜਬੜਾਇਆ। ਉਸਨੇ ਗ਼ੁੱਸੇ ਨਾਲ ਦਾਹੜੀ ਦੇ ਦੋ ਤਿੰਨ ਵਾਲ਼ ਇਕੱਠੇ ਹੀ ਪੁੱਟ ਲਏ।

ਨਾ ਚਾਹੁੰਦਿਆਂ ਵੀ ਲੱਛੂ ਨੂੰ ਬਾਕੀ ਮਹਿਮਾਨਾਂ ਨਾਲ ਲੱਗ ਕੇ ਕੰਬਲ਼ ਅਤੇ ਆਟੇ ਦਾਲ਼ ਦੀਆਂ ਥੈਲੀਆਂ ਵੰਡਣੀਆਂ ਪਈਆਂ। ਲੱਛੂ ਨੇ ਵੇਖਿਆ ਕਿ ਸਮਾਨ ਫੜਨ ਵਾਲਿਆਂ ਦੀਆਂ ਅੱਖਾਂ ਵਿਚ ਉੱਕਾ ਵੀ ਲਿਸ਼ਕ ਨਹੀਂ ਸੀ।

"ਭਿੱਖਿਆ ਲੈਣ ਵਾਲੇ ਦੀਆਂ ਅੱਖਾਂ 'ਚ ਲਿਸ਼ਕ ਕਿੱਥੋਂ ਆਜੂ? ਲਿਸ਼ਕ ਆਉਂਦੀ ਹੁੰਦੀ ਐ ਅਣਖ ਨਾਲ। ਅਣਖ ਮਾਰਨ ਵਾਲਾ ਕੰਮ ਈ ਸਰਕਾਰਾਂ ਕਰਦੀਆਂ—ਉਹੀ ਕੰਮ ਪ੍ਰਦੀਪ ਵਰਗੇ ਦਾਨੀ ਕਰੀ ਜਾਂਦੇ। ਇਹਨਾਂ ਨੂੰ ਕਮਾਉਣ ਖਾਣ ਜੋਗਾ ਕਿਉਂ ਨ੍ਹੀ ਕਰਦੇ? ਸਭ ਵੋਟਾਂ ਦੇ ਮਸਲੇ।" ਕੰਬਲ਼ ਫੜਾਉਂਦਿਆਂ ਲੱਛੂ ਦੇ ਅੰਦਰ ਟੁੱਟ ਭੱਜ ਹੋਈ ਜਾਂਦੀ ਸੀ।

"ਪੰਡਿਤ ਲਛਮਣ ਸਿਆਂ! ਤੈਂਅ ਟਾਂਗਾ ਵਾਹਿਆ ਸਾਰੀ ਉਮਰ। ਉਹ ਦਿਨ ਵੀ ਵੇਖੇ ਜਦੋਂ ਖੀਸਾ ਮਾਇਆ ਨਾਲ ਭਰਿਆ ਰਹਿੰਦਾ ਸੀਗਾ-ਫਿਰ ਉਹ ਦਿਨ ਵੀ ਆਏ ਜਦੋਂ ਸਵਾਰੀਆਂ ਉੱਤਰ ਕੇ ਮੋਟਰਾਂ ਲਾਰੀਆਂ ਦੇ ਢਿੱਡ 'ਚ ਵੜ ਜਾਂਦੀਆਂ ਸੀਗੀਆਂ। ਘੋੜੇ ਲਈ ਦਾਣਾ ਲੈਣਾ ਵੀ ਔਖਾ ਹੋ ਜਾਂਦਾ ਸੀਗਾ। ਕੰਮ ਬੰਦ ਹੋਗੇ। ਸੌ ਅੱਕੀ ਪਲ਼ਾਹੀਂ ਹੱਥ ਮਾਰੇ ਪਰ ਮਜਾਲ ਕੀ ਕਿਸੇ ਅੱਗੇ ਹੱਥ ਅੱਡਿਆ ਹੋਵੇ। ਏਸੇ ਕਰਕੇ ਸਾਰੀ ਉਮਰ ਅੱਖਾਂ ਮਾਣ ਨਾਲ ਚਿਰਾਗ਼ ਆਂਗੂੰ ਬਲਦੀਆਂ ਰਹੀਆਂ।" ਲੱਛੂ ਆਪਣੇ ਆਪ ਨਾਲ ਹੀ ਗੱਲਾਂ ਕਰੀ ਜਾਂਦਾ ਸੀ।

"ਸ਼ਰਮਾ ਸਾਹਿਬ—ਤੁਹਾਡਾ ਇਹ ਉੱਦਮ ਬੜਾ ਕਾਬਲੇ-ਤਾਰੀਫ਼ ਹੈ। ਮੈਂ ਸਮਝਦਾਂ ਜਿਹੜਾ ਤੁਸੀਂ ਗ਼ਰੀਬ ਬੱਚਿਆਂ ਨੂੰ ਪੜ੍ਹਾਈ ਲਈ ਹੈਲਪ ਕਰਦੇ ਓਂ, ਰੀਅਲੀ ਦੈਅਟਸ ਏ ਨੋਬਲ ਕਾਜ਼। ਅਸੀਂ ਤੁਹਾਡਾ ਨਾਂ ਸਟੇਟ ਐਵਾਰਡ ਲਈ ਰੈਕਮੈਂਡ ਕਰ ਰਹੇ ਹਾਂ। ਮੈਂ ਸਮਝਦਾਂ ਐਜ਼ ਏ ਕਾਰੋਬਾਰੀ ਤਾਂ ਤੁਹਾਡਾ ਨਾਂ ਹੈ ਈ, ਅਸੀਂ ਚਾਹੁੰਨੇ ਹਾਂ ਕਿ ਐਜ਼ ਏ ਸੋਸ਼ਲ ਵਰਕਰ ਵੀ ਸਟੇਟ ਪੱਧਰ 'ਤੇ ਤੁਹਾਨੂੰ ਰੈਕੋਗਨੀਸ਼ਨ ਮਿਲਣੀ ਚਾਹੀਦੀ ਹੈ। ਸਾਡੀ ਦਿਲੀ ਇੱਛਾ ਹੈ ਕਿ ਆਜ਼ਾਦੀ ਦਿਹਾੜੇ 'ਤੇ ਸੀ ਐੱਮ ਸਾਹਿਬ ਆਪਣੇ ਹੱਥੀਂ ਤੁਹਾਨੂੰ ਸਨਮਾਨਿਤ ਕਰਨ।" ਏ ਡੀ ਸੀ ਕੰਬਲ਼ ਵੰਡਦਿਆਂ ਵੀ ਪ੍ਰਸ਼ੰਸਾ ਕਰੀ ਜਾਂਦਾ ਸੀ।

"ਵਿਚਲੀ ਗੱਲ ਤਾਂ ਆਹ ਐ।" ਲੱਛੂ ਨੇ ਸੰਘ 'ਚ ਆਏ ਥੁੱਕ ਨੂੰ ਬੜੀ ਮੁਸ਼ਕਲ ਨਾਲ ਅੱਗੇ ਲੰਘਾਇਆ।

ਸਮਾਗਮ ਖ਼ਤਮ ਹੋਣ ਉਪਰੰਤ ਮਹਿਮਾਨਾਂ ਨੂੰ ਵਿਦਾਅ ਕਰਦਿਆਂ ਪ੍ਰਦੀਪ ਕਮਾਨ ਵਾਂਗ ਝੁਕਿਆ ਰਿਹਾ। ਉਹ ਦੋਵੇਂ ਹੱਥ ਜੋੜ ਵਾਰ ਵਾਰ ਧੰਨਵਾਦ ਕਰ ਰਿਹਾ ਸੀ। ਉਹਦੇ ਵੱਲ ਵੇਖਦਿਆਂ ਲੱਛੂ ਨੂੰ ਕਚਿਆਣ ਜਿਹੀ ਆਈ। ਉਸਨੂੰ ਪ੍ਰਦੀਪ ਦੇ ਚਿਹਰੇ ਉਪਰਲੀ ਮੁਸਕਾਣ ਭੱਦੀ ਤੇ ਓਪਰੀ ਜਿਹੀ ਲੱਗੀ।

"ਤਾਇਆ ਜੀ! ਵੇਖਿਆ ਆਪਣੇ ਭਤੀਜੇ ਦਾ ਜਲੌਅ? ਅਸਲ ਜਲੌਅ ਤਾਂ ਅਜੇ ਕੱਲ੍ਹ ਨੂੰ ਵੇਖਿਓ। ਸਾਰੇ ਅਖਬਾਰ ਭਰੇ ਆਉਣਗੇ। ਵੱਡੀਆਂ ਵੱਡੀਆਂ ਖਬਰਾਂ, ਚਮਕਦੀਆਂ ਚਮਕਦੀਆਂ ਫੋਟੋਆਂ। ਬੱਲੇ ਬੱਲੇ ਹੋ ਜਾਊ ਕੇਰਾਂ ਤਾਂ। ਸਾਰੀਆਂ ਖਬਰਾਂ ਰਾਜਧਾਨੀ ਦੀ ਹਿੱਕ 'ਚ ਜਾ ਵੱਜਣਗੀਆਂ।" ਪ੍ਰਦੀਪ ਬੜੇ ਉਮਾਹ ਨਾਲ ਦੱਸ ਰਿਹਾ ਸੀ।

"ਥੋਡੇ ਦੇਖਣ ਦੇਖਣ ਦੀ ਤਾਂ ਗੱਲ, ਐਤਕੀਂ ਇੰਪਰੂਵਮੈਂਟ ਟ੍ਰਸਟ ਦੀ ਚੇਅਰਮੈਨੀ ਕੁੱਟਣੀ।

ਇਹ ਤਾਂ ਸਾਲ਼ੀਆਂ ਪਾਰਟੀਆਂ ਦੇ ਫੰਡੇ ਹੀ ਹੋਰ ਨੇ, ਨਹੀਂ ਹੁਣ ਨੂੰ ਕਿਤੇ ਦਾ ਕਿਤੇ ਪਹੁੰਚਿਆ ਹੁੰਦਾ। ਅਖੇ ਜੀ ਇਹ ਸਿੱਖ ਡੋਮੀਨੇਂਟਡ ਸੀਟ ਏ ਤੇ ਇੱਥੇ ਸਿੱਖ ਚਿਹਰੇ ਨੂੰ ਚੋਣ ਲੜਾਉਣੀ। ਨਹੀਂ ਪ੍ਰਦੀਪ ਸ਼ਰਮਾ ਐੱਮ ਐੱਲ ਏ ਕਿਹੜਾ ਨਾ ਬਣ ਜਾਂਦਾ। ਐੱਮ ਐੱਲੀ ਤਾਂ ਇਕ ਪਾਸੇ- ਨਿੱਕੀ ਮੋਟੀ ਵਜ਼ੀਰੀ ਨੂੰ ਵੀ ਹੱਥ ਮਾਰ ਲੈਂਦਾ। ਖੈਰ ਕੇਰਾਂ ਨਗਰ ਸੁਧਾਰ ਵਾਲੀ ਚੇਅਰਮੈਨੀ ਨੂੰ ਹੱਥ ਪੈਂਦਾ ਹੋਜੇ—ਹੋਰ ਸਾਲ ਦੋ ਸਾਲਾਂ ਨੂੰ ਰਾਜਧਾਨੀ ਦੀ ਕੋਈ ਵੱਡੀ ਚੇਅਰਮੈਨੀ ਵੀ ਹੱਥਾਂ ਹੇਠ ਆਈ ਲਓ। ਐਨੀ ਕੁ ਕਲਾਕਾਰੀ ਹੈਗੀ ਤੇਰੇ ---ਭਤੀਜੇ ਕੋਲ਼ੇ।" ਪਰਦੀਪ ਨੂੰ ਆਪਣੇ ਮੋਢੇ ਆਪ ਹੀ ਥਾਪੜਦਿਆਂ ਵੇਖ ਲੱਛੂ ਨੂੰ ਕਾਣਤ ਆਈ। ਉਸਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਭਰਾ ਦਿਆਲ ਦੇ ਪੁੱਤ ਨੂੰ ਚੰਗਾ ਆਖੇ ਵੀ ਤਾਂ ਕਿਵੇਂ ?

"ਥੋਡੀਆਂ ਤੁਸੀਂ ਜਾਣੋ ਭਾਈ।" ਲੱਛੂ ਤੋਂ ਮਸੀਂ ਇੰਨਾ ਹੀ ਆਖ ਹੋਇਆ ਸੀ।

"ਵੈਸੇ ਤਾਇਆ ਜੀ, ਮੇਰੇ ਹਿਸਾਬ ਨਾਲ ਚੇਅਰਮੈਨੀ ਤਾਂ ਐੱਮ ਐੱਲ ਏ ਸ਼ਿਪ ਨਾਲੋਂ ਵੀ ਕਈ ਗੁਣਾਂ ਬਿਹਤਰ। ਨਾ ਚੋਣ ਲੜਨ ਦਾ ਝੰਜਟ ਤੇ ਨਾ ਹਾਰ ਦਾ ਡਰ। ਜਿੰਨੇ ਪੈਸੇ ਚੋਣ ਲੜਨ 'ਤੇ ਲੱਗਦੇ, ਉਦੂੰ ਚੌਥਾ ਹਿੱਸਾ ਵਨੀ ਲੱਗਣੇ। ਪੈਸਾ ਫੈਂਕ ਤਮਾਸ਼ਾ ਵੇਖ। ਥੈਲੀ ਮਾਰਾਂਗੇ ਸੀ ਐੱਮ ਦੇ ਮੱਥੇ ਤੇ ਚੇਅਰਮੈਨੀ ਲਵਾਂਗੇ ਮੂੰਹੋਂ ਮੰਗੀ। ਪਸੰਦ ਦੀ ਨਾ ਵੀ ਮਿਲੂ, ਤਾਂ ਵੀ ਕੀ ਹੈ? ਕੋਈ ਤਾਂ ਮਿਲੂ ਹੀ ਮਿਲੂ। ਕਾਰ ਦੇ ਮੂਹਰੇ ਝੰਡੀ ਤਾਂ ਝੂਲਦੀ ਹੋਊ। ਹੂਟਰ ਪਾਸੇ ਹਟਜੋ—ਪਾਸੇ ਹਟਜੋ ਕਰੂ। ਫੇਰ ਆਊ ਨਜ਼ਾਰਾ। ਕ-ਨਹੀਂ ?" ਲੱਛੂ ਨੂੰ ਸਮਝ ਨਾ ਲੱਗੀ ਕਿ ਪ੍ਰਦੀਪ ਦੇ ਸੁਆਲ ਦਾ ਕੀ ਉੱਤਰ ਦੇਵੇ।

"ਆਹ ਸਾਰਾ ਟਟਵੈਰ ਏਸੇ ਕਰਕੇ ਕਰਨਾ ਪੈਂਦਾ?" ਲੱਛੂ ਨੇ ਝਕਦੇ ਝਕਦੇ ਨੇ ਟੈਂਟ ਵੱਲ ਇਸ਼ਾਰਾ ਕਰਦਿਆਂ ਪੁੱਛ ਹੀ ਲਿਆ ਸੀ।

"ਇਹ ਤਾਂ ਕੀ, ਇਹਦੇ ਨਾਲੋਂ ਵੀ ਵੱਡੇ ਵੱਡੇ ਟਟਵੈਰ ਕਰਨੇ ਪੈਂਦੇ। ਵੀਹ ਤੋਂ ਵੱਧ ਤਾਂ ਧਾਰਮਿਕ ਸੰਸਥਾਵਾਂ ਈ ਹੋਣਗੀਆਂ ਸ਼ਹਿਰ 'ਚ। ਸਾਰੀਆਂ ਨੂੰ ਫੰਡ ਦੇਣੇ ਪੈਂਦੇ। ਕਦੇ ਜਗਰਾਤੇ ਵਾਲੇ ਆ ਜਾਂਦੇ ਰਸੀਦ ਬੁੱਕ ਫੜ ਕੇ। ਕਦੇ ਕੋਈ ਲੰਗਰ ਕਮੇਟੀ ਵਾਲੇ। ਕਦੇ ਸਭਿਆਚਾਰਕ ਮੇਲੇ ਵਾਲੇ ਤੇ ਕਦੇ ਕੋਈ ਟੂਰਨਾਮੈਂਟ ਕਮੇਟੀ ਵਾਲੇ। ਤੀਏ ਦਿਨ ਕੋਈ ਪੱਤਰਕਾਰ ਆ ਧਮਕਦਾ ਸਪਲੀਮੈਂਟ ਲਈ ਇਸ਼ਤਿਹਾਰ ਮੰਗਣ। ਜਵਾਬ ਵਨੀ ਦੇ ਸਕਦੇ ਕਿਸੇ ਨੂੰ। ਸੁਸਾਇਟੀ 'ਚ ਥਾਂ ਬਣਾਉਣਾ ਕਿਤੇ ਸੌਖਾ? ਸੌ ਤਰ੍ਹਾਂ ਦੇ ਡਰਾਮੇ ਕਰਨੇ ਪੈਂਦੇ।"

'ਡਰਾਮੇ' ਸ਼ਬਦ ਨਾਲ ਲੱਛੂ ਦੇ ਅੰਦਰ ਹਿਲਜੁਲ ਹੋਈ। ਉਸਨੂੰ ਕਾਮਰੇਡ ਨੱਥੂਵਾਲੀਏ ਨਾਹਰ ਦੀ ਡਰਾਮਾ ਮੰਡਲੀ ਯਾਦ ਆਈ ਜਿਸਨੂੰ ਉਹ ਆਪਣੇ ਟਾਂਗੇ 'ਤੇ ਦੂਰ ਦੂਰ ਲਿਜਾਂਦਾ ਹੁੰਦਾ ਸੀ। ਨਾਹਰ ਦੀ ਡਰਾਮਾ ਮੰਡਲੀ ਸੌ ਸੌ ਕੋਹ ਤਕ ਮਸ਼ਹੂਰ ਸੀ। ਉਹ ਸਾਰੀ ਸਾਰੀ ਰਾਤ ਡਰਾਮਿਆਂ ਤੇ ਗੀਤਾਂ ਨਾਲ ਪਿੰਡਾਂ ਕਸਬਿਆਂ ਦੇ ਲੋਕਾਂ ਨੂੰ ਧੱਕੇਸ਼ਾਹੀਆਂ ਖ਼ਿਲਾਫ ਜਾਗਰੂਕ ਕਰਦੇ। ਡਰਾਮਿਆਂ ਦੇ ਵਿਚ ਵਿਚਾਲੇ ਕੋਈ ਕਾਮਰੇਡ ਲੀਡਰ ਭਾਸ਼ਣ ਕਰ ਕੇ ਸਰਕਾਰਾਂ ਦੀ ਖੱਲ ਉਧੇੜਦਾ। ਜਿਵੇਂ ਜਿਵੇਂ ਉਸਦਾ ਭਾਸ਼ਣ ਲੰਮਾ ਹੁੰਦਾ ਜਾਂਦਾ, ਦਿਨ ਦੇ ਕੰਮਕਾਰਾਂ ਦੇ ਭੰਨੇ ਲੋਕ ਉਸਲਵੱਟੇ ਲੈਣ ਲੱਗਦੇ। ਨੱਥੂਵਾਲੀਆ ਦੁਬਾਰਾ ਸਟੇਜ 'ਤੇ ਆਉਂਦਾ ਤਾਂ ਨੀਂਦ 'ਚ ਉਘਲ਼ਾਉਂਦੇ ਲੋਕ ਪੱਬਾਂ ਭਾਰ ਹੋ ਬਹਿੰਦੇ। ਪੰਡਾਲ 'ਚੋਂ ਤਾੜੀਆਂ ਦੀ ਆਵਾਜ਼ ਗੂੰਜਣ ਲੱਗਦੀ।

"ਕੀ ਬਾਤਾਂ ਸੀ ਨੱਥੂਵਾਲੀਏ ਨਾਹਰ ਤੇ ਉਹਦੇ ਡਰਾਮਿਆਂ ਦੀਆਂ। ਲੋਕ ਵਹੀਰਾਂ ਘੱਤ ਘੱਤ ਵੇਖਣ ਆਉਂਦੇ। ਅੱਜ ਤਾਈਂ ਯਾਦ ਆ ਉਹਦੇ ਡਰਾਮਿਆਂ ਵਿਚਲੇ ਗੀਤ-'ਦੇ ਦੇ ਵਾਲੀਆਂ ਪਲੰਜਰ ਲਿਆਮਾਂ ਨ੍ਹੀ ਇੰਜਣ ਖਰਾਬ ਹੋ ਗਿਆ'। ਸਾਰੀ ਉਮਰ ਲਾ ਦਿੱਤੀ ਦਰਵੇਸ਼ ਬੰਦੇ ਨੇ ਲੋਕਾਂ ਨੂੰ ਜਗਾਉਂਦਿਆਂ। ਜੁਆਕ ਅੱਡ ਰੋਲ ਲਏ। ਡਰਾਮੇ ਕਰਨ ਲਈ ਇਕ ਪਿੰਡ ਤੋਂ ਦੂਜੇ-ਦੂਜੇ ਤੋਂ ਤੀਜੇ ਤੇ ਫੇਰ ਅੱਗੇ ਦੀ ਅੱਗੇ ਤੁਰੇ ਜਾਂਦੇ। ਕਹਿੰਦੇ ਜਦੋਂ ਉਹਦੇ ਪੁੱਤ ਦੀ ਮੌਤ ਹੋਈ ਉਹ ਘਰ ਨਹੀਂ

ਸੀ। ਜਦੋਂ ਤਕ ਵਾਪਸ ਮੁੜਿਆ, ਘਰਦਿਆਂ ਨੇ ਪੁੱਤ ਦਾ ਸਸਕਾਰ ਕਰ ਕੇ ਭੋਗ ਵੀ ਪਾ ਦਿੱਤਾ ਸੀ। ਇਕ ਪਾਸੇ ਨੱਥੂਵਾਲੀਆ ਸੀਗਾ ਜੀਹਦੇ ਡਰਾਮਿਆਂ ਨੇ ਉਹਦਾ ਕੱਚਾ ਘਰ ਵੀ ਪੱਕਾ ਨ੍ਹੀ ਕੀਤਾ ਤੇ ਇਕ ਐਹਦੇ ਅਰਗੇ ਲੋਕ ਐ ਜਿਹੜੇ ਡਰਾਮੇ ਕਰਦੇ ਆ। ਅਖੇ ਵੱਡੀ ਚੇਅਰਮੈਨੀ ਨੂੰ ਹੱਥ ਮਾਰਨਾ। ਯੱਦਾ ਡਰਾਮਿਆਂ ਦਾ---।" ਲੱਛੂ ਨੇ ਮਨ ਹੀ ਮਨ ਭਤੀਜੇ ਵਰਗੇ ਸਾਰੇ ਲੋਕਾਂ ਨੂੰ ਮੋਟੀ ਸਾਰੀ ਗਾਹਲ਼ ਕੱਢੀ।

"ਤਾਇਆ ਜੀ ਤੁਹਾਡੇ ਦੇਖਣ ਦੇਖਣ ਦੀ ਗੱਲ ਹੈ-ਤਾਏ ਗੋਪਾਲ ਤੇ ਡੈਡੀ ਜੀ ਦੀ ਮੌਤ ਤੋਂ ਬਾਅਦ ਸਾਡੇ ਕੋਲ਼ ਤੁਸੀਓਂ ਹੈਗੇ ਪਰਿਵਾਰ ਦੇ ਵਡੇਰੇ। ਤੁਹਾਨੂੰ ਤਾਂ ਪਤਾ ਡੈਡੀ ਜੀ ਨੇ ਕਿੰਨੀ ਮਿਹਨਤ ਕਰ ਕੇ ਸਾਨੂੰ ਇਕ ਪਛੜੇ ਪਿੰਡ ਤੋਂ ਉੱਠ ਕੇ ਐਥੋਂ ਤਕ ਪਹੁੰਚਾਇਆ। ਮੁਨੀਮੀ ਤੋਂ ਸ਼ੁਰੂ ਕਰ ਕੇ ਆੜ੍ਹਤ ਦੇ ਮਾਲਕ ਬਣੇ। ਫੇਰ ਸ਼ੈੱਲਰ ਲਾਏ, ਵੇਅਰ ਹਾਊਸ ਬਣਾਏ। ਰੀਅਲ ਐਸਟੇਟ ਦਾ ਕੰਮ ਕੀਤਾ। ਕੋਈ ਸੋਚ ਸਕਦਾ ਕਿ ਪਿੰਡ ਦੇ ਗ਼ਰੀਬ ਹਟਵਾਣੀਏ ਦੇ ਮੁੰਡੇ ਨੇ ਐਥੋਂ ਤਕ ਤਰੱਕੀ ਕੀਤੀ ਹੋਊ? ਕੋਈ ਝੂਠ ਆਲ਼ੀ ਗੱਲ ਤਾਂ ਹੈਨੀ। ਥੋਡੇ ਤਾਂ ਦੇਖਣ ਦੇਖਣ ਦੀ ਗੱਲ। ਡੈਡੀ ਜੀ ਕਿਵੇਂ ਫਰਸ਼ ਤੋਂ ਉੱਠ ਕੇ ਅਰਸ਼ ਤਕ ਪੁੱਜੇ।"

"ਹੂੰ !" ਆਵਾਜ਼ ਲੱਛੂ ਦੇ ਸੰਘ 'ਚੋਂ ਮਸੀਂ ਬਾਹਰ ਆਈ ਸੀ।

"ਥੋਡੇ ਤਾਂ ਦੇਖਣ ਦੇਖਣ ਦੀ ਗੱਲ, ਆਪਣੇ ਸਾਰੇ ਇਲਾਕੇ 'ਚ ਸ਼ਰਮਾ ਸਾਹਿਬ-ਸ਼ਰਮਾ ਸਾਹਿਬ ਹੁੰਦੀ ਸੀ। ਪਾਰਟੀ ਦੇ ਬਲਾਕ ਪ੍ਰਧਾਨ ਬਣੇ। ਦੋ ਵਾਰ ਨਗਰ ਕੌਂਸਲ ਦੇ ਮੀਤ ਪ੍ਰਧਾਨ ਬਣੇ। ਚੰਡੀਗੜ੍ਹ ਤਕ ਪਹੁੰਚ ਬਣਾਈ। ਤੁਹਾਡੇ ਤਾਂ ਦੇਖਣ ਦੇਖਣ ਦੀ ਗੱਲ ਐ, ਵਿਰੋਧੀ ਨੂੰ ਸਿਰ ਨ੍ਹੀ ਸੀ ਚੁੱਕਣ ਦਿੰਦੇ। ਡੈਡੀ ਜੀ ਦਾ ਬੇਵਕਤ ਕਤਲ ਨਾ ਹੁੰਦਾ—ਪਤਾ ਨ੍ਹੀ ਕਿੱਥੇ ਤਕ ਪਹੁੰਚਦੇ। ਕਿਸੇ ਨਾ ਕਿਸੇ ਦਿਨ ਵਜ਼ੀਰ ਬਣਦੇ। ਮੈਨੂੰ ਕਿਹਾ ਕਰਦੇ ਸੀ, 'ਪ੍ਰਦੀਪ! ਐਹਨਾਂ ਪਿੰਡਾਂ ਵਾਲਿਆਂ ਨੂੰ ਕਾਬੂ ਕਰਨਾ ਬੜਾ ਔਖਾ। ਪਾਲਿਸੀਆਂ ਖੇਡਣੀਆਂ ਪੈਂਦੀਆਂ। ਆਪਸ 'ਚ ਲੜਾ ਕੇ ਰੱਖਣਾ ਪੈਂਦਾ। ਜੇ ਕਾਮਯਾਬ ਹੋਣਾ ਤਾਂ ਏਹਨਾਂ ਤੋਂ ਇਕ ਦੂਜੇ ਦੇ ਸਿੰਗ ਭੰਨਾਈ ਰੱਖੋ। ਵੇਹਲੇ ਨ੍ਹੀ ਰਹਿਣੇ ਚਾਹੀਦੇ।' ਹੁਣ ਤੁਹਾਡੇ ਤਾਂ ਦੇਖਣ ਦੇਖਣ ਦੀ ਗੱਲ ਐ-ਡੈਡੀ ਜੀ ਨੇ ਸਾਰਿਆਂ ਨੂੰ ਚਾਣਕਿਆ ਵਾਂਗੂੰ ਉਂਗਲਾਂ 'ਤੇ ਨਚਾਈ ਰੱਖਿਆ।" ਲੱਛੂ ਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਪ੍ਰਦੀਪ ਆਪਣੇ ਪਿਉ ਦੇ ਗੁਣ ਦੱਸ ਰਿਹਾ ਜਾਂ ਔਗੁਣ। ਉਸਨੇ ਭਤੀਜੇ ਦੀਆਂ ਗੱਲਾਂ ਦਾ ਹੁੰਗਾਰਾ ਭਰਨਾ ਵੀ ਯੋਗ ਨਹੀਂ ਸੀ ਸਮਝਿਆ। ਉਹ ਤਾਂ ਨੀਵੀਂ ਪਾਈ ਜੁੱਤੀ ਦੀ ਨੋਕ ਨਾਲ ਮਿੱਟੀ ਪੱਟੀ ਜਾਂਦਾ ਸੀ ਜਿਵੇਂ ਬੀਤੇ ਕਈ ਵਰ੍ਹਿਆਂ 'ਤੇ ਜੰਮੀ ਪਈ ਗਰਦ ਪੱਟ ਰਿਹਾ ਹੋਵੇ।

ਜਿੰਨ੍ਹਾਂ ਦਿਨਾਂ 'ਚ ਗੋਪਾਲ ਦਾ ਵੱਡਾ ਮੁੰਡਾ ਪੜ੍ਹ ਕੇ ਫੌਜ 'ਚ ਭਰਤੀ ਹੋ ਗਿਆ ਸੀ ਤੇ ਛੋਟਾ ਮੁੰਡਾ ਪਾਲਾ ਮਾਂ ਪਿਉ ਤੋਂ ਬਾਗੀ ਹੋ ਕੇ ਚਾਚੇ ਲੱਛੂ ਕੋਲ ਆਉਣ ਜਾਣ ਲੱਗਾ ਸੀ, ਉਹਨਾਂ ਦਿਨਾਂ 'ਚ ਦਿਆਲ ਦੀ ਗਿਣਤੀ ਸ਼ਹਿਰ ਦੇ ਨਾਮਵਰ ਆੜ੍ਹਤੀਆਂ 'ਚ ਹੋਣ ਲੱਗੀ ਸੀ। ਉਸਦੀ ਆੜ੍ਹਤ ਤੋਂ ਲਏ ਵਿਆਜੂ ਪੈਸਿਆਂ ਦੇ ਜੂਲ੍ਹੇ ਹੇਠ ਆਏ ਮਾਤੜ੍ਹ ਜੱਟਾਂ ਦੇ ਅਗੂੰਠੇ ਵਹੀ ਦੇ ਪੰਨਿਆਂ 'ਤੇ ਛਪਦੇ ਜਾਂਦੇ ਸਨ। ਜਿਉਂ ਜਿਉਂ ਦਿਆਲ ਦੀ ਸੰਦੂਕੜੀ 'ਚ ਪਿੰਡਾਂ ਵਾਲਿਆਂ ਤੋਂ ਲਿਖਾਏ ਪਰੋਨੋਟਾਂ ਦੀ ਗਿਣਤੀ ਵਧਦੀ ਤੁਰੀ ਜਾਂਦੀ ਸੀ, ਦਿਆਲ ਦੇ ਸ਼ਹਿਰ ਵਿਚਲੇ ਪਲਾਟਾਂ ਦੀ ਗਣਤੀ ਵੀ ਵਧਦੀ ਜਾਂਦੀ ਸੀ। ਪੈਸੇ ਨੂੰ ਪੈਸਾ ਖਿੱਚੀ ਤੁਰਿਆ ਆਉਂਦਾ ਸੀ।

"ਘਰ ਔਰਤ ਨਾਲ ਹੁੰਦਾ। ਔਰਤ ਚਾਹੇ ਬੰਦੇ ਦੀ ਗੁੱਡੀ ਚੜ੍ਹਾ ਦੇਵੇ-ਔਰਤ ਚਾਹੇ ਬੇੜੀ ਡੋਬ ਦੇਵੇ। ਲੱਛਮੀ ਵਰਗੀ ਸੁੱਘੜ ਤੇ ਚੰਗੇ ਪੈੜੇ ਵਾਲੀ ਨੂੰਹ ਧੀਅ ਘਰ 'ਚ ਆਜੇ-ਘਰ ਕਿਤੇ ਦਾ ਕਿਤੇ ਲੈ ਜਾਂਦੀ ਐ। ਮਜਾਲ ਕੀ ਇਕ ਖੋਟਾ ਪੈਸਾ ਵੀ ਹੱਥੋਂ ਗਵਾਵੇ। ਮਾਇਆ ਸਾਂਭਣੀ ਹਾਰੀ ਸਾਰੀ ਜਨਾਨੀ ਦੇ ਵੱਸ ਦੀ ਗੱਲ ਨ੍ਹੀ-ਲੱਛਮੀ ਤਾਂ ਲੱਛਮੀ ਐ। ਲੱਛਮੀ ਵਰਗੀ ਜਨਾਨੀ ਨੇੜੇ ਤੇੜੇ ਦੇ ਸੌ ਪਿੰਡਾਂ 'ਚ ਨ੍ਹੀ ਹੋਣੀ।" ਪੰਡਿਤ ਜੀਵਨ ਪੁੱਤ ਦੀ ਚੜ੍ਹਾਈ 'ਤੇ ਬਾਗੋਬਾਗ ਸੀ। ਉਹ ਰਿਸ਼ਤੇਦਾਰੀਆਂ

'ਚ ਪੁੱਤ ਦੀ ਥਾਵੇਂ ਨੂੰਹ ਦੇ ਸੋਹਲੇ ਗਾਉਂਦਾ।

ਲੱਛੂ ਟਾਂਗਿਆਂ ਵਾਲੇ ਅੱਡੇ 'ਚ ਤਖ਼ਤਪੋਸ਼ 'ਤੇ ਬੈਠਾ ਛੋਟੇ ਭਰਾ ਬਾਰੇ ਚੱਲਦੀ ਲੋਕ ਭਾਖਿਆ ਸੁਣਦਾ। ਦਿਆਲ ਕੀ ਕਰਦਾ ਹੈ-ਕੀ ਨਹੀਂ ਕਰਦਾ, ਲੱਛੂ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਉਂਝ ਇੰਨਾ ਕੁ ਤਾਂ ਸਮਝਦਾ ਸੀ ਕਿ ਦਿਆਲ ਦੁੱਧ ਚਿੱਟੇ ਕੱਪੜਿਆਂ ਅਤੇ ਆੜ੍ਹਤ ਦੇ ਓਹਲੇ 'ਚ ਕੋਈ ਦੋ ਨੰਬਰ ਦਾ ਧੰਦਾ ਕਰਦਾ ਤੇ ਇਸ ਧੰਦੇ ਕਰਕੇ ਉਸਦੇ ਹੱਥ ਵੱਡੇ ਵੱਡੇ ਲੀਡਰਾਂ ਨਾਲ ਜੁੜ ਗਏ ਹਨ।

ਜਿੰਨ੍ਹਾਂ ਦਿਨਾਂ 'ਚ ਦਿਆਲ ਵੱਲੋਂ ਸ਼ਹਿਰ ਦੀ ਕਿਸੇ ਵਿਧਵਾ ਨਾਲ ਠੱਗੀ ਮਾਰ ਕੇ ਉਸਦੀਆਂ ਦੋ ਦੁਕਾਨਾਂ ਦੱਬ ਲੈਣ ਦੀ ਚਰਚਾ ਜ਼ੋਰਾਂ 'ਤੇ ਸੀ, ਉਹਨਾਂ ਦਿਨਾਂ 'ਚ ਹੀ ਲੱਛੂ ਦੀ ਇਮਾਨਦਾਰੀ ਦੀ ਪਰਖ ਹੋਈ ਸੀ। ਪਿੰਡ ਦੇ ਵੱਡੇ ਬੂਹੇ ਵਾਲਿਆਂ ਦੀ ਨੂੰਹ ਮੰਡੀਓਂ ਆਉਣ ਲਈ ਉਸਦੇ ਟਾਂਗੇ 'ਚ ਚੜ੍ਹੀ ਸੀ। ਗਰਮੀ ਉਸ ਦਿਨ ਕਹਿਰਾਂ ਦੀ ਸੀ। ਕਾਂ ਅੱਖ ਨਿਕਲੇ। ਪੱਤਾ ਵੀ ਨਹੀਂ ਸੀ ਹਿੱਲਦਾ। ਉਹ ਔਰਤ ਘੜੀ ਮੁੜੀ ਟੋਕਰੀ 'ਚੋਂ ਰੁਮਾਲ ਕੱਢਦੀ ਤੇ ਮੱਥੇ 'ਤੇ ਆਇਆ ਮੁੜ੍ਹਕਾ ਪੂੰਝ ਲੈਂਦੀ। ਜਿੰਨਾ ਚਿਰ ਟਾਂਗਾ ਸਵਾਰੀਆਂ ਲੈ ਕੇ ਤੁਰ ਨਹੀਂ ਪਿਆ, ਵੱਡੇ ਬੂਹੇ ਵਾਲਿਆਂ ਦੀ ਨੂੰਹ ਦਾ ਗੰਦਮੀ ਰੰਗ ਪਿਘਲ ਕੇ ਵਹਿੰਦਾ ਰਿਹਾ। ਸਵਾਰੀਆਂ ਨਾਲ ਭਰ ਕੇ ਟਾਂਗਾ ਤੁਰਿਆ ਤਾਂ ਉਸਨੂੰ ਸੁੱਖ ਦਾ ਸਾਹ ਆਇਆ ਸੀ।

ਸਾਰੇ ਰਾਹ ਲੱਛੂ ਆਪਣੇ ਘੋੜੇ ਨਾਲ ਗੱਲ਼ਾਂ ਕਰਦਾ ਆਇਆ। ਪਹਿਲੀ ਵਾਰ ਲੱਛੂ ਦੇ ਟਾਂਗੇ 'ਚ ਬਹਿਣ ਵਾਲੀਆਂ ਸਵਾਰੀਆਂ ਨੂੰ ਲੱਛੂ ਕੋਈ ਹਿੱਲਿਆ ਆਦਮੀ ਜਾਪਦਾ। ਛੋਲਿਆਂ ਨਾਲ ਰੱਜੇ ਘੋੜੇ ਦੀ ਥੋੜ੍ਹੇ ਥੋੜ੍ਹੇ ਚਿਰ ਬਾਅਦ ਹਵਾ ਸਰਕਦੀ ਤਾਂ ਹੋਰ ਜਨਾਨਾ ਸਵਾਰੀਆਂ ਵਾਂਗ ਵੱਡੇ ਬੂਹਿਆਂ ਵਾਲਿਆਂ ਦੀ ਨੂੰਹ ਵੀ ਰੁਮਾਲ ਨੱਕ ਦੁਆਲ਼ੇ ਘੁੱਟ ਲੈਂਦੀ।

"ਲੈ ਵਈ ਰੱਬ ਦੇ ਜੀਓ, ਪੰਡਿਤ ਚਿਰੰਜੀ ਦੇ ਕਹਿਣ ਆਂਗੂੰ 'ਲੰਘ ਆਏ ਆਂ ਭਵਸਾਗਰ'। ਲਵੋ ਵ੍ਹੈਗੁਰੂ ਦਾ ਨਾਂ। ਕਰਮਾਂ ਵਾਲਿਆ ਤੂੰ ਵੀ ਘੜੀ ਬਿੰਦ ਦਮ ਮਾਰ ਲੈ। ਫੇਰ ਪਿਆਉਨੈ ਤੈਨੂੰ ਵੀ ਪਾਣੀ-ਧਾਣੀ। ਪੰਡਿਤ ਚਿਰੰਜੀ ਦੇ ਕਹਿਣ ਆਂਗੂੰ 'ਤੱਤੇ ਘਾਹ ਪਾਣੀ ਪੀਣ ਨਾਲ ਗਰਮ ਸਰਦ ਹੋਣ ਦਾ ਖ਼ਤਰਾ।" ਗਰਮੀ ਨਾਲ ਹੌਂਕਦੇ ਘੋੜੇ ਦੇ ਪਿੰਡੇ 'ਤੇ ਪਿਆਰ ਭਰਿਆ ਪੋਲ਼ਾ ਪੋਲ਼ਾ ਹੱਥ ਫੇਰਦਿਆਂ ਲੱਛੂ ਨੇ 'ਪੁੱਚ ਪੁੱਚ' ਕੀਤੀ ਤਾਂ ਹੌਂਕਦਾ ਘੋੜਾ ਥੋੜ੍ਹਾ ਜਿਹਾ ਸਾਵਾਂ ਹੋ ਗਿਆ। ਸਵਾਰੀਆਂ ਬੋਝੇ ਫਰੋਲਦੀਆਂ ਬਣਦਾ ਭਾੜਾ ਦੇ ਕੇ ਰਾਹੇ ਪੈ ਗਈਆਂ ਸਨ। ਲੱਛੂ ਨੇ ਦੇਖਿਆ, ਵੱਡੇ ਬੂਹੇ ਵਾਲਿਆਂ ਦੀ ਨੂੰਹ ਟੋਕਰੀ ਫਰੋਲਦੀ ਹਾਕਲ਼ ਬਾਕਲ਼ ਹੋਈ ਪਈ ਸੀ। ਭੈਅ ਨਾਲ ਉਸਦਾ ਰੰਗ ਸੂਹਾ ਹੋ ਗਿਆ ਸੀ।

"ਕੀ ਗੱਲ ਭਾਈ ਬੀਬਾ? ਲੱਗਦੈ ਪੈਸੇ ਭੁੱਲ ਗਏ ਓਂ। ਮੇਰੇ ਪੈਸਿਆਂ ਦੀ ਫ਼ਿਕਰ ਕਰਨ ਦੀ ਲੋੜ ਨ੍ਹੀ। ਕਿਤੇ ਨੀ ਚੱਲਿਆ ਭਾੜਾ, ਫੇਰ ਆਜੂ। ਮੈਂ ਆਪੇ ਲੈ ਆਊਂ ਘਰੋਂ ਸਰਦਾਰ ਹੁਰਾਂ ਤੋਂ। ਨਾਲੇ ਕੁੜੀਏ ਪੈਸੇ ਤਾਂ ਸਹੁਰੇ ਹੱਥਾਂ ਦੀ ਮੈਲ਼ ਹੁੰਦੇ-ਮੈਂ ਪੈਸਿਆਂ ਦੇ ਮੂੰਹ ਨ੍ਹੀ ਲੱਗਦਾ। ਜੇ ਭਾੜਾ ਨਾ ਵੀ ਆਊ, ਪਹਾੜ ਨ੍ਹੀ ਢਹਿ ਚੱਲਿਆ। ਸਾਡੀ ਆਵਦੀ ਨੂੰਹ ਧੀਅ ਏਂ—ਕੋਈ ਬੇਗਾਨੀ ਨ੍ਹੀ।" ਲੱਛੂ ਨੇ ਆਖਿਆ ਤਾਂ ਉਹ ਫੁੱਟ ਫੁੱਟ ਕੇ ਰੋਣ ਲੱਗੀ ਸੀ।

"ਬਾਈ ਜੀ ਟੋਕਰੀ 'ਚੋਂ ਗਹਿਣਿਆਂ ਵਾਲਾ ਪਰਸ ਕਿਧਰੇ ਡਿੱਗ ਪਿਆ।" ਉਸਦੀ ਜਿਵੇਂ ਲੇਰ ਹੀ ਨਿਕਲ ਗਈ ਸੀ।

"ਹੈਂ! ਗਹਿਣਿਆਂ ਆਲ਼ਾ? ਭਾਈ ਸਮਾਰ ਕੇ ਵੇਖ, ਹੈਥੇ ਕਿਤੇ ਹੋਊ।" ਔਰਤ ਕੁੱਝ ਨਹੀਂ ਸੀ ਬੋਲੀ। ਉਸਨੇ ਟੋਕਰੀ ਵਿਚਲਾ ਸਾਰਾ ਸਮਾਨ ਬਾਹਰ ਕੱਢ ਕੇ ਵੇਖ ਲਿਆ ਸੀ।

"ਭਾਈ ਬੀਬਾ ਜਦੋਂ ਟਾਂਗੇ 'ਚ ਬੈਠੇ ਸੀਗੇ—ਓਦੋਂ ਟੋਕਰੀ 'ਚ ਸੀਗਾ? ਥੋਨੂੰ ਖਿਆਲ ਐ ਪੱਕਾ? ਕਿਤੇ ਹੋਰ ਥਾਵੇਂ ਨਾ ਭੁੱਲ ਆਈ ਹੋਮੇ ?"

“ਨਹੀਂ ਬਾਈ—ਸੀਗਾ। ਛੋਟੀ ਗੁੱਥਲੀ ਸੀਗੀ। ਮੈਂ ਆਪ ਰੱਖੀ ਸੀਗੀ ਐਥੇ ਟੋਕਰੀ ‘ਚ।”

ਫੇਰ ਲੱਛੂ ਕਿੰਨਾ ਚਿਰ ਐਧਰ ਓਧਰ ਤੇ ਟਾਂਗੇ ਦੀਆਂ ਸੀਟਾਂ ਥੱਲੇ ਦੇਖਦਾ ਰਿਹਾ। ਗਹਿਣਿਆਂ ਵਾਲੀ ਪੋਟਲੀ ਤਾਂ ਕਿਧਰੇ ਵੀ ਨਹੀਂ ਸੀ। ਲੱਛੂ ਨੇ ਸੁਣ ਰੱਖਿਆ ਸੀ ਕਿ ਸੋਨੇ ਨੂੰ ਧਰਤੀ ਵਿਹਲ ਦੇ ਦਿੰਦੀ ਹੈ। ਡਿੱਗੀ ਟੂੰਮ ਤਾਂ ਕਰਮਾਂ ਸੇਤੀ ਮਿਲਦੀ। ਉਹ ਨਿਰਾਸ਼ ਹੋ ਗਿਆ। ਰੋਂਦੀ ਔਰਤ ਝੱਲੀ ਨਹੀਂ ਸੀ ਜਾਂਦੀ। ਲੱਛੂ ਉਸਨੂੰ ਟਾਂਗੇ ‘ਚ ਬਹਾ ਕੇ ਘਰ ਛੱਡ ਆਇਆ। ਹੋਰ ਗੇੜਾ ਲਾਉਣ ਦਾ ਉਸਦਾ ਜੀਅ ਨਹੀਂ ਸੀ ਕੀਤਾ।

ਘਰ ਆ ਕੇ ਲੱਛੂ ਨੇ ਘੋੜੇ ਨੂੰ ਪਾਣੀ ਪਿਆਉਣ ਲਈ ਟਾਂਗੇ ਥੱਲੇ ਟੰਗੀ ਬਾਲਟੀ ਲਾਹੀ ਤਾਂ ਉਸਦੀਆਂ ਅੱਖਾਂ ਟੱਡੀਆਂ ਰਹਿ ਗਈਆਂ। ਗਹਿਣਿਆਂ ਵਾਲੀ ਪੋਟਲੀ ਬਾਲਟੀ ਵਿਚ ਪਈ ਸੀ। ਲੱਛੂ ਨੂੰ ਸਮਝਦਿਆਂ ਦੇਰ ਨਾ ਲੱਗੀ ਕਿ ਵਾਰ ਵਾਰ ਟੋਕਰੀ ‘ਚੋਂ ਰੁਮਾਲ ਕੱਢਦਿਆਂ ਗਹਿਣਿਆਂ ਵਾਲੀ ਗੁਥਲੀ ਰਿਸਕ ਕੇ ਸੀਟਾਂ ਥੱਲੇ ਡਿੱਗ ਪਈ ਹੋਊ ਤੇ ਫਿਰ ਟਾਂਗੇ ਦੀਆਂ ਫੱਟੀਆਂ ਵਿਚਲੀ ਵਿਰਲ ਰਾਹੀਂ ਥੱਲੇ ਬਾਲਟੀ ‘ਚ ਚਲੀ ਗਈ ਸੀ। ਲੱਛੂ ਦੇ ਹੱਥ ਸ਼ੁਕਰਾਨੇ ‘ਚ ਆਪ ਮੁਹਾਰੇ ਜੁੜ ਗਏ। ਉਸਨੂੰ ਲੱਗਾ ਜਿਵੇਂ ਰੱਬ ਨੇ ਉਸਦੀ ਲਾਜ ਰੱਖ ਲਈ ਹੋਵੇ। ਉਹ ਵਾਹੋ ਦਾਹੀ ਵੱਡੇ ਬੂਹਿਆਂ ਵਾਲਿਆਂ ਦੇ ਘਰ ਵੱਲ ਨੱਠ ਤੁਰਿਆ ਸੀ।

“ਤਾਇਆ ਜੀ! ਤੁਸੀਂ ਹੁਣ ਜਾਣ ਦੀ ਕਾਹਲ਼ ਨਹੀਂ ਕਰਨੀ। ਅਸੀਂ ਜਾਣ ਵੀ ਨਹੀਂ ਦੇਣਾ। ਮਸਾਂ ਤਾਂ ਲਿਆਂਦਾ ਥੋਨੂੰ। ਨਾਲੇ ਉੱਥੇ ਪਿੰਡ ‘ਚ ਹੈ ਵੀ ਕੀ ? ਐਥੇ ਜੀਪ ਥੋਡੇ ਕੋਲ਼ ਹੋਊ। ਡਰਾਈਵਰ ਪੱਕਾ ਲਾ ਦਿੱਤਾ ਤੁਹਾਡੇ ਨਾਲ। ਬੱਸ ਕਦੇ ਸ਼ੈੱਲਰ ਗੇੜਾ ਮਾਰ ਲਿਆ ਲੇਬਰ ਕੋਲ਼, ਕਦੇ ਗੋਦਾਮਾਂ ‘ਤੇ ਜਾ ਆਏ। ਕਦੇ ਫੈਕਟਰੀ ਗੇੜਾ ਮਾਰ ਲਿਆ। ਜੀਅ ਕੀਤਾ ਤਾਂ ਪੱਥਰ ਵਾਲੀ ਦੁਕਾਨ ‘ਤੇ ਜਾ ਬੈਠੇ-ਜੀਅ ਕੀਤਾ ਆੜ੍ਹਤ ਵੱਲ ਚਲੇ ਗਏ। ਦਿਲ ਕੀਤਾ ਤਾਂ ਏਧਰ ਓਧਰ ਘੁੰਮ ਫਿਰ ਲਿਆ।”

ਜਦੋਂ ਪ੍ਰਦੀਪ ਦੀ ਆਵਾਜ਼ ਨੇ ਲੱਛੂ ਨੂੰ ਯਾਦਾਂ ‘ਚੋਂ ਵਾਪਸ ਖਿੱਚਿਆ, ਉਦੋਂ ਉਹ ਟਾਂਗੇ ਹੇਠ ਟੰਗੀ ਬਾਲਟੀ ‘ਚ ਪਏ ਪੰਜ ਤੋਲ਼ਿਆਂ ਦੇ ਰਾਣੀ ਹਾਰ ਦੀ ਖੜਕਾਟ ਸੁਣ ਕੇ ਵੱਡੇ ਬੂਹਿਆਂ ਵਾਲਿਆਂ ਦੀ ਨੂੰਹ ਦੇ ਮੂੰਹ ‘ਤੇ ਆਈ ਲਾਲੀ ਵੇਖ ਰਿਹਾ ਸੀ। ਉਸਦਾ ਸਹੁਰਾ ਸਰਦਾਰ ਗੱਜਣ ਸਿਹੁੰ ਨੰਬਰਦਾਰ ਵੱਡੀ ਗੁੱਥੀ ਲੱਛੂ ਅੱਗੇ ਕਰੀ ਖੜਾ ਸੀ। “ਸਰਦਾਰ ਸਾਬ੍ਹ! ਸ਼ੁਕਰ ਐ ਬਾਬੇ ਨਾਨਕ ਦਾ, ਮੇਰੀ ਤਾਂ ਪੱਤ ਰੱਖਲੀ ਮਾਲਕ ਨੇ। ਨੀ ਤਾਂ ਸਾਰੀ ਉਮਰ ਦਾ ਕਲੰਕ ਲੱਗ ਜਾਂਦਾ। ਲੋਕਾਂ ਨੇ ਮੈਨੂੰ ਚੋਰ ਸਮਝਿਆ ਕਰਨਾ ਸੀ। ਕਹਿਣਾ ਸੀ ਲੱਛੂ ਨੇ ਕੀਤੀ ਐ ਸਾਰੀ ਗੜਬੜੀ। ਹੋਰ ਤਾਂ ਹੋਰ, ਮੈਥੋਂ ਤਾਂ ਆਵਦੀਆਂ ਅੱਖਾਂ ਦਾ ਈ ਸਾਹਮਣਾ ਨ੍ਹੀ ਸੀ ਹੋਇਆ ਕਰਨਾ। ਪੰਡਿਤ ਚਿਰੰਜੀ ਦੇ ਕਹਿਣ ਆਂਗੂੰ-ਆਵਦੀਆਂ ਨਜ਼ਰਾਂ ‘ਚ ਡਿੱਗਿਆ ਬੰਦਾ ਕਿਸੇ ਪਾਸੇ ਜੋਗਾ ਨ੍ਹੀ ਰਹਿੰਦਾ।” ਪੈਸੇ ਲੈਣ ਤੋਂ ਇਨਕਾਰ ਕਰਦਿਆਂ ਲੱਛੂ ਨੇ ਦੋਵੇਂ ਹੱਥ ਜੋੜ ਦਿੱਤੇ ਸਨ।

“ਤਾਇਆ ਜੀ, ਥੋਡੇ ਤਾਂ ਦੇਖਣ ਦੇਖਣ ਦੀ ਗੱਲ-ਪਾਲੇ ਨੂੰ ਵੀ ਕਈ ਵਾਰ ਆਖਿਆ-ਐਥੇ ਆ ਜਾ ਸਾਡੇ ਕੋਲ਼। ਮੌਜ ਕਰ। ਸ਼ੈੱਲਰ ‘ਤੇ ਗੇੜਾ ਛੇੜਾ ਮਾਰ ਛੱਡਿਆ। ਕਰਨਾ ਕਰਾਉਣਾ ਕੁੱਝ ਨ੍ਹੀ। ਲੇਬਰ ‘ਤੇ ਨਿਗਾਹ ਰੱਖਣੀ ਐ। ਮਰਜ਼ੀ ਦਾ ਪਹਿਨਿਆ ਮਰਜ਼ੀ ਦਾ ਖਾਧਾ। ਵਧੀਆ ਗੱਡੀ ਦਿਆਂਗੇ। ਕਦੇ ਜੀਅ ਕੀਤਾ ਤਾਂ ਕਿਸੇ ਸਾਮੀ ਵੱਲੀਂ ਗੇੜਾ ਮਾਰ ਲਿਆ, ਨਹੀਂ ਜੀਅ ਕੀਤਾ ਨਾ ਸਹੀ। ਜੇ ਡਰਾਈਵਰਾਂ ‘ਚ ਬਹਿਣ ਉੱਠਣ ਦਾ ਸ਼ੌਕ ਐ ਤਾਂ ਟਰਾਂਸਪੋਰਟ ਦਾ ਕੰਮ ਸੰਭਾਲ ਲਵੇ। ਜੀ ਕੇ ਮੈਮੋਰੀਅਲ ਸਕੂਲ ਦੀਆਂ ਗੱਡੀਆਂ ਦਾ ਹਿਸਾਬ ਕਿਤਾਬ ਦੇਖ ਲਿਆ ਕਰੇ, ਪਰ ਕੀ ਕਰੀਏ? ਬਾਈ ਸੁਣਦਾ ਈ ਨਹੀਂ ਕਿਸੇ ਦੀ। ਕਹਿੰਦਾ ਐਥੇ ਈ ਖੁਸ਼ ਆਂ ਪਿੰਡ ‘ਚ।” ਪ੍ਰਦੀਪ ਤਾਏ ਦੇ ਪੁੱਤ ਪਾਲੇ ਬਾਰੇ ਰੰਜ ਜ਼ਾਹਰ ਕਰ ਰਿਹਾ ਸੀ।

“ਚਲੋ ਜਿਵੇਂ ਅਗਲਾ ਖੁਸ਼ ਐ। ਉਹ ਜੀਪ ‘ਤੇ ਲੋਕਾਂ ਦਾ ਕਿਰਾਇਆ ਭਾੜਾ ਢੋਂਹਦਿਆਂ ਈ

ਬਾਗੋਬਾਗ ਰਹਿੰਦੈ।" ਲੱਛੂ ਆਖਣਾ ਤਾਂ ਚਾਹੁੰਦਾ ਸੀ, "ਪ੍ਰਦੀਪ ਸਿਆਂ-ਜਿਹੜੀ ਮਿੱਟੀ ਦਾ ਮੈਂ ਬਣਿਆਂ, ਪਾਲ਼ਾ ਵੀ ਓਸੇ ਮਿੱਟੀ ਦਾ ਈ ਬਣਿਆ। ਐਵੇਂ ਨ੍ਹੀ ਸੀ ਬਾਪ ਦਾ ਘਰ ਛੱਡ ਕੇ ਚਾਚੇ ਕੋਲ਼ ਰਹਿਣ ਲੱਗਾ। ਮੈਂ ਸਾਰੀ ਉਮਰ ਟਾਂਗਾ ਵਾਹੁੰਦਿਆਂ ਕੱਢੀ ਐ। ਆਵਦੀ ਹੱਕ ਹਲਾਲ ਦੀ ਕਰ ਕੇ ਖਾਧੀ ਐ। ਪਾਲ਼ਾ ਵੀ ਹੱਕ ਦੀ ਖਾ ਕੇ ਰਾਜੀ ਐ। ਮੇਰੇ ਵਾਂਗੂੰ ਓਹਨੂੰ ਵੀ ਨੀ ਡੰਗ ਸਕਦੀ ਮਾਇਆ ਨਾਗਣੀ।" ਪਰ ਉਸਨੇ ਇਹ ਗੱਲ ਸੰਘ ਵਿਚ ਹੀ ਘੁੱਟ ਲਈ ਸੀ।

"ਕੀ ਬਣਦਾ ਹੋਊ ਭਾੜਾ ਢੋਹਦਿਆਂ? ਦੋ ਟਾਈਮ ਦੀ ਰੋਟੀ ਨਹੀਂ ਚੱਲਦੀ ਹੋਣੀ ਚੱਜ ਹਾਲ ਨਾਲ। ਜਿੰਨੇ ਉਹ ਮਹੀਨੇ 'ਚ ਕਮਾਉਂਦਾ ਐ ਨਾ-ਓਨੇ ਤਾਂ ਸਾਥੋਂ ਲਾਗੀ ਵਗਾਰੀ ਦਿਨ ਤਿਓਹਾਰ 'ਤੇ ਊਈਂ ਲੈ ਜਾਂਦੇ। ਐਵੇਂ ਪਿੰਡ ਵਾਲਿਆਂ ਦੀਆਂ ਬਗਾਰਾਂ ਢੋਈ ਜਾਂਦਾ ਹੋਊ ਮੁਫ਼ਤੋ-ਮੁਫਤੀ। ਹੋਰ ਅੰਦਰਲੀ ਖੁਸ਼ੀ ਕਿਹੜੀ ਮਿਲ ਜਾਂਦੀ ਹੋਊ?" ਪ੍ਰਦੀਪ ਨੇ ਨੱਕ ਚੜ੍ਹਾਇਆ ਸੀ।

ਲੱਛੂ ਨੇ ਮਨ ਹੀ ਮਨ ਪ੍ਰਦੀਪ ਨੂੰ ਪੰਜ ਸੱਤ ਮੋਟੀਆਂ ਮੋਟੀਆਂ ਗਾਹਲ਼ ਕੱਢੀਆਂ।

"ਗੱਲ਼ ਤਾਂ ਸਾਰੀ ਖੁਸ਼ੀ ਦੀ ਐ। ਕੋਈ ਕਿਤੋਂ ਖੁਸ਼ੀ ਭਾਲ਼ ਲੈਂਦਾ ਕੋਈ ਕਿਤੋਂ। ਬਥੇਰੇ ਲੋਕ ਹੈਗੇ ਜਿਹੜੇ ਮਾਰਾਂ ਧਾੜਾਂ ਕਰਕੇ ਖੁਸ਼ ਹੁੰਦੇ-ਬਥੇਰੀ ਦੁਨੀਆ ਹੈਗੀ ਜਿਹੜੀ ਡੇਰਿਆਂ 'ਚੋਂ ਖੁਸ਼ੀ ਭਾਲਦੀ ਫਿਰਦੀ ਐ। ਆਪਣੇ ਪਾਲ਼ੇ ਵਰਗੇ ਵੀ ਹੈਗੇ ਜੇਹੜੇ ਗ਼ਰੀਬ ਗੁਰਬੇ ਦੀਆਂ ਬੈਗਾਰਾਂ 'ਚੋਂ ਈ ਖੁਸ਼ੀਆਂ ਭਾਲ਼ ਲੈਂਦੇ।" ਲੱਛੂ ਨੇ ਆਪਣੀ ਗੱਲ਼ ਦਾ ਅਸਰ ਜਾਚਣ ਲਈ ਚੋਰ ਅੱਖ ਨਾਲ ਪ੍ਰਦੀਪ ਵੱਲ ਵੇਖਿਆ। ਉਸਦੇ ਮੱਥੇ ਉੱਤਲੇ ਵੱਟ ਹੋਰ ਸੰਘਣੇ ਹੋ ਗਏ ਸਨ। ਲੱਛੂ ਨੇ ਮਨ ਹੀ ਮਨ ਪ੍ਰਦੀਪ ਨੂੰ ਆਖਿਆ, "ਪੰਡਿਤ ਚਿਰੰਜੀ ਦੇ ਕਹਿਣ ਆਂਗੂੰ ਅਸਲ ਸੇਵਾ ਓਹੀ ਹੁੰਦੀ ਜੇਹੜੀ ਬਿਨਾਂ ਕਿਸੇ ਲੋਭ ਲਾਲਚ ਦੇ ਕੀਤੀ ਜਾਵੇ। ਜੀਹਨੂੰ ਤੂੰ ਬੈਗਾਰ ਕਹਿਨੈ-ਉਹ ਅਸਲ ਸੇਵਾ ਐ। ਪਾਲਾ ਹਨੇਰੇ ਸਵੇਰੇ ਲੋੜ ਪਈ ਤੋਂ ਗ਼ਰੀਬ ਗੁਰਬੇ ਨੂੰ ਆਵਦੀ ਜੀਪ 'ਤੇ ਸ਼ਹਿਰ ਲਿਜਾਂਦਾ। ਮੈਂ ਵੀ ਬਿੰਦ ਨ੍ਹੀ ਸੀ ਲਾਉਂਦਾ ਹੁੰਦਾ। ਅੱਧੀ ਰਾਤੇ ਕਿਸੇ ਮਾਤੜ੍ਹ ਬੰਦੇ ਨੇ ਵਾਜ ਮਾਰੀ-ਓਸੇ ਵੇਲ਼ੇ ਘੋੜੇ ਨੂੰ ਟਾਂਗੇ ਅੱਗੇ ਜੋੜ ਲੈਣਾ। ਅਗਲੇ ਦੇ ਮਰੀਜ਼ ਨੂੰ ਸ਼ੈਅਰ ਪੁਚਾਉਣਾ। ਧੇਲਾ ਨ੍ਹੀ ਸੀ ਲਿਆ ਕਦੇ ਕਿਸੇ ਤੋਂ। ਏਹ ਹੁੰਦੀ ਸੇਵਾ। ਅਸਲ ਪੁੰਨ ਦਾਨ। ਤੇਰੇ ਆਂਗੂੰ ਡਰਾਮੇਬਾਜ਼ੀਆਂ ਨ੍ਹੀ ਸੀ ਹੁੰਦੀਆਂ ਸਾਡੇ ਤੋਂ।"

"ਚੰਗਾ ਤਾਇਆ, ਮੈਂ ਜ਼ਰਾ ਸਰਕਟ ਹਾਊਸ ਜਾ ਆਵਾਂ। ਵਪਾਰ ਮੰਡਲ ਦੀ ਜ਼ਰੂਰੀ ਮੀਟਿੰਗ ਐ। ਪਰਸੋਂ ਸਾਡਾ ਸਾਰਿਆਂ ਦਾ ਸੀ ਐੱਮ ਸਾਹਿਬ ਨੂੰ ਮਿਲਣ ਦਾ ਪਰੋਗਰਾਮ ਬਣਿਆ ਹੋਇਆ। ਤੁਸੀਂ ਸ਼ੈੱਲਰ 'ਤੇ ਗੇੜਾ ਮਾਰ ਆਇਓ। ਓਦੂੰ ਬਾਅਦ ਜੇ ਮੰਦਰ ਗੁਰਦੁਆਰੇ ਜਾਂ ਕਿਤੇ ਹੋਰ ਜਾਣ ਦਾ ਮਨ ਬਣਦਾ ਹੋਇਆ ਤਾਂ ਜਾ ਆਉਣਾ।" ਪ੍ਰਦੀਪ ਨੇ ਲੱਛੂ ਨੂੰ ਆਖਦਿਆਂ ਨਾਲ ਦੀ ਨਾਲ ਦੂਰ ਖੜ੍ਹੇ ਡਰਾਈਵਰ ਨੂੰ ਆਵਾਜ਼ ਮਾਰ ਕੇ ਕੋਲ਼ ਬੁਲਾਇਆ ਤੇ ਹਿਦਾਇਤਾਂ ਸੁਣਾ ਦਿੱਤੀਆਂ, "ਕਰਮਿਆ, ਤਾਇਆ ਜੀ ਨੂੰ ਸ਼ੈੱਲਰ 'ਤੇ ਘੁਮਾ ਲਿਆ। ਆਪਣਾ ਸਾਰਾ ਕੰਮ ਕਾਰ ਵਿਖਾ ਦੇਵੀਂ। ਹੁਣ ਤਾਇਆ ਜੀ ਨੇ ਈ ਰਿਹਾ ਕਰਨਾ ਥੋਡੇ ਕੋਲ਼ੇ। ਮੇਰਾ ਤਾਂ ਥੋਨੂੰ ਪਤਾ-ਜੇ ਅੱਜ ਏਥੇ ਆਂ ਤਾਂ ਕੱਲ੍ਹ ਨੂੰ ਚੰਡੀਗੜ੍ਹ। ਸਾਡੇ ਕਿੱਥੇ ਪੈਰ ਲੱਗਦੇ? ਬੱਸ ਚੱਲ ਸੋ ਚੱਲ। ਔਰ ਸੁਣ, ਆਉਂਦਾ ਹੋਇਆ ਸਕੂਲ 'ਚ ਵੀ ਗੇੜਾ ਕਢਾ ਲਿਆਈਂ।"

ਲੱਛੂ ਨੂੰ ਨਾ ਚਾਹੁੰਦਿਆਂ ਵੀ ਸ਼ੈੱਲਰ ਜਾਣ ਲਈ ਡਰਾਈਵਰ ਨਾਲ ਗੱਡੀ 'ਚ ਬੈਠਣਾ ਪਿਆ ਸੀ।

"ਪ੍ਰਦੀਪ ਬਾਊ ਦਾ ਮਸਤਕ ਬੜਾ ਤੇਜ਼ ਐ। ਪੈਸਾ ਤਾਂ ਏਹਨਾਂ ਮਗਰ ਆਏਂ ਤੁਰਿਆ ਫਿਰਦਾ ਜਿਵੇਂ ਅਵਾਰਾ ਕੁੱਤੀ ਮਗਰ ਲੁਟਰ ਕੁੱਤੇ। ਜਾਂ ਆਏਂ ਕਹਿ ਲੋ ਜਿਵੇਂ ਕਿਸੇ ਬੈਤਲ ਤੀਵੀਂ ਮਗਰ ਲਗੌੜ ਲੱਗ ਤੁਰਦੀ ਐ-ਬਾਵੂ ਮਗਰ ਆਏਂ ਪੈਸਾ ਲੱਗਿਆ ਫਿਰਦੈ। ਹਾ ਹਾ ਹਾ।" ਕਰਮੇ ਨੇ ਜ਼ਰਦਾ ਲੱਗੇ ਬੁੱਲ੍ਹਾਂ 'ਚੋਂ ਥੁੱਕ ਦੀ ਪਿਚਕਾਰੀ ਸ਼ੀਸ਼ੇ ਰਾਹੀਂ ਬਾਹਰ ਦੂਰ ਵਗਾਹ ਮਾਰੀ। ਲੱਛੂ ਨੂੰ ਕਚਿਆਣ ਆਈ।

"ਜਿਵੇਂ ਸਿਆਣੇ ਕਹਿੰਦੇ ਹੁੰਦੇ-ਪੈਸੇ ਨੂੰ ਪੈਸਾ ਖਿੱਚੀ ਤੁਰਿਆ ਆਉਂਦਾ। ਅਸਲ 'ਚ ਨਾ-ਬਾਊ ਨੂੰ ਢੰਗ ਵੀ ਆਉਂਦਾ ਕਮਾਈ ਕਰਨ ਦਾ। ਉੱਤੇ ਤਕ ਹੱਥ ਰਲ਼ਾ ਕੇ ਰੱਖਦਾ। ਹੱਥ ਵੀ ਖੁੱਲ੍ਹਾ ਬਾਊ ਪ੍ਰਦੀਪ ਦਾ। ਜੇਹੜੇ ਅਫ਼ਸਰ ਨੂੰ ਲੱਖ ਦੇਣਾ ਹੁੰਦਾ ਓਹਨੂੰ ਡੂਢ ਲੱਖ ਦਿੰਦਾ ਤੇ ਡੂਢ ਲੱਖ ਵਾਲੇ ਨੂੰ ਤਿੰਨ ਦਿੰਦਾ। ਐਸ ਮਾਮਲੇ 'ਚ ਕੋਈ ਕੰਜੂਸੀ ਨ੍ਹੀਂ। ਜ਼ਿਲ੍ਹੇ ਦੇ ਅੱਧੇ ਅਫ਼ਸਰਾਂ ਦੇ ਜੁਆਕਾਂ ਦੀਆਂ ਫੀਸਾਂ ਬਾਵੂ ਤਾਰਦਾ। ਹੋਰ ਤਾਂ ਹੋਰ ਅਫ਼ਸਰਾਂ ਦੀਆਂ ਜਨਾਨੀਆਂ ਦੀਆਂ ਪਾਰਟੀਆਂ ਦਾ ਖਰਚਾ ਵੀ ਬਾਵੂ ਝੱਲਦਾ। ਹੁਣ ਐਤਕੀਂ ਦੀ ਈ ਲੈ ਲੋ। ਧਾਨ ਦੇ ਟਰੱਕਾਂ ਦੇ ਟਰੱਕ ਬਿਹਾਰ 'ਚੋਂ ਲਿਆਂਦੇ। ਛੀ ਸੱਤ ਸੌ ਕਵਿੰਟਲ ਦੇ ਸਾਬ੍ਹ ਨਾਲ ਵਾਧੂ ਮਿਲ ਜਾਂਦਾ ਓਥੋਂ। ਓਥੇ ਗੌਰਮਿੰਟ ਦੇ ਪੱਕੇ ਰੇਟ ਹੈਨੀ ਐਥੋਂ ਵਾਂਗ। ਓਹੀ ਧਾਨ ਐਥੇ ਲਿਆ ਕੇ ਅਠਾਰਾਂ-ਓਨੀ ਸੌ ਨੂੰ ਵੇਚ ਦਿੱਤਾ ਮੰਡੀ 'ਚ। ਸਾਰੇ ਖਰਚੇ ਕੱਢ ਕੇ ਇੱਕ ਕਵਿੰਟਲ ਮਗਰ ਅੱਠ ਸੈਅ ਬਚ ਜਾਂਦਾ। ਮੋਟਾ ਜਿਆ ਸਾਬ੍ਹ ਵੀ ਲਾਈਏ ਤਾਂ—ਮੇਰੇ ਸਾਬ੍ਹ ਨਾਲ ਵਾਹਵਾ ਈ ਪੈਸਾ ਬਣ ਗਿਆ ਹੋਊ।" ਅੱਠਵੀਂ ਫੇਹਲ ਡਰਾਈਵਰ ਕਰਮੇ ਨੇ ਆਵਦੇ ਵੱਲੋਂ ਹਿਸਾਬ ਲਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਉਸਦਾ ਹਿਸਾਬ ਫੇਹਲ ਹੋ ਗਿਆ। ਲੱਛੂ ਨੂੰ ਆਪਣੇ ਕੰਨਾਂ 'ਚੋਂ ਸੇਕ ਨਿਕਲਦਾ ਮਹਿਸੂਸ ਹੋਇਆ।

"ਤਾਇਆ ਜੀ --ਐਨੀਆਂ ਜੈਦਾਤਾਂ ਐਮੇਂ ਕਿਮੇ ਨ੍ਹੀਂ ਬਣਦੀਆਂ, ਸੌ ਤਰ੍ਹਾਂ ਦੇ ਹੱਥ ਪੈਰ ਮਾਰਨੇ ਪੈਂਦੇ।" ਡਰਾਈਵਰ ਨੇ 'ਸੌ ਤਰ੍ਹਾਂ ਦੀ ਖੋਹਾ ਖਿੱਚੀ ਕਰਨੀ ਪੈਂਦੀ' ਦੀ ਥਾਂ 'ਸੌ ਤਰ੍ਹਾਂ ਦੇ ਹੱਥ ਪੈਰ ਮਾਰਨੇ ਪੈਂਦੇ' ਆਖਦਿਆਂ ਬੁੱਲ੍ਹਾਂ ਵਿਚਲੇ ਤੰਮਾਕੂ ਨੂੰ ਸੱਜੇ ਹੱਥ ਦੀ ਪਹਿਲੀ ਉਂਗਲ਼ ਨਾਲ ਕੱਢ ਕੇ ਬਾਹਰ ਸੁੱਟਿਆ ਤੇ ਉਂਗਲ਼ ਆਪਣੀ ਕਮੀਜ਼ ਨਾਲ ਸਾਫ਼ ਕਰ ਲਈ।

"ਥੋਡੇ ਬਾਵੂ ਨੇ ਲੋੜ ਨਾਲੋਂ ਕੁੱਛ ਜਿਆਦਾ ਈ ਹੱਥ ਪੈਰ ਮਾਰਲੇ?" ਲੱਛੂ ਡਰਾਈਵਰ ਵੱਲ ਟੇਢਾ ਜਿਹਾ ਝਾਕਿਆ। ਉਸਨੂੰ ਤਾਇਆ ਚਿਰੰਜੀ ਯਾਦ ਆਇਆ ਸੀ ਜੋ ਅਕਸਰ ਆਖਦਾ, "ਓਨਾ ਈ ਖਾਈਏ ਜਿੰਨਾ ਹਜ਼ਮ ਹੋਜੇ। ਲੱਪ ਗੜੱਪੀਂ ਖਾਣ ਨਾਲ ਬਦਹਜ਼ਮੀ ਹੋ ਜਾਂਦੀ ਐ।" ਲੱਛੂ ਸ਼ੀਸ਼ੇ ਤੋਂ ਬਾਹਰ ਦੇਖਦਿਆਂ ਦਾਹੜੀ ਦੇ ਵਾਲ਼ ਪੁੱਟਦਾ ਰਿਹਾ।

"ਬਾਵੂ ਵਰਗਾ ਦਿਲ ਹੈਨੀ ਕਿਸੇ 'ਚ। ਜਾਹ ਖਾਂ ਕਿਸੇ ਨੂੰ ਖਾਲੀ ਹੱਥ ਮੁੜਨ ਦਿੱਤਾ ਹੋਵੇ। ਬਾਵੂ ਦੇ ਘਰੋਂ ਜਗਰਾਤੇ ਵਾਲਿਆਂ ਨੂੰ ਵੀ ਮਾਇਆ ਜਾਂਦੀ ਐ ਤੇ ਬਾਕੀ ਧਰਮ ਅਸਥਾਨਾਂ ਨੂੰ ਵੀ। ਬਾਵੂ ਸਾਰਿਆਂ ਨੂੰ ਈ ਗੱਫੇ ਬਖਸ਼ ਦਿੰਦਾ। ਆਹ ਥੋਡੇ ਸਾਮਣ੍ਹੇ ਈ ਐ-ਅੱਜ ਵਾਲੇ ਫੰਕਸ਼ਨ 'ਤੇ ਈ ਕਿੰਨੇ ਲਾ ਤੇ !"

ਲੱਛੂ ਨੇ ਕੋਈ ਜੁਆਬ ਨਾ ਦਿੱਤਾ। ਉਹ ਤਾਂ ਆਪਣੇ ਖਿਆਲੀਂ ਆਥਣ ਤਕ ਕਿਰਾਏ ਭਾੜੇ ਵਜੋਂ ਇਕੱਠੀ ਹੋਈ ਭਾਨ ਗਿਣੀ ਜਾ ਰਿਹਾ ਸੀ।

"ਤਾਇਆ ਜੀ ਕਿਸੇ ਡੂੰਘੀ ਸੋਚ 'ਚ ਫਸੇ ਲੱਗਦੇ ਓਂ?" ਆਪਣੀ ਗੱਲ ਦਾ ਹੁੰਗਾਰਾ ਨਾ ਮਿਲਦਾ ਵੇਖ ਡਰਾਈਵਰ ਨੇ ਆਵਾਜ਼ ਉੱਚੀ ਕੀਤੀ।

"ਹੂੰ! ਆਹੋ!! ਇਕ ਗੱਲ ਦੀ ਸਮਝ ਨ੍ਹੀਂ ਆਉਂਦੀ-ਥੋਡਾ ਬਾਵੂ ਐਨਾ ਪੈਸਾ ਸੰਭਾਲਦਾ ਕਿਮੇ ਹੋਊ?"

"ਹਾ ਹਾ ਹਾ ਹਾ! ਮੈਂ ਵੀ ਸੋਚੀ ਜਾਂਦਾ ਸੀਗਾ ਵ੍ਹੀ ਤਾਇਆ ਏਹ ਸਵਾਲ ਪੁੱਛੂ ਜਰੂਰ।" ਕਰਮੇ ਨੇ ਸ਼ੀਸ਼ਾ ਨੀਵਾਂ ਕਰਕੇ ਵਿਰਲਿਆਂ ਦੰਦਾਂ 'ਚੋਂ ਥੁੱਕ ਦੀ ਪਿਚਕਾਰੀ ਬਾਹਰ ਸੁੱਟੀ।

"ਜਿਹੜੇ ਕਰਿੰਦੇ ਬਾਵੂ ਦੇ ਸ਼ੈੱਲਰ 'ਚ ਕੰਮ ਕਰਦੇ ਐ ਨਾ—ਲੱਖਾਂ ਕਰੋੜਾਂ ਤਾਂ ਓਨ੍ਹਾਂ ਦੇ ਖਾਤਿਆਂ 'ਚ ਈ ਚੜ੍ਹਿਆ ਫਿਰਦਾ।"

"ਹੈਂ?"

"ਹੋਰ ਕੀ ਮੈਂ ਝੂਠ ਮਾਰਦੈਂ? ਵੱਡੇ ਲੋਕਾਂ ਨੂੰ ਐਹੇ ਜ੍ਹੇ ਬਥੇਰੇ ਟਟਵੈਰ ਕਰਨੇ ਪੈਂਦੇ। ਬਾਵੂ ਨੇ ਸਾਰੇ ਕਰਿੰਦਿਆਂ ਦੀਆਂ ਬੈਂਕ ਕਾਪੀਆਂ ਫੜ ਕੇ ਰੱਖੀਆਂ ਹੋਈਆਂ। ਦੋ ਨੰਬਰ ਦੇ ਲੱਖਾਂ ਕਰੋੜਾਂ

ਰੁਪਈਏ ਓਨ੍ਹਾਂ ਖਾਤਿਆਂ ਰਾਹੀਂ ਏਧਰ ਓਧਰ ਹੁੰਦੇ ਰਹਿੰਦੇ। ਸਹੀ ਪੁੱਛੇਂ, ਟੈਕਸ ਬਚਾਉਣ ਆਸਤੇ ਪਤਾ ਨ੍ਹੀ ਕਿੰਨੇ ਕੁ ਪਾਪੜ ਵੇਲਦੇ ਬਾਵੂ ਹੋਰੀਂ।"

ਲੱਛੂ ਦੀਆਂ ਅੱਖਾਂ ਫੈਲ਼ ਕੇ ਵੱਡੀਆਂ ਹੋ ਗਈਆਂ। ਉਸਦੇ ਅੰਦਰੋਂ ਚਿਰੰਜੀ ਬੋਲਣ ਲੱਗਾ, "ਬੰਦਾ ਬੇਸ਼ੱਕ ਥੋੜੀ ਖਾ ਲਏ-ਪਰ ਖਾਵੇ ਹੱਕ ਹਲਾਲ ਦੀ।"

"ਸਕੂਲ ਦੇ ਨਾਲ ਕਾਲਿਜ ਖੋਲ੍ਹਣ ਦੀ ਸਕੀਮ ਐ ਬਾਵੂ ਦੀ। ਆਹ ਕੰਬਲ਼ ਵੰਡਣ ਵਾਲਾ ਝੰਜਟ ਵੀ ਏਸੇ ਕਰਕੇ ਈ ਕੀਤਾ।" ਕਰਮੇ ਨੇ ਅਵਾਰਾ ਕੁੱਤੇ ਨੂੰ ਗੱਡੀ ਥੱਲੇ ਆਉਣ ਤੋਂ ਬਚਾਉਣ ਦੀ ਕੋਸ਼ਿਸ਼ ਤਾਂ ਕੀਤੀ ਪਰ ਗੱਡੀ ਦਾ ਇਕ ਟਾਇਰ ਉਸਦੀਆਂ ਲੱਤਾਂ 'ਤੇ ਚੜ੍ਹ ਗਿਆ ਸੀ। ਕੁੱਤਾ ਲੰਗੜਾਉਂਦਾ ਹੋਇਆ ਚਊਂ ਚਊਂ ਕਰਦਾ ਦੂਰ ਭੱਜ ਗਿਆ।

"ਹੁਣ ਤੁਸੀਂ ਪੁੱਛੋਂਗੇ ਵ੍ਹੀ ਕੰਬਲ਼ ਵੰਡਣ ਦਾ ਕਾਲਿਜ ਖੋਲ੍ਹਣ ਨਾਲ ਕੀ ਸਬੰਧ ?"

"ਕੋਈ ਡਰਾਮਾ ਡਰੂਮਾ ਈ ਹੋਊ !" ਆਵਾਜ਼ ਮਸਾਂ ਹੀ ਲੱਛੂ ਦੇ ਸੰਘ 'ਚੋਂ ਬਾਹਰ ਆਈ।

"ਇਹ ਜਿੰਨ੍ਹਾਂ ਨੂੰ ਕੰਬਲ਼ ਲੈਣ ਲਈ ਬੁਲਾਇਆ-ਏਹ ਸਾਰੇ ਧੱਕਾ ਬਸਤੀ ਦੇ ਰਹਿਣ ਵਾਲੇ ਆ। ਆਪਣੇ ਸਕੂਲ ਦੇ ਨਾਲ ਲੱਗਦੀ ਸਾਰੀ ਬਸਤੀ। ਬਾਵੂ ਨੇ ਮਿੱਠੇ ਪਿਆਰੇ ਹੋ ਕੇ ਥਾਂ ਖਾਲ਼ੀ ਕਰਵਾਉਣੀ ਕਾਲਿਜ ਵਾਸਤੇ। ਬਾਵੂ ਦੀਆਂ ਤਾਂ ਵੱਡੀਆਂ ਸੋਚਾਂ—ਕਹਿੰਦੇ ਕਿਸੇ ਦਿਨ ਨੂੰ ਯੂਨੀਬਰੱਸਟੀ ਬਣਾਉਣੀ ਏਥੇ।"

"ਏਹ ਗ਼ਰੀਬ ਕਿੱਥੇ ਜਾਣਗੇ ਬਸਤੀ ਵਾਲੇ?"

"ਬਾਵੂ ਨੇ ਏਹਨਾਂ ਨੂੰ ਹੋਰ ਕਿਸੇ ਥਾਂ ਪਲਾਟ ਲੈ ਕੇ ਦੇਣ ਦਾ ਵਾਅਦਾ ਕੀਤਾ। ਘਰ ਪਾਉਣ ਵਾਸਤੇ ਪੈਸਾ ਵੀ ਦੇਣਗੇ। ਮੇਰੇ ਸਾਬ੍ਹ ਨਾਲ ਦੋਵੇਂ ਧਿਰਾਂ ਨੂੰ ਈ ਫੈਦਾ।"

"ਮੰਨ ਜਾਣਗੇ ਲੋਕ?"

"ਮੰਨਣਗੇ ਕਿਉਂ ਨਾ? ਬਾਵੂ ਕੋਲ ਬਥੇਰੇ ਢੰਗ ਐ। ਘਿਉ ਸਿੱਧੀ ਉਂਗਲ਼ ਨਾਲ ਨਾ ਨਿਕਲ਼ੇ ਤਾਂ ਬਾਵੂ ਨੂੰ ਉਂਗਲ਼ ਵਿੰਗੀ ਕਰਨੀ ਵੀ ਆਉਂਦੀ ਐ।"

"ਕੀ ਮਤਬਲ?"

"ਪੁਲਿਸ ਆਲ਼ੇ ਥਾਣੇਦਾਰਾਂ ਅਪਸਰਾਂ ਨੂੰ ਐਵੇਂ ਤਾਂ ਨ੍ਹੀ ਪੈਸਾ ਖਵਾਉਂਦਾ। ਧੱਕਾ ਬਸਤੀ ਦੇ ਜਿਹੜੇ ਬੰਦੇ ਅੜਨਗੇ-ਬਾਵੂ ਪੰਜਾਂ ਦਸਾਂ 'ਤੇ ਪਰਚਾ ਪਵਾ ਦੇਊ। ਕਿਸੇ 'ਤੇ ਚੋਰੀ ਦਾ-ਕਿਸੇ 'ਤੇ ਬਲੈਕ ਦਾ। ਛਿੱਤਰ ਪੌਲਾ ਵੀ ਕਰਾ ਦੇਊ। ਆਖਰ ਨੂੰ ਤਾਂ ਮੰਨਣਾ ਈ ਪੈਣਾ। ਤੁਸੀਂ ਦੱਸੋ-ਮੰਨਣਗੇ ਨਾ ਤਾਂ ਹੋਰ ਕੀ ਕਰਨਗੇ ?" ਕਰਮਾ ਬੜੀ ਕਸੂਤੀ ਜਿਹੀ ਹਾਸੀ ਹੱਸਿਆ।

"ਜੀਹਦੀਆਂ ਅੱਖਾਂ 'ਚੋਂ ਸ਼ਰਮ ਹਯਾ ਮੁੱਕਜੇ-ਆਵਦਾ ਮਤਬਲ ਹੱਲ ਕਰਨ ਆਸਤੇ ਕੁੱਛ ਵੀ ਕਰ ਸਕਦਾ।" ਲੱਛੂ ਨਹੀਂ ਜਿਵੇਂ ਪੰਡਿਤ ਚਿਰੰਜੀ ਲਾਲ ਬੋਲਿਆ ਸੀ।

"ਤਾਇਆ ਥੋਨੂੰ ਤਾਂ ਮਾਣ ਹੋਣਾ ਚਾਈਦਾ ਆਵਦੇ ਭਤੀਜੇ 'ਤੇ। ਬਾਵੂ ਨੇ ਨਾਂ ਚਮਕਾ ਤਾ ਥੋਡਾ। ਮੇਰਾ ਕਹਿਣ ਦਾ ਮਲਬ ਛੋਟੇ ਜ੍ਹੇ ਪਿੰਡ ਤੋਂ ਉੱਠ ਕੇ ਐਡਾ ਪਹਾੜ ਜਿੱਡਾ ਕਾਰੋਬਾਰ ਖੜ੍ਹਾ ਕਰ ਲਿਆ। ਛੋਟੀ ਗੱਲ਼ ਨ੍ਹੀ-ਬੜੀ ਵੱਡੀ ਗੱਲ ਐ।"

"ਕਿੱਡੀ ਕੁ ਵੱਡੀ?" ਲੱਛੂ ਨੇ ਆਵਾਜ਼ਾਰੀ ਜਿਹੀ 'ਚ ਕਾਹਲ਼ੀ ਕਾਹਲ਼ੀ ਨਾਲ ਦਾਹੜੀ 'ਚੋਂ ਦੋ ਤਿੰਨ ਵਾਲ਼ ਪੁੱਟੇ। ਉਸਨੂੰ ਪੰਡਿਤ ਚਿਰੰਜੀ ਦੀ ਆਖੀ ਗੱਲ ਯਾਦ ਆਈ ਸੀ, "ਮੈਂ ਨ੍ਹੀ ਕਹਿੰਦਾ ਵੱਡੀਆਂ ਜੈਦਾਤਾਂ ਆਲ਼ੇ ਕਮੀਨੇ ਹੁੰਦੇ ਐ ਪਰ ਵੱਡੀ ਜੈਦਾਤ ਕਮੀਨਗੀ ਬਿਨਾਂ ਬਣਦੀ ਨ੍ਹੀ।" ਲੱਛੂ ਨੇ ਕਰਮੇ ਵੱਲ ਸੁਆਲੀਆ ਨਜ਼ਰਾਂ ਨਾਲ ਵੇਖਿਆ।

"ਤਾਇਆ! ਪ੍ਰਦੀਪ ਬਾਵੂ ਆਂਹਦਾ ਸੀ-ਤੁਸੀਂ ਮੀਨ੍ਹਾ ਦੋ ਮੀਨ੍ਹੇ ਰਏਂਗੇ। ਮੈਂ ਕਹਿਨੈ ਥੋਨੂੰ ਅਹੀਂ ਜਾਣ ਈ ਨ੍ਹੀ ਦੇਣਾ। ਮੇਰੇ ਕਹਿਣ ਦਾ ਮਲਬ ਅਹੀਂ ਤਾਂ ਕੀ ਰੋਕਣਾ—ਤੁਸੀਂ ਆਪ ਈ ਨ੍ਹੀ ਨਾਂ ਲੈਣਾ ਜਾਣ ਦਾ। ਤੁਸੀਂ ਹੁਣ ਮੌਜ ਨਾਲ ਰਾਗ ਰੰਗ ਵੇਖੋ ਭਤੀਜੇ ਦੇ ਕਾਰੋਬਾਰ ਦੇ।" ਕਰਮੇ ਨੇ

ਬਰੇਕ ਮਾਰ ਕੇ ਗੱਡੀ ਸੜਕ ਦੇ ਇਕ ਪਾਸੇ ਲਾ ਦਿੱਤੀ।

"ਤਾਇਆ !"

"ਹੂੰ?"

"ਔਹ ਦੂਰ ਤਕ ਜਿਹੜੀ ਜਮੀਨ ਵੇਂਹਦੇ ਓਂ ਨਾ---?"

"ਹੂੰ!"

"ਐਸ ਜਮੀਨ 'ਤੇ ਬਾਵੂ ਪ੍ਰਦੀਪ ਜੀ ਕਿਸੇ ਵੱਡੀ ਕੰਪਨੀ ਨਾਲ ਰਲ਼ ਕੇ ਕੋਈ ਫੈਕਟਰੀ ਲਾ ਰਹੇ।"

"ਹੱਛਾ!"

"ਹੁਣ ਨੂੰ ਤਾਂ ਫੈਕਟਰੀ ਲਾ ਵੀ ਦੇਣੀ ਸੀ—ਬੱਸ ਥੋੜਾ ਜਿਆ ਚੱਕਰ ਪਿਆ ਖੜ੍ਹਾ।"

" ਚੱਕਰ? -ਕਾਹਦਾ?"

"ਸਰਕਾਰ ਨੇ ਕੰਪਨੀ ਨੂੰ ਏਹ ਜਮੀਨ ਅਕਵੈਰ ਕਰਕੇ ਦੇਣੀ ਐ। ਮੇਰੇ ਕਹਿਣ ਦਾ ਮਲਬ ਕਿਸਾਨਾਂ ਤੋਂ ਜਮੀਨ ਲੈ ਕੇ ਦੇਣ ਦੀ ਜਿੰਮੇਵਾਰੀ ਸਰਕਾਰ ਦੀ ਐ। ਜਮੀਨ ਦਾ ਰੇਟ ਵੀ ਚੰਗਾ ਨਿਕਲਿਆ। ਪਰ ਥੋਨੂੰ ਪਤਾ—ਅੱਜਕੱਲ੍ਹ ਲੀਡਰ ਈ ਬਾਹਲੇ ਉੱਠ ਖੜ੍ਹੋਤੇ। ਗੱਲ ਕੀ ਘਰ ਘਰ ਈ ਲੀਡਰ ਪੈਦਾ ਹੋਗੇ। ਫੈਕਟਰੀ ਆਸਤੇ ਜਮੀਨ ਛੱਡਣ ਨੂੰ ਤਿਆਰ ਈ ਨ੍ਹੀ। ਤੀਏ ਦਿਨ ਜਿੰਦਾਬਾਦ ਮੁਰਦਾਬਾਦ ਹੁੰਦੀ ਰਹਿੰਦੀ ਐ। ਯੂਨੀਅਰ ਵਾਲੇ ਲੈ ਕੇ ਝੰਡੀਆਂ ਜਈਆਂ ਧਰਨਾ ਲਾ ਬਹਿੰਦੇ। ਕਈ ਵਾਰ ਲਾਠੀਚਾਰਜ ਵੀ ਹੋਇਆ। ਪੁਲਿਸ ਨੇ ਬਥੇਰੇ ਲੋਕਾਂ ਦੀਆਂ ਲੱਤਾਂ ਬਾਹਾਂ ਤੋੜੀਆਂ ਡਾਂਗਾਂ ਨਾਲ। ਇਕ ਵਾਰ ਤਾਂ ਗੋਲੀ ਵੀ ਚੱਲਗੀ ਸੀਗੀ। ਗੱਲ ਹਜੇ ਕਿਸੇ ਸਿਰੇ ਬੰਨੇ ਲੱਗਦੀ ਦੀਂਹਦੀ ਨ੍ਹੀ। ਮੇਰੇ ਕਹਿਣ ਦਾ ਮਲਬ ਪਿੰਡਾਂ ਆਲ਼ੇ ਲੋਕ ਹੈ ਬੜੇ ਕੁੱਤੇ--।"

ਕਰਮੇ ਦੀ ਗੱਲ ਸੁਣ ਕੇ ਲੱਛੂ ਅੰਦਰ ਤੂਫਾਨ ਉੱਠ ਖੜ੍ਹਾ ਹੋਇਆ ਸੀ।

-ਏਹ ਲੋਕ ਕਿੱਥੇ ਜਾਣਗੇ? ਕੀ ਕਰਨਗੇ? ਐਹ ਜਿੱਥੇ ਝਰਨ ਝਰਨ ਕਰਦੀਆਂ ਫਸਲਾਂ ਖੜ੍ਹੀਆਂ-ਬੋਰਾਂ 'ਚੋਂ ਚਾਂਦੀ ਰੰਗਾ ਪਾਣੀ ਨਿਕਲਦਾ-ਜਿੰਨ੍ਹਾਂ ਖੇਤਾਂ 'ਚ ਕਿਸਾਨ ਫਸਲਾਂ ਦੇ ਨਾਲ ਨਾਲ ਸੁਫਨੇ ਵੀ ਬੀਜਦਾ-ਓਹਨਾਂ ਖੇਤਾਂ 'ਚੋਂ ਪ੍ਰਦੀਪ ਸ਼ਰਮੇ ਦੀ ਫੈਕਟਰੀ ਹੁਣ ਗੰਦਾ ਧੂੰਆਂ ਕੱਢੂ ?" ਲੱਛੂ ਅੰਦਰ ਕਿੰਨੇ ਹੀ ਸਵਾਲ ਖੌਰੂ ਪਾਉਣ ਲੱਗੇ ਸਨ।

"ਐਂ ਖੋਹ ਲੈਣਗੇ ਕਿਸੇ ਦੀਆਂ ਜ਼ਮੀਨਾਂ? ਖੋਹ ਲੈਣਗੇ?" ਕਰਮੇ ਨੇ ਮਹਿਸੂਸ ਕੀਤਾ, ਲੱਛੂ ਦੀ ਆਵਾਜ਼ ਗ਼ੁੱਸੇ ਭਰੀ ਸੀ।

"ਹਾਂ ਜੀ—ਨਹੀਂ ਜੀ !" ਕਰਮਾ ਦਹਿਲ ਗਿਆ ਸੀ।

"ਆਵਦੇ ਮੁਬੈਲ ਤੋਂ ਆਹ ਨੰਬਰ ਲਾ।" ਲੱਛੂ ਨੇ ਜੇਬ 'ਚੋਂ ਛੋਟੀ ਜਿਹੀ ਡਾਇਰੀ ਕੱਢੀ ਤੇ ਪਾਲੇ ਦੇ ਨੰਬਰ ਵਾਲਾ ਵਰਕਾ ਕਰਮੇ ਦੇ ਅੱਗੇ ਕਰ ਦਿੱਤਾ।

ਕਰਮੇ ਨੇ ਫੋਨ ਮਿਲ਼ਾ ਕੇ ਮੋਬਾਇਲ ਲੱਛੂ ਅੱਗੇ ਕਰ ਦਿੱਤਾ।

"ਪੁੱਤ ਪਾਲਿਆ! ਮੈਂ ਬੋਲਦੈਂ! ਲੱਛੂ! ਤੇਰਾ ਚਾਚਾ! ਮੇਰਾ ਸ਼ੇਰ ਮੈਨੂੰ ਲੈਜਾ ਆ ਕੇ ਅੱਜ ਈ। ਮੈਤੋਂ ਨ੍ਹੀ ਰਿਆ ਜਾਣਾ ਏਸ ਹੱਡਾਰੋੜੀ 'ਚ ਇਕ ਮਿਲਟ ਵੀ। ਆਜਾ ਮੇਰਾ ਸ਼ੇਰ-!" ਕਰਮੇ ਨੂੰ ਗੱਡੀ ਤੋਰਨ ਦਾ ਇਸ਼ਾਰਾ ਕਰਦਿਆਂ ਲੱਛੂ ਨੇ ਲੰਮਾ ਸਾਹ ਅੰਦਰ ਖਿੱਚਿਆ ਸੀ।000

***(ਅੰਬੇਦਕਰ ਭਵਨ, ਫਰੀਦਕੋਟ - 151 203***

***ਫੋਨ: +91-98726-40994***

***ਈਮੇਲ: gurmeetkaryalvi@gmail.com)***

# ਉਹ, ਤੇ ਉਹ: ਕਹਾਣੀ: ਸੁਕੀਰਤ

ਉਹਦਾ ਦਿਨ ਵੀ ਕਮਾਲ ਦਾ ਲੰਘਿਆ ਤੇ ਸ਼ਾਮ ਵੀ।

ਉਹਨੇ ਬੜੇ ਸਾਲਾਂ ਤੋਂ ਸੋਚਿਆ ਹੋਇਆ ਸੀ ਕਿਸੇ ਵੇਲੇ ਗ੍ਰਨਾਦਾ ਦਾ ਚੱਕਰ ਜ਼ਰੂਰ ਲਾਣਾ ਹੈ, ਓਥੇ ਅਲਹਮਰਾ ਦੇਖ ਕੇ ਆਣਾ ਹੈ। ਯੁਨੈਸਕੋ ਵੱਲੋਂ ਮਨੁੱਖਤਾ ਦੀ ਧਰੋਹਰ ਐਲਾਨੀ ਗਈ ਥਾਂ ਜਿਸਨੂੰ ਹਰ ਸਾਲ ਦੁਨੀਆ ਭਰ ਤੋਂ ਸੈਲਾਨੀ ਦੇਖਣ ਆਂਦੇ ਹਨ। ਕੰਮ ਦੇ ਸਿਲਸਿਲੇ ਵਿਚ ਅਣਗਿਣਤ ਵਾਰੀ ਸਪੇਨ ਆ ਚੁੱਕਾ ਹੈ , ਪਰ ਹਰ ਵਾਰ ਮਾਦ੍ਰਿਦ ਤੋਂ ਹੀ ਮੁੜ ਗਿਆ। ਮੀਟਿੰਗ ਖਤਮ ਹੋਈ ਤੇ ਵਾਪਸ ਲੰਡਨ। ਹਮੇਸ਼ਾ ਕੰਮ 'ਤੇ ਮੁੜਨ ਦੀ ਕਾਹਲ ਹੁੰਦੀ ਹੈ। ਇਕ ਵਾਰ ਬਾਰਸੇਲੋਨਾ ਜ਼ਰੂਰ ਹੋ ਆਇਆ ਸੀ, ਕੰਮ ਵਿਚੋਂ ਦੋ ਦਿਨ ਦੀ ਛੁੱਟੀ ਲਾ ਕੇ, ਪਰ ਗ੍ਰਨਾਦਾ ਜਾਣ ਦਾ ਸਬੱਬ ਕਦੇ ਨਾ ਬਣ ਸਕਿਆ। ਏਸ ਵਾਰ ਤਹੱਈਆ ਕਰ ਲਿਆ ਕਿ ਐਤਕਾਂ ਜ਼ਰੂਰ ਜਾਣਾ ਹੈ। ਅਲਹਮਰਾ ਦੇਖਣ ਲਈ ਚੋਖਾ ਚਿਰ ਪੈਦਲ ਟੁਰਨਾ ਪੈਂਦਾ ਹੈ, ਕਿਤੇ ਇਹ ਨਾ ਹੋਵੇ ਕਿ ਸੋਚਦਿਆਂ ਸੋਚਦਿਆਂ ਪੈਦਲ ਟੁਰ ਸਕਣ ਵਾਲੀ ਉਮਰ ਹੀ ਪਾਰ ਕਰ ਬੈਠੇ। ਨਾਲੇ ਹੁਣ ਉਹ ਉਮਰ ਆ ਗਈ ਹੈ ਜਦੋਂ ਆਪਣੇ ਆਪ ਉੱਤੇ , ਜਾਂ ਆਪਣੇ ਖ਼ਬਤ ਪੂਰੇ ਕਰਨ ਉੱਤੇ ਪੈਸਾ ਖਰਚਦਿਆਂ ਝਿਜਕ ਨਹੀਂ ਹੁੰਦੀ। ਸਾਰੀਆਂ ਜ਼ਿੰਮੇਵਾਰੀਆਂ ਵੀ ਭੁਗਤਾ ਲਈਆਂ ਨੇ , ਤੇ ਬਚਦੀ ਹਯਾਤੀ ਜੋਗਾ ਬਥੇਰਾ ਕਮਾ ਵੀ ਲਿਆ ਹੈ।

ਸਾਰਾ ਦਿਨ ਅਲਹਮਰਾ ਵਿਚ ਬਿਤਾਇਆ, ਤੇ ਪਤਾ ਵੀ ਨਾ ਲੱਗਾ ਕਦੋਂ ਲੰਘ ਗਿਆ। ਮੌਸਮ ਵੀ ਮਿਹਰਬਾਨ ਰਿਹਾ। ਪਿਛਲੀ ਰਾਤ ਮੀਂਹ ਵਸਣ ਕਰਕੇ ਦਿਨੇ ਹੁੰਮਸ ਵੀ ਘੱਟ ਸੀ ਤੇ ਤਪਸ਼ ਵੀ। ਸ਼ਾਮ ਅੱਠ ਵਜੇ ਤੀਕ , ਜਦੋਂ ਤਕ ਅਲਹਮਰਾ ਦੇ ਬੰਦ ਹੋ ਜਾਣ ਦਾ ਸਮਾਂ ਨਾ ਹੋ ਗਿਆ, ਉਹ ਉਸਦੇ ਅੰਦਰ ਹੀ ਘੁੰਮਦਾ ਰਿਹਾ। ਉਸਦੇ ਮਹਿਲਾਂ, ਗਲੀਆਂ ਤੇ ਬਾਗ਼ਾਂ ਦਾ ਕੋਨਾ ਕੋਨਾ ਗਾਂਹਦਾ ਰਿਹਾ। 9 ਵੀਂ ਸਦੀ ਵਿਚ ਪੁਰਾਣੇ ਰੋਮਨ ਖੰਡਰਾਂ 'ਤੇ ਉਸਾਰਿਆ ਗਿਆ ਛੋਟਾ ਜਿਹਾ ਕਿਲਾ ਜਿਸਨੂੰ 13 ਵੀਂ ਸਦੀ ਵਿਚ ਅਰਬਾਂ ਨੇ ਵਿਸਤਾਰ ਦਿੱਤਾ, ਤੇ ਇਕ ਹੋਰ ਸਦੀ ਬੀਤ ਜਾਣ 'ਤੇ 1333 ਵਿਚ ਗ੍ਰਨਾਦਾ ਦੇ ਵੇਲੇ ਦੇ ਸੁਲਤਾਨ ਯੂਸੁਫ਼ ਪਹਿਲੇ ਨੇ ਇਸ ਨੂੰ ਆਪਣੇ ਮਹਿਲ ਵਿਚ ਤਬਦੀਲ ਕਰਨ ਲਈ ਜਿਹੜੀਆਂ ਕੰਧਾਂ ਤੇ ਭਵਨ ਉਸਾਰੇ ਉਹ ਅੱਜ ਤੀਕ ਕਾਇਮ ਹਨ। ਹਾਲਾਂਕਿ 1492 ਵਿਚ ਗ੍ਰਨਾਦਾ ਦੇ ਮੁੜ ਕ੍ਰਿਸਤਾਨ ਅਧਿਕਾਰ ਹੇਠ ਆ ਜਾਣ ਪਿੱਛੋਂ ਇਨ੍ਹਾਂ ਅੰਦਰ ਕੁਝ ਤਬਦੀਲੀਆਂ ਵੀ ਕੀਤੀਆਂ ਗਈਆਂ। ਤਿੰਨ ਸੌ ਸਾਲ ਹੋਰ ਲੰਘ ਗਏ, ਅਲਹਮਰਾ ਦੀ ਵੁੱਕਤ ਉਹ ਨਾ ਰਹੀ ; ਨਪੋਲੀਅਨ ਨੇ ਆਪਣੇ ਹਮਲਿਆਂ ਸਮੇਂ ਇਸਨੂੰ ਤਹਿਸ-ਨਹਿਸ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਤਾਂ ਵੀ ਯੋਰਪ ਵਿਚ ਇਸਲਾਮੀ ਕਲਾ ਦੀ ਵਿਲੱਖਣ ਮਿਸਾਲ ਵਜੋਂ ਅਲਹਮਰਾ ਅੱਜ ਵੀ ਖੜੋਤਾ ਹੈ, ਹਰ ਸਾਲ ਲੱਖਾਂ ਸੈਲਾਨੀਆਂ ਨੂੰ ਆਪਣੇ ਵੱਲ ਖਿਚਦਾ। ਕ੍ਰਿਸਤਾਨ ਗਏ, ਅਰਬ ਆਏ, ਜਿਨ੍ਹਾਂ ਦੇ ਨਸਰੀਦੀ ਘਰਾਣੇ ਨੇ ਏਥੇ 262 ਸਾਲ ਰਾਜ ਕੀਤਾ, ਤੇ ਫੇਰ 1492 ਤੋਂ ਫੇਰਦੀਨਾਂਦ ਤੇ ਇਜ਼ਾਬੈਲਾ ਦੀ ਸ਼ਾਹੀ ਜੋੜੀ ਦੀ ਕਮਾਨ ਹੇਠ ਗ੍ਰਨਾਦਾ ਮੁੜ ਕ੍ਰਿਸਤਾਨ ਹੋ ਕੇ ਸਪੇਨ ਦਾ ਹਿੱਸਾ ਬਣਿਆ। ਉਨੀਵੀਂ ਸਦੀ ਵਿਚ ਨਪੋਲੀਅਨ ਦੇ ਹਮਲੇ, ਵੀਹਵੀਂ ਸਦੀ ਵਿਚ ਸਪੇਨ ਦਾ ਗ੍ਰਹਿ ਯੁੱਧ , ਜਰਨੈਲ ਫ਼ਰਾਂਕੋ ਦਾ ਲੰਮਾ ਰਾਜ : ਕਿੰਨੇ ਲੋਕਾਂ ਦੇ ਆਣ, ਤੇ ਜਾਣ ਦਾ ਇਹ ਸ਼ਹਿਰ ਗਵਾਹ ਹੈ। ਕਿੰਨੀਆਂ ਹਸਤੀਆਂ ਨੂੰ ਖ਼ਾਕ ਹੁੰਦਿਆਂ ਅਲਹਮਰਾ ਨੇ ਦੇਖਿਆ ਹੈ, ਪਰ ਇਹ ਅੱਜ ਵੀ ਅਡੋਲ ਕਾਇਮ ਹੈ। ਜਦੋਂ ਵੀ ਉਹ ਅਜਿਹੀਆਂ ਇਤਿਹਾਸ-ਗੜੁੱਚੀਆਂ ਥਾਵਾਂ ਵਿਚ ਵਿਚਰਦਾ ਹੈ ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਇਕ ਇਕੱਲੇ ਇਨਸਾਨ - ਉਹ ਰਾਜਾ ਹੋਵੇ ਭਾਂਵੇਂ ਰੰਕ- ਦੀ ਜ਼ਿੰਦਗੀ ਕਿੰਨੀ ਨਿਗੂਣੀ ਹੁੰਦੀ ਹੈ, ਕਿੰਨੀ ਛਿਣ ਭੰਗਰ ਦੀ, ਪਰ

ਸਮੁੱਚੇ ਤੌਰ 'ਤੇ ਇਨਸਾਨੀ ਜ਼ਿੰਦਗੀ ਵਿਚ ਕਿੰਨੀ ਨਿਰੰਤਰਤਾ ਹੈ ਅਤੇ ਉਸਦਾ ਪਸਾਰ ਕਿੰਨਾ ਵਿਸ਼ਾਲ। ਰਾਜ ਕਰਨ ਵਾਲੇ ਵੀ ਮੁੱਕ ਜਾਂਦੇ ਹਨ, ਤੇ ਉਨ੍ਹਾਂ ਦੀ ਪਰਜਾ ਵੀ, ਪਰ ਬੀਤੇ ਦੀਆਂ ਸਭਿਆਚਾਰਕ ਨਿਸ਼ਾਨੀਆਂ ਬਚੀਆਂ ਰਹਿ ਜਾਂਦੀਆਂ ਹਨ।

ਇਹੋ ਜਿਹੀਆਂ ਗੱਲਾਂ ਸੋਚਦਿਆਂ, ਅੱਜ ਦੇਖੇ ਮਾਣੇ ਨਾਲ ਆਪਣੇ ਆਪ ਨੂੰ ਸਰਸ਼ਾਰ ਮਹਿਸੂਸ ਕਰਦਿਆਂ ਉਹ ਅਲਹਮਰਾ ਤੋਂ ਬਾਹਰ ਆਇਆ। ਗਰਮੀਆਂ ਦਾ ਲੰਮਾ ਦਿਨ ਅਜੇ ਘੁਸਮੁਸੇ ਵਿਚ ਹੀ ਸੀ, ਹਨੇਰੇ ਵਿਚ ਗਰਕਣਾ ਸ਼ੁਰੂ ਨਹੀਂ ਸੀ ਹੋਇਆ। ਪੀਣ ਦਾ, ਤੇ ਕੁਝ ਖਾਣ ਦਾ ਵੀ ਵਕਤ ਹੋ ਰਿਹਾ ਸੀ। ਸਾਰਾ ਦਿਨ ਏਧਰੋਂ-ਓਧਰੋਂ ਨਿਕ-ਸੁੱਕ ਖਾ ਕੇ ਟਪਾਇਆ ਸੀ, ਹੁਣ ਐਸ਼ ਨਾਲ ਬਹਿ ਕੇ ਲੁਤਫ਼ ਲੈਣ ਦਾ ਵੇਲਾ ਸੀ। ਗੂਗਲ ਜ਼ਿੰਦਾਬਾਦ। ਕੋਈ ਚੰਗੀ ਬਹਿਣ-ਥਾਂ ਲੱਭਣ ਲਈ ਇਕ ਸਰਚ ਮਾਰੀ ਤਾਂ ਨੇੜੇ ਤੇੜੇ ਦੇ ਸਾਰੇ ਵਧੀਆ ਥਾਂ ਮੋਬਾਈਲ ਦੀ ਸਕ੍ਰੀਨ 'ਤੇ ਉਭਰ ਆਏ, ਤੇ ਨਾਲ ਹੀ ਇਹ ਜਾਣਕਾਰੀ ਵੀ :'ਗ੍ਰਨਾਦਾ ਦੇ ਪੁਰਾਣੇ ਇਲਾਕੇ ਅਲਬਾਇਸਿਨ ਵਿਚ ਬਹੁਤ ਸਾਰੇ ਕਾਰਮੇਨ ਹੁਣ ਰੈਸਤੋਰਾਨਾਂ ਤੇ ਹੋਟਲਾਂ ਵਿਚ ਤਬਦੀਲ ਹੋ ਚੁੱਕੇ ਹਨ। ਕਾਰਮੇਨ ਗ੍ਰਨਾਦਾ ਦੇ ਉਹ ਇਤਹਾਸਕ ਘਰ ਹਨ ਜਿਨ੍ਹਾਂ ਦੀ ਗਲੀ ਵਾਲੇ ਪਾਸੇ ਉੱਚੀ ਦੀਵਾਰ ਹੁੰਦੀ ਹੈ, ਤੇ ਕੰਧ ਤੋਂ ਪਾਰ ਬਗੀਚੀਆਂ ਨਾਲ ਘਿਰਿਆ ਘਰ : ਅੰਗੂਰ ਦੀਆਂ ਵੇਲਾਂ, ਫਲਾਂ ਦੇ ਦਰਖ਼ਤ, ਫੁੱਲਾਂ ਦੀਆਂ ਕਿਆਰੀਆਂ। ਘਰ ਦਾ ਘਰ, ਬਾਗ਼ ਦਾ ਬਾਗ਼। ਇਹ ਥਾਂਵਾਂ ਗ੍ਰਨਾਦਾ ਦੀ ਖ਼ਾਸੀਅਤ ਹਨ'।

ਇਕ ਸਰਚ ਹੋਰ ਮਾਰ ਕੇ ਉਸਨੇ ਲਾਗਲੇ ਦੋ ਤਿੰਨ ਕਾਰਮੇਨਾਂ ਬਾਰੇ ਗਾਹਕਾਂ ਦੀਆਂ ਟਿੱਪਣੀਆਂ ਪੜ੍ਹੀਆਂ ਤੇ ਉਨ੍ਹਾਂ ਵਿਚੋਂ ਇਕ ਨੂੰ ਚੁਣ ਲਿਆ ਜੋ ਓਥੋਂ ਪੈਦਲ ਵਾਟ 'ਤੇ ਹੀ ਸੀ। ਬਸ , ਓਥੇ ਹੁਣ ਖਾਲੀ ਮੇਜ਼ ਮਿਲ ਜਾਏ ਸਹੀ ! ਪਰ ਕਿਸਮਤ ਅੱਜ ਮਿਹਰਬਾਨ ਜਾਪਦੀ ਸੀ : ਚਾਰ ਚਾਰ, ਛੇ ਛੇ ਜਣਿਆਂ ਦੀਆਂ ਟੋਲੀਆਂ ਭਰੇ ਹੋਏ ਵਿਹੜੇ ਤੋਂ ਬਾਹਰ ਗਲੀ ਵਿਚ ਖੜੋਤੀਆਂ ਅੰਦਰ ਕਿਸੇ ਵੱਡੀ ਮੇਜ਼ ਦੇ ਖਾਲੀ ਹੋਣ ਤਕ ਆਪਣੀ ਵਾਰੀ ਉਡੀਕ ਰਹੀਆਂ ਸਨ, ਪਰ ਉਹ ਇਕੱਲਾ ਸੀ, ਇਸਲਈ ਇਕ ਨਿੱਕਾ ਜਿਹਾ ਮੇਜ਼ ਉਸਨੂੰ ਫ਼ੌਰਨ ਮਿਲ ਗਿਆ। ਬਹੁਤਾ ਹੀ ਛੋਟਾ, ਜੇ ਦੋ ਜਣੇ ਹੋਣ ਤਾਂ ਸ਼ਾਇਦ ਦੂਹਾਂ ਦੇ ਗਲਾਸ ਪਲੇਟਾਂ ਆਪਸ ਵਿਚ ਹੀ ਖਹਿਬੜਦੇ ਰਹਿਣ। ਰਸੋਈ ਵੱਲ ਜਾਂਦੇ ਲਾਂਘੇ ਵਿਚ ਫਸਾ ਕੇ ਰਖਿਆ ਹੋਇਆ ਮੇਜ਼ , ਕੋਲੋਂ ਮਿੰਟ ਮਿੰਟ ਮਗਰੋਂ ਸਮੱਗਰੀ ਲਿਆਂਦੇ ਲਿਜਾਂਦੇ ਵਰਤਾਵਿਆਂ ਦੀ ਆਵਾਜਾਈ। ਪਰ ਚਲੋ , ਉਡੀਕਣਾ ਤੇ ਨਾ ਪਿਆ। ਵਿਹੜੇ ਦੇ ਇਕ ਸਿਰੇ 'ਤੇ ਧਰੀ ਇਸ ਮੇਜ਼ ਦੇ ਪਿਛਲੇ ਪਾਸੇ ਵੱਲ ਕੰਧ ਸੀ ਜਿਸ ਨੂੰ ਸਾਵੀਆਂ ਕਚੂਚ ਅੰਗੂਰੀ ਵੇਲਾਂ ਨੇ ਕੱਜਿਆ ਹੋਇਆ ਸੀ। ਇਨ੍ਹਾਂ ਵੇਲਾਂ ਵੱਲ ਪਿੱਠ ਕਰਕੇ ਪਈ ਕੁਰਸੀ 'ਤੇ ਉਹ ਬਹਿ ਗਿਆ। ਇਕੱਲਿਆਂ ਹੋਣ ਕਾਰਨ ਉਸ ਦੇ ਨਾਲ, ਸਾਹਮਣੇ ਬਹਿਣ ਵਾਲਾ ਤੇ ਕੋਈ ਹੈ ਨਹੀਂ ਸੀ , ਸੋ ਸਾਰੇ ਵਿਹੜੇ ਦਾ ਦ੍ਰਿਸ਼ ਹੁਣ ਉਸਦੇ ਸਾਹਮਣੇ ਖੁਲ੍ਹਾ ਪਸਰਿਆ ਪਿਆ ਸੀ। ਕੁਲ ਮਿਲਾ ਕੇ ਡਾਹਢਾ ਦਿਲਕਸ਼ ਥਾਂ।

ਵਰਤਾਵਾ ਆਇਆ ਤੇ ਉਸ ਨਾਲ ਮਸ਼ਵਰਾ ਕਰਕੇ ਅੱਧੀ ਬੋਤਲ ਲਾਲ ਵਾਈਨ ਦੀ ਮੰਗਾਈ, ਨਾਲ ਹੀ ਰੇਮੋਹੋਨ ਗ੍ਰਨਾਦੀਨੋ – ਲੂਣ ਲੱਗੀ ਮੱਛੀ, ਸੰਤਰਿਆਂ ਤੇ ਕਾਲੇ ਜ਼ੈਤੂਨਾਂ ਦਾ ਸਲਾਦ – ਗ੍ਰਨਾਦਾ ਦਾ ਖਾਸ ਸਥਾਨਕ ਖਾਜਾ। ਅਜੇ ਏਨਾ ਆ ਲੈਣ ਦਿਓ, ਬਾਕੀ ਦਾ ਫੇਰ ਦੇਖੇਗਾ। ਸਾਰੀ ਸ਼ਾਮ ਖਾਲੀ ਹੈ, ਕਿਤੇ ਮੁੜਨ ਜਾਂ ਪਹੁੰਚਣ ਦੀ ਕਾਹਲ ਨਹੀਂ। ਇਹੋ ਜਿਹੀਆਂ ਸ਼ਾਮਾਂ ਉਸਦੀ ਹਮੇਸ਼ਾ ਭਾਜੜਾਂ ਭਰੀ ਜ਼ਿੰਦਗੀ ਵਿਚ ਕਦੇ ਕਦਾਈਂ ਹੀ ਆਂਦੀਆਂ ਹਨ।

ਇਕੱਲਿਆਂ ਵਾਈਨ ਦੇ ਘੁੱਟ ਭਰਦਿਆਂ ਉਸਨੇ ਆਪਣੀ ਜ਼ਿੰਦਗੀ 'ਤੇ ਝਾਤ ਮਾਰੀ ਜੋ ਇਕੱਲੀ ਤਾਂ ਸੀ ਪਰ ਇਕੱਲਤਾ ਦੀ ਮਾਰੀ ਨਹੀਂ। ਜ਼ਿੰਦਗੀ ਵਿਚ ਆਏ ਸਾਰੇ ਉਤਾਰਾਂ– ਚੜ੍ਹਾਵਾਂ ਦੇ ਬਾਵਜੂਦ ਕਿਸੇ ਗੱਲ ਉਤੇ ਝੂਰਨ ਦੀ ਗੁੰਜਾਇਸ਼ ਨਹੀਂ ਸੀ , ਕਿਸੇ ਕਾਦਰ ਨਾਲ ਸ਼ਿਕਵਾ ਕਰਨ ਦਾ ਕੋਈ ਆਧਾਰ ਨਹੀਂ ਸੀ। ਵੀਹ ਵਰ੍ਹਿਆਂ ਦੀ ਉਮਰ ਵਿਚ ਆਪਣੇ ਵੱਡੇ ਮਾਮੇ ਦੀ ਮਿਹਰ ਨਾਲ

ਇੰਗਲੈਂਡ ਪਹੁੰਚ ਗਿਆ,ਪੜ੍ਹਾਈ ਕੀਤੀ, ਚਾਰਟਰਡ ਅਕਾਊਂਟੈਂਟ ਬਣਿਆ। ਨੌਕਰੀ ਮਿਲਦਿਆਂ ਸਾਰ ਸਭ ਤੋਂ ਪਹਿਲਾਂ ਮਾਮੇ ਦੇ ਪੈਸੇ ਮੋੜੇ, ਫੇਰ ਮਾਪਿਆਂ ਤੇ ਛੋਟੀ ਭੈਣ ਨੂੰ ਹਿੰਦੋਸਤਾਨ ਤੋਂ ਮੰਗਾਇਆ, ਵਿਆਹ ਕੀਤਾ, ਦੋ ਜ਼ਹੀਨ ਬੱਚਿਆਂ ਦਾ ਬਾਪ ਬਣਿਆ ਤੇ ਹੁਣ ਸੇਵਾ-ਮੁਕਤੀ ਦੇ ਸਾਲਾਂ ਵੱਲ ਜਾ ਰਿਹਾ, ਬਾਰਕਲੇਜ਼ ਬੈਂਕ ਵਿਚ ਉੱਚੇ ਅਹੁਦੇ ਤੇ ਹੈ। ਬਾਪ ਦੀ ਛਾਂ ਭਾਵੇਂ ਕੈਂਸਰ ਨੇ ਛੇਤੀ ਖਾ ਲਈ, ਮਾਂ ਅਜੇ ਵੀ ਚੰਗੀ ਸਿਹਤ ਵਿਚ ਉਸਦੇ ਕੋਲ ਹੈ। ਭੈਣ ਡਾਕਟਰ ਹੈ, ਬ੍ਰਿਸਟਲ ਰਹਿੰਦੀ ਹੈ ਤੇ ਧੀ ਨਿਊ ਯੌਰਕ ਵਿਚ, ਇਕ ਅਮਰੀਕੀ ਕੰਪਨੀ ਦੀ ਵਿੱਤੀ ਸਲਾਹਕਾਰ, ਕਹਿੰਦੀ ਹੈ ਵਿਆਹ ਨਹੀਂ ਕਰਾਣਾ। ਪੁੱਤਰ ਬੀਬੀਸੀ ਵਿਚ ਤਕਨੀਸ਼ਨ ਹੈ ਤੇ ਆਪਣੇ ਮਰਦ-ਸਾਥੀ ਨਾਲ ਕੇਂਦਰੀ ਲੰਦਨ ਵਿਚ ਰਹਿੰਦਾ ਹੈ। ਪਤਨੀ ਨਾਲ ਭਾਵੇਂ ਦਸ ਸਾਲ ਪਹਿਲਾਂ ਤੋੜ-ਵਿਛੋੜਾ ਹੋ ਗਿਆ ਸੀ, ਪਰ ਬੱਚੇ ਦੋਹਾਂ ਵਿਚ ਅਜੇ ਵੀ ਸਾਂਝਾ ਸੂਤਰ ਹਨ। ਸਾਰਾ ਪਰਿਵਾਰ ਸਾਲ ਵਿਚ ਦੋ-ਤਿੰਨ ਦਿਨ ਲਈ ਇਕ ਵਾਰ ਜ਼ਰੂਰ ਇਕੱਠਾ ਹੁੰਦਾ ਹੈ, ਕਦੇ ਉਸਦੀ ਪਤਨੀ ਦੇ ਘਰ ਤੇ ਕਦੇ ਉਸਦੇ ਘਰ। ਪਿਛਲੇ ਦੋ-ਤਿੰਨ ਸਾਲਾਂ ਤੋਂ ਬਹੁਤੀ ਵਾਰ ਉਸਦੇ ਘਰ ਹੀ, ਕਿਉਂਕਿ ਬਜ਼ੁਰਗ ਮਾਂ ਨੂੰ ਹੁਣ ਥਾਂ-ਬਦਲੀ ਬਹੁਤੀ ਰਾਸ ਨਹੀਂ ਆਂਦੀ। ਉਂਝ ਵੀ ਰੱਜੇ-ਪੁੱਜੇ ਭਾਂਵੇਂ ਸਾਰੇ ਹੀ ਹਨ, ਸਭ ਤੋਂ ਵੱਡਾ ਘਰ ਓਸੇ ਦਾ ਹੈ। ਸਾਰੇ ਸੌਖਿਆਂ ਹੀ ਉਸ ਵਿਚ ਸਮਾ ਸਕਦੇ ਹਨ, ਇਕ ਦੂਜੇ ਨਾਲ ਖਹਿਸਰੇ ਬਿਨਾ। ਸਾਲ ਵਿਚ ਇਕ ਵੇਲਾ ਆਂਦਾ ਹੈ ਜਦੋਂ ਘਰ ਦਾ ਕੋਈ ਕਮਰਾ ਖਾਲੀ ਨਹੀਂ ਰਹਿੰਦਾ। ਬਾਕੀ ਸਾਰਾ ਸਮਾਂ ਤਾਂ ਸਿਰਫ਼ ਤਿੰਨ ਕਮਰੇ ਹੀ ਵਰਤੇ ਜਾਂਦੇ ਹਨ, ਉਸਦਾ, ਮਾਂ ਜੀ ਦਾ, ਤੇ ਉਨ੍ਹਾਂ ਦੀ ਸੇਵਾ ਲਈ ਰੱਖੀ ਟਹਿਲਣ /ਘਰ ਨਿਗਰਾਨ ਦਾ। ਕੋਈ ਘਾਟ ਨਹੀਂ, ਕਿਸੇ ਗੱਲ ਦੀ ਤੋਟ ਨਹੀਂ। ਉਸਦੀ ਮਾਂ ਨੂੰ ਜ਼ਰੂਰ ਫ਼ਿਕਿਰ ਰਹਿੰਦਾ ਹੈ ਕਿ ਨਾ ਪੋਤੀ, ਤੇ ਨਾ ਪੋਤੇ ਦੇ ਅੱਗੋਂ ਬੱਚੇ ਹੋਣ ਦੀ ਸੰਭਾਵਨਾ ਹੈ, ਸੋ ਉਨ੍ਹਾਂ ਦਾ ਬੰਸ ਕਿਵੇਂ ਟੁਰੇਗਾ? ਉਹ ਹੱਸ ਕੇ ਮਾਂ ਦਾ ਤੌਖਲਾ ਰੱਦ ਕਰ ਦੇਂਦਾ ਹੈ, ਬ੍ਰਿਸਟਲ ਵਾਲੀ ਭੈਣ ਦੇ ਤਾਂ ਤਿੰਨ ਬੱਚੇ ਹਨ, ਉਹ ਵੀ ਤਾਂ ਓਸੇ ਦੇ ਬੰਸ ਦੀ ਅੰਸ ਹਨ।

ਵਾਈਨ ਨੂੰ ਘੁੱਟ ਘੁੱਟ ਕਰਕੇ ਮਾਣਦਿਆਂ ਤੇ ਮੁਕਾਂਦਿਆਂ ਉਹ ਹੌਲੀ ਹੌਲੀ ਸਲਾਦ ਦੀ ਪਲੇਟ ਵੀ ਮੁਕਾ ਲੈਂਦਾ ਹੈ। ਭੁੱਖ ਹੁਣ ਚਮਕ ਪਈ ਹੈ , ਸੋ ਉਹ ਅਗਲਾ ਆਰਡਰ ਦੇ ਕੇ ਠੰਡਾ ਗਾਜ਼ਪਾਚੋ ਸੂਪ ਤੇ ਤਲੀ ਹੋਈ ਮੱਛੀ ਮੰਗਾਦਾ ਹੈ। ਨਾਲ ਇਕ ਗਲਾਸ ਵਾਈਨ ਦਾ ਹੋਰ, ਕਿਉਂਕਿ ਜੇ ਅੱਧੀ ਬੋਤਲ ਹੋਰ ਮੰਗਾ ਲਈ ਤਾਂ ਕੁਝ ਵਾਧੂ ਹੋ ਜਾਵੇਗੀ।

ਆਸੇ ਪਾਸੇ ਤੋਂ ਚੋਖੀਆਂ ਆਵਾਜ਼ਾਂ ਆ ਰਹੀਆਂ ਹਨ, ਕਈ ਕੋਨਿਆਂ ਤੋਂ ਉਠ ਰਿਹਾ ਰਲਵਾਂ ਰੌਲਾ ਜਿਵੇਂ ਕੇਂਦਰੀ ਲੰਡਨ ਵਿਚ, ਸੋਹੋ ਇਲਾਕੇ ਦੀਆਂ ਨੌਜਵਾਨਾਂ ਦੀਆਂ ਚਹੇਤੀਆਂ ਪੱਬਾਂ ਵਿਚ ਸੁਣਦਾ ਹੈ। ਚਾਰੇ ਪਾਸੇ ਨਜ਼ਰ ਦੌੜਾਂਦਾ ਹੈ, ਇਹ ਨਹੀਂ ਕਿ ਏਥੇ ਨੌਜਵਾਨਾਂ ਦੀ ਭਰਮਾਰ ਹੈ, ਸਗੋਂ ਬਹੁਤੇ ਲੋਕ ਉਸ ਵਾਂਙ ਹੀ ਅਧੇੜ ਉਮਰੇ ਹਨ। ਪਰ ਸਪੇਨੀ ਲੋਕ ਅੰਗਰੇਜ਼ਾਂ ਵਾਂਙ ਸੰਕੋਚੀ ਨਹੀਂ ਹੁੰਦੇ, ਹੱਥ ਹਿਲਾ ਹਿਲਾ ਕੇ, ਉੱਚੀ ਉੱਚੀ ਬੋਲਦੇ ਹਨ, ਬਹਿਸ ਕਰਦਿਆਂ ਕਦੇ ਗਰਮ ਤੇ ਕਦੇ ਜਜ਼ਬਾਤੀ ਹੋ ਜਾਂਦੇ ਹਨ, ਜਿਵੇਂ ਪੰਜਾਬੀ ਕਰਦੇ ਹਨ। ਹਰ ਪਾਸਿਉਂ ਕੰਨਾਂ ਵੱਲ ਤਰਦੀ ਆ ਰਹੀ ਸਪੇਨੀ ਨੂੰ ਸੁਣਦਿਆਂ ਉਸਨੂੰ ਖਿਆਲ ਆਂਦਾ ਹੈ ਕਿ ਉਸ ਦੇ ਘਰ ਵਿਚੋਂ ਪੰਜਾਬੀ ਹੁਣ ਤਕਰੀਬਨ ਉੱਡ-ਪੁੱਡ ਗਈ ਹੈ। ਸਿਰਫ਼ ਉਹ ਤੇ ਉਹਦੀ ਭੈਣ ਹੀ ਮਾਂ ਨਾਲ ਗੱਲ ਕਰਦਿਆਂ ਪੰਜਾਬੀ ਵਰਤਦੇ ਹਨ। ਹੁਣ ਤੇ ਭੈਣ ਭਰਾ ਆਪਸ ਵਿਚ ਗੱਲ ਕਰਦਿਆਂ ਵੀ ਅੰਗਰੇਜ਼ੀ ਵਿਚ ਹੀ ਬੋਲਦੇ ਹਨ। ਜਿਸ ਜ਼ੁਬਾਨ ਵਿਚ ਲੜ ਲੜ ਕੇ ਉਹ ਵੱਡੇ ਹੋਏ ਸਨ, ਪਤਾ ਵੀ ਨਾ ਲੱਗਾ ਕਦੋਂ ਉਹ ਉਨ੍ਹਾਂ ਦੀ ਆਪਸੀ ਗੱਲਬਾਤ ਵਿਚੋਂ ਖਾਰਜ ਹੋ ਗਈ। ਜਿਵੇਂ ਉਨ੍ਹਾਂ ਦਾ ਜਨਮ ਵੀ ਆਪਣੇ ਬੱਚਿਆਂ ਵਾਂਙ ਇੰਗਲੈਂਡ ਵਿਚ ਹੀ ਹੋਇਆ ਹੋਵੇ, ਜੋ ਪੰਜਾਬੀ ਸਮਝ ਤਾਂ ਲੈਂਦੇ ਹਨ , ਪਰ ਬੋਲਦੇ ਕਦੇ ਨਹੀਂ। ਆਪਣੀ ਦਾਦੀ ਨਾਨੀ ਨਾਲ ਵੀ ਨਹੀਂ।

ਸੂਪ ਤੇ ਮੱਛੀ ਨਾਲ ਤਸੱਲੀ ਹੋ ਗਈ ਹੈ। ਪੇਟ ਭਰ ਗਿਆ ਹੈ, ਪਰ ਭਾਰਾ ਨਹੀਂ ਮਹਿਸੂਸ

ਹੋ ਰਿਹਾ।

ਵਰਤਾਵਾ ਏਸ ਕਾਰਮੇਨ ਦੀਆਂ ਮਸ਼ਹੂਰ ਮਿੱਠੀਆਂ ਚੀਜ਼ਾਂ ਦੀ ਸੂਚੀ ਵਾਲਾ ਵੱਖਰਾ ਮੀਨਿਊ ਲੈ ਕੇ ਆਇਆ ਹੈ ਜਿਹੜਾ ਮੁਖ ਮੀਨਿਊ ਜਿੰਨਾ ਹੀ ਲੰਮਾ ਚੌੜਾ ਹੈ। ਪਰ ਹੁਣ ਕੁਝ ਹੋਰ ਖਾ ਸਕਣ ਦੀ ਗੁੰਜਾਇਸ਼ ਹੀ ਨਹੀਂ ਰਹੀ। ਵਰਤਾਵੇ ਦਾ ਸ਼ੁਕਰੀਆ ਕਰ ਕੇ ਉਹ ਬਿਲ ਲਿਆਣ ਲਈ ਆਖਦਾ ਹੈ, ਤੇ ਭੁਗਤਾ ਕੇ ਬਾਹਰ ਆ ਜਾਂਦਾ ਹੈ।

ਹਵਾ ਵਿਚ ਹਲਕੀ ਜਿਹੀ ਖੁਨਕੀ ਤਾਰੀ ਹੈ ਤੇ ਉਹਦੇ ਵਜੂਦ ਉੱਤੇ ਨਰਮ ਜਿਹਾ ਖ਼ੁਮਾਰ। ਫ਼ੋਨ ਕੱਢਕੇ ਗੂਗਲ ਨਕਸ਼ੇ ਉੱਤੇ ਆਪਣੇ ਹੋਟਲ ਦਾ ਪਤਾ ਪਾਂਦਾ ਹੈ, ਇਹ ਦੇਖਣ ਲਈ ਕਿ ਏਥੋਂ ਕਿੰਨੀ ਕੁ ਦੂਰ ਹੈ। ਨਕਸ਼ਾ ਦੱਸ ਰਿਹਾ ਹੈ ਕਿ ਕਾਰ ਦਾ ਰਸਤਾ ਵੀਹ ਮਿੰਟ ਦਾ ਹੈ, ਪਰ ਅਲਬਾਇਸਿਨ ਦੀਆਂ ਵਲੇਵੇਂਦਾਰ ਭੀੜੀਆਂ ਗਲੀਆਂ ਰਾਹੀਂ ਪੈਦਲ ਗਿਆਂ ਵੀ ਏਨਾ ਕੁ ਸਮਾਂ ਹੀ ਲੱਗੇਗਾ। ਦਸ ਪੰਦਰਾਂ ਮਿੰਟ ਤਾਂ ਊਬਰ ਨੇ ਆਂਦਿਆਂ ਆਂਦਿਆਂ ਵੱਖਰੇ ਹੋਰ ਲਾ ਦੇਣੇ ਹਨ, ਸੋ ਉਹ ਪੈਦਲ ਹੀ ਤੁਰ ਪੈਂਦਾ ਹੈ।

ਕਾਰਮੇਨ ਵਾਲੀ ਗਲੀ ਪਾਰ ਕਰਦਿਆਂ ਹੀ ਅਗਲੀ ਗਲੀ ਭੀੜੀ ਵੀ ਲਗਦੀ ਹੈ ਤੇ ਖਾਲਮ-ਖਾਲੀ ਵੀ। ਫ਼ੋਨ ਦੀ ਸਕ੍ਰੀਨ ‘ਤੇ ਜਗਦੇ ਗੂਗਲ ਨਕਸ਼ੇ ਦੀ ਲੋਅ ਅਤੇ ਸੇਧ ਮੁਤਾਬਕ ਉਹ ਉਹੋ ਜਿਹੀਆਂ ਦੋ ਤਿੰਨ ਗਲੀਆਂ ਹੋਰ ਪਾਰ ਕਰਦਾ ਹੈ: ਸੌੜੀਆਂ, ਤੇ ਪਹਾੜੀ ਰਸਤਿਆਂ ਵਾਂਙ ਉੱਤੇ ਥੱਲੇ ਜਾਂਦੀਆਂ, ਅਚਾਨਕ ਤਿੱਖੇ ਮੋੜ ਕੱਟਦੀਆਂ। ਅਲਬਾਇਸਿਨ ਦੀ ਇਮਾਰਤਕਾਰੀ ਅਜੀਬ ਹੈ, ਕਾਰਮੇਨ ਵਾਂਙ ਸਾਰੇ ਘਰਾਂ ਦੀਆਂ ਵੀ ਗਲੀ ਵੱਲ ਸਿਰਫ਼ ਉੱਚੀਆਂ ਦੀਵਾਰਾਂ ਹੀ ਹਨ, ਕੋਈ ਬਾਰੀ , ਕੋਈ ਝਰੋਖਾ ਬਾਹਰ ਵੱਲ ਨਹੀਂ ਖੁਲ੍ਹਦਾ। ਜਿਵੇਂ ਹਰ ਘਰ ਆਪਣੀ ਗਲੀ ਨਾਲ ਰੁੱਸਿਆ ਪਿੱਠ ਕਰਕੇ ਖੜੋਤਾ ਹੋਵੇ। ਤੇ ਸੁੰਨੀਆਂ, ਰੁੰਨੀਆ , ਹਨੇਰੀਆਂ ਗਲੀਆਂ।

ਅਚਾਨਕ ਉਹਨੂੰ ਆਪਣੇ ਪਿੱਛੇ ਕਈ ਇਕੱਠੇ ਕਦਮਾਂ ਤੋਂ ਉਠਣ ਵਾਲਾ ਸ਼ੋਰ ਸੁਣਦਾ ਹੈ ਜੋ ਕਦੀਮੀ ਪੱਥਰਾਂ ਨਾਲ ਜੜੀ ਇਸ ਹੁਣ ਤਕ ਸੁਨਸਾਨ ਗਲੀ ਵਿਚ ਗੂੰਜਦਾ ਜਾਪਦਾ ਹੈ। ਭੈਅ ਦੀ ਪਹਿਲੀ ਲਹਿਰ ਅਜੇ ਉਸ ਦੀ ਸੁਰਤ ਨੂੰ ਝੰਜੋੜ ਵੀ ਨਹੀਂ ਸਕੀ, ਕਿ ਤੇਜ਼ ਕਦਮਾਂ ਨਾਲ ਉਸਨੂੰ ਉਲੰਘ ਕੇ, ਪਿੱਛੋਂ ਆ ਕੇ ਦੋ ਜਣੇ ਉਸਦੇ ਅੱਗੇ ਅੱਗੇ ਟੁਰਨ ਲੱਗ ਪੈਂਦੇ ਹਨ, ਤੇ ਫੇਰ ਆਪਣੀ ਰਫ਼ਤਾਰ ਨੂੰ ਉਸਦੀ ਨਾਲ ਮੇਚ ਕੇ ਰਤਾ ਹੌਲੀ ਹੋ ਜਾਂਦੇ ਹਨ। ਉਹ ਪਿੱਛੇ ਮੁੜ ਕੇ ਨਹੀਂ ਦੇਖਦਾ ਪਰ ਉਹ ਜਾਣਦਾ ਹੈ ਕਿ ਇਕ ਜਾਂ ਦੋ ਜਣੇ ਉਸਦੇ ਪਿੱਛੇ ਵੀ ਹਨ। ਸਥਿਤੀ ਸਾਫ਼ ਹੈ, ਉਸਨੂੰ ਫਾਹ ਲਿਆ ਗਿਆ ਹੈ। ਰਾਹਜ਼ਨੀ ਦਾ ਸਦੀਆਂ ਤੋਂ ਤੁਰਿਆ ਆਂਦਾ ਢੰਗ। ਨਾ ਉਹ ਅਗਾਂਹ ਭੱਜ ਸਕਦਾ ਹੈ, ਨਾ ਪਿਛਾਂਹ ਵੱਲ। ਉਹਨੂੰ ਪਤਾ ਹੈ ਕਿ ਖੜੋ ਜਾਣਾ ਹੀ ਬਿਹਤਰ ਹੈ।

ਇਕ ਜਣਾ ਉਸਦੇ ਹੱਥ ਵਿਚੋਂ ਮਘਦੀ ਸਕ੍ਰੀਨ ਵਾਲਾ ਫ਼ੋਨ ਝਪਟ ਕੇ ਉਸਨੂੰ ਬੰਦ ਕਰ ਦੇਂਦਾ ਹੈ ਤੇ ਗਲੀ ਸੰਘਣੇ ਹਨੇਰੇ ਵਿਚ ਡੁੱਬ ਜਾਂਦੀ ਹੈ । ਤੇ ਦੂਜਾ ਖਰ੍ਹਵੀ ਆਵਾਜ਼ ਵਿਚ ਕਹਿੰਦਾ ਹੈ, ਜਿਸਦੀ ਸੁਰ ਤਾਂ ਉੱਚੀ ਨਹੀਂ ਪਰ ਕਰੜਾਈ ਵਿਚ ਵੀ ਕੋਈ ਸ਼ੱਕ ਨਹੀਂ , “ ਸਾਕਾ ਤੋਦੋ ਦੇ ਤੂ ਬੋਲਸੀਓ, ਸਿਨਿਓਰ ...ਰਾਪਿਦਾਮੇਂਤੇ”

ਉਸਨੂੰ ਸਪੇਨੀ ਨਹੀਂ ਆਂਦੀ ਪਰ ਇਸ ਸੁਰ ਵਿਚ ਕਹੀ ਗੱਲ ਨੂੰ ਸਮਝ ਸਕਣ ਲਈ ਕਿਸੇ ਜ਼ੁਬਾਨ ਦੀ ਲੋੜ ਨਹੀਂ , ਉਹ ਚੁੱਪਚਾਪ ਬਟੂਆ ਕੱਢ ਕੇ ਅਗਲੇ ਦੇ ਹੱਥ ਫੜਾ ਦੇਂਦਾ ਹੈ। ਗੁੱਟ ਤੋਂ ਘੜੀ ਵੀ ਲਾਹ ਦੇਂਦਾ ਹੈ। ਹੋਰ ਉਸ ਕੋਲ ਕੁਝ ਹੈ ਹੀ ਨਹੀਂ। ਉਹ ਆਦਮੀ ਉਸਦੀ ਘੜੀ ਵੱਲ ਨਜ਼ਰ ਮਾਰੇ ਬਿਨਾਂ ਹੀ ਕੋਲ ਖੜੋਤੇ ਆਪਣੇ ਸਾਥੀ ਨੂੰ ਫੜਾ ਦੇਂਦਾ ਹੈ, ਤੇ ਆਪ ਬਟੂਆ ਫਰੋਲਣ ਵਿਚ ਰੁੱਝ ਜਾਂਦਾ ਹੈ। ਕੁਲ ਮਿਲਾ ਕੇ ਸੌ ਯੂਰੋ ਵੀ ਨਹੀਂ ਬਟੂਏ ਵਿਚ, ਨਾਲ ਦੋ ਕ੍ਰੈਡਿਟ ਕਾਰਡ ਤੇ ਉਸਦਾ ਸ਼ਨਾਖਤੀ ਕਾਰਡ। ਨੋਟ ਤੇ ਕਾਰਡ ਕੱਢ ਕੇ ਉਹ ਬੰਦਾ ਖਾਲੀ ਬਟੂਆ ਉਸਨੂੰ ਵਾਪਸ ਫੜਾ ਦੇਂਦਾ ਹੈ ਤੇ ਪੁੱਛਦਾ ਹੈ,“ਕੋਦਿਗੋ ?”

ਉਸਨੂੰ ਸਮਝ ਨਹੀਂ ਪੈਂਦੀ ।

ਉਹ ਬੰਦਾ ਇਕ ਕਾਰਡ ਉਸ ਵੱਲ ਧੱਕ ਕੇ ਫੇਰ ਪੁੱਛਦਾ ਹੈ, "ਕੋਦਿਗੋ? ਕੋਦਿਗੋ? ਪਿਨ?"

ਹੁਣ ਉਸਨੂੰ ਸਮਝ ਪੈਂਦੀ ਹੈ ਤੇ ਉਹ ਵਾਰੀ ਵਾਰੀ ਦੋਹਾਂ ਕਾਰਡਾਂ ਦੇ ਪਿਨ ਉਸਨੂੰ ਲਿਖਾਂਦਾ ਹੈ, ਇਕ ਇਕ ਹਿੰਦਸਾਕਰਕੇ, ਅੰਗਰੇਜ਼ੀ ਵਿਚ ।

ਤੇ ਨਾਲ ਹੀ ਉਸਦੇ ਦਿਮਾਗ਼ ਦੇ ਘੋੜੇ ਦੌੜਨ ਲੱਗ ਪੈਂਦੇ ਹਨ। ਦੋਹਾਂ ਕਾਰਡਾਂ ਤੋਂ ਇਕ ਦਿਨ ਵਿਚ ਸਿਰਫ ਤਿੰਨ ਤਿੰਨ ਸੌ ਹੀ ਕਢਾਏ ਜਾ ਸਕਦੇ ਹਨ। ਪਰ ਜੇ ਉਹਨੇ ਅਗਲੇ ਇਕ ਘੰਟੇ ਵਿਚ ਕਾਰਡ ਕੈਂਸਲ ਨਾ ਕਰਾਏ ਤਾਂ ਰਾਤ ਬਾਰਾਂ ਵਜੇ ਤੋਂ ਨਵਾਂ ਦਿਨ ਸ਼ੁਰੂ ਹੋ ਜਾਵੇਗਾ ਤੇ ਇਹ ਲੋਕ ਛੇ ਸੌ ਯੂਰੋ ਹੋਰ ਕਢਾ ਸਕਣਗੇ। ਜੇ ਉਹ ਕਿਸੇ ਤਰ੍ਹਾਂ ਆਪਣਾ ਫੋਨ ਵਾਪਸ ਕਰਾ ਲਵੇ ਤਾਂ ਇਨ੍ਹਾਂ ਤੋਂ ਖਹਿੜਾ ਛੁਟਦੇ ਸਾਰ ਉਹ ਦੋਵੇਂ ਕਾਰਡ ਕੈਂਸਲ ਕਰਾ ਲਵੇ। ਹੋਟਲ ਪਹੁੰਚ ਕੇ ਫ਼ੋਨ ਕਰਨ ਤਕ ਬਹੁਤ ਦੇਰ ਹੋ ਜਾਵੇਗੀ।

ਇਕ ਤਰਲਾ ਮਾਰਨ ਵਿਚ ਕੀ ਹਰਜ ਹੈ। ਜਿੰਨੀਆਂ ਜ਼ੁਬਾਨਾਂ ਉਸਨੂੰ ਆਂਦੀਆਂ ਹਨ ਉਹ ਸਾਰੀਆਂ ਵਿਚ ਇਕੋ ਸਾਹੇ ਬੋਲ ਪੈਂਦਾ ਹੈ , ਬਿਨਾਂ ਸੋਚੇ, "ਮਾਈ ਸੈਲ, ਮਾਈਨੇ ਹੈਂਡੀ, ਮੌਂ ਮੋਬੀਲ, ਮੇਰਾ ਫ਼ੋਨ , ਪਲੀਜ਼ ...", ਤੇ ਮੰਗਤਿਆਂ ਵਾਂਗ ਹੱਥ ਟੱਡ ਦੇਂਦਾ ਹੈ।

"ਤੂੰ ਪੰਜਾਬੀ ਏਂ ?", ਅਗਲਾ ਚੌਂਕ ਕੇ ਇੰਝ ਪੁੱਛਦਾ ਹੈ ਕਿ ਉਹ ਆਪ ਵੀ ਚੌਂਕ ਜਾਂਦਾ ਹੈ। ਏਸ ਅਣਕਿਆਸੇ ਸਵਾਲ ਨਾਲ ਉਸਨੂੰ ਅਚਾਨਕ ਕੋਈ ਧਰਵਾਸ ਜਿਹੀ ਮਹਿਸੂਸ ਹੁੰਦੀ ਹੈ।

"ਜੀ ਹਾਂ, ਮੈਂ ਪੰਜਾਬ ਤੋਂ ਹਾਂ, ਤੁਸੀ ਵੀ ?"

ਸਾਹਮਣੇ ਵਾਲਾ ਲਾਈਟਰ ਬਾਲ ਕੇ ਲੋਅ ਨੂੰ ਉਸਦੇ ਚਿਹਰੇ ਦੇ ਕੋਲ ਲਿਆਂਦਾ ਹੈ, ਜਿਵੇਂ ਪਰਖ ਰਿਹਾ ਹੋਵੇ ਕਿ ਉਹ ਸੱਚਮੁੱਚ ਪੰਜਾਬੀ ਹੈ ਵੀ ਕਿ ਨਹੀਂ। ਤੇ ਉਸ ਆਦਮੀ ਦਾ ਅਗਲਾ ਸਵਾਲ ਉਸਨੂੰ ਹੋਰ ਵੀ ਹੈਰਾਨ ਕਰਦਾ ਹੈ, "ਤੁਸੀ ਪਾਰੀ ਗਏ ਹੋ ਕਦੀ?, ਅਚਾਨਕ ਉਹ ਤੂੰ ਤੋਂ ਤੁਸੀ ਕਿਵੇਂ ਹੋ ਗਿਆ! ਨਾਲੇ ਪੁੱਛਣ ਵਾਲੇ ਨੇ ਫ਼ਰਾਂਸੀਸੀ ਲਹਿਜੇ ਵਿਚ ਸ਼ਹਿਰ ਦਾ ਨਾਂਅ ਲੈਂਦਿਆਂ 'ਪਾਰੀ' ਕਿਹਾ ਹੈ, ਪੈਰਿਸ ਨਹੀਂ। ਪੈਰਿਸ ਉਹ ਅਣਗਿਣਤ ਵਾਰ ਗਿਆ ਹੈ, ਪਰ ਇਹ ਬੰਦਾ ..?

"ਜੀ, ਬੜੀ ਵਾਰ ਕਿਉਂ?"

"ਭਾਅ ਜੀ, ਮੈਂ ਸਿਆਣ ਲਿਆ ਤੁਾਨੂੰ , ਤੁਸੀ ਏਥੇ ਕਿੱਥੇ ?"

ਸਾਹਮਣੇ ਵਾਲਾ ਆਪਣੇ ਫ਼ੋਨ ਖੋਹਣ ਵਾਲੇ ਸਾਥੀ ਨੂੰ "ਦਾਮੇ ਸੁ ਸੈਲੂਲਾਰ" ਕਹਿ ਕੇ ਉਸਦਾ ਫ਼ੋਨ ਵਾਪਸ ਲੈ ਲੈਂਦਾ ਹੈ ਤੇ ਉਸਨੂੰ ਮੋੜ ਦੇਂਦਾ ਹੈ, ਤੇ ਨਾਲ ਹੀ ਬਟੂਏ ਵਿਚ ਸਾਰਾ ਕੁਝ ਵਾਪਸ ਤੁੰਨ ਕੇ, ਬਟੂਆ ਵੀ। ਘਟਨਾ ਵਿਚ ਅਚਾਨਕ ਆ ਗਏ ਇਸ ਮੋੜ ਨੂੰ ਦੇਖ ਕੇ ਉਸਨੂੰ ਘੇਰੀ ਖੜੋਤੇ ਬਾਕੀ ਦੇ ਪਰਛਾਂਵੇਂ ਜਿਵੇਂ ਅਚਾਨਕ ਨਮੂਦਾਰ ਹੋਏ ਸਨ, ਉਵੇਂ ਹੀ ਗ਼ਾਇਬ ਹੋ ਜਾਂਦੇ ਹਨ। ਤੇ ਹਨੇਰੀ ਗਲੀ ਵਿਚ ਸਿਰਫ਼ ਉਹ ਦੋਵੇਂ ਰਹਿ ਜਾਂਦੇ ਹਨ।ਉਸਨੂੰ ਕੁਝ ਸਮਝ ਨਹੀਂ ਆ ਰਹੀ ਕਿ ਇਹ ਬੰਦਾ ਕੌਣ ਹੈ, ਸਿਵਾਏ ਏਸਦੇ ਕਿ ਖਤਰਾ ਟਲ ਗਿਆ ਹੈ। ਪੈਰਿਸ ਵਿਚ ਉਹ ਜਾਣਦਾ ਤਾਂ ਕਈਆਂ ਨੂੰ ਹੈ, ਪਰ ਇਹੋ ਜਿਹੇ ਕਿਸੇ ਨੂੰ ਨਹੀਂ।

"ਭਾਅ ਜੀ, ਆਪਾਂ ਬੜੇ ਸਾਲ ਪਹਿਲਾਂ ਪਾਰੀ ਮਿਲੇ ਸੀ, ਤੁਸੀ ਮੇਰੇ ਕੋਲੋਂ ਦਸ ਬਾਰਾਂ ਛੱਲੇ ਖਰੀਦੇ ਸੀ, ਤੁਹਾਡੇ ਨਾਲ ਗੋਰੀ ਸੀ, ਮੈਨੂੰ ਵਿਨੋ ਦੀ ਬੋਤਲ ਦੇ ਕੇ ਗਏ ਸੀ।" ਉਹ ਬੰਦਾ ਇਕੇ ਸਾਹ ਕਿੰਨੀਆਂ ਸਾਰੀਆਂ ਨਿਸ਼ਾਨੀਆਂ ਦੱਸਦਾ ਹੈ, ਜਿਵੇਂ ਛੇਤੀ ਤੋਂ ਛੇਤੀ ਸਾਬਤ ਕਰਨਾ ਚਾਹੁੰਦਾ ਹੋਵੇ ਕਿ ਅਸੀਂ ਇਕ ਦੂਜੇ ਨੂੰ ਜਾਣਦੇ ਹਾਂ।

ਗੋਰੀ, ਵਿਨੋ ਦੀ ਬੋਤਲ !...ਤੇ ਕੋਈ ਪੰਝੀ ਤੀਹ ਸਾਲ ਪੁਰਾਣੀ, ਕਦੋਂ ਦੀ ਵਿੱਸਰ ਚੁੱਕੀ ਗੱਲ ਉਸਦੇ ਜ਼ਹਿਨ ਦੀਆਂ ਡੂੰਘਾਣਾਂ ਵਿਚੋਂ ਤਰ ਕੇ ਉੱਪਰ ਆ ਜਾਂਦੀ ਹੈ। ਜਦੋਂ ਉਹ ਪਹਿਲੀ ਵਾਰ ਪੈਰਿਸ ਗਿਆ ਸੀ।

ਉਹ ਤੇ ਨੈਓਮੀ ਦੋ ਦਿਨ ਦੀ ਛੁੱਟੀ ਕੱਟਣ ਪੈਰਿਸ ਆਏ ਸਨ। ਈਫ਼ੈਲ ਮੀਨਾਰ ਦੇਖ ਕੇ, ਉਹ ਸੇਨ ਨਦੀ ਦੇ ਪਾਰਲੇ ਪਾਸੇ ਤ੍ਰੋਕਾਦੇਰੋ ਵੱਲ ਚਲੇ ਗਏ। ਓਥੋਂ ਦੂਰੋਂ ਦਿਸਦੇ ਈਫ਼ੈਲ ਦੀਆਂ ਤਸਵੀਰਾਂ ਵਧੀਆ ਖਿੱਚੀਆਂ ਜਾ ਸਕਦੀਆਂ ਸਨ। ਤ੍ਰੋਕਾਦੇਰੋ ਦੇ ਸਾਹਮਣੇ ਫੜ੍ਹੀਆਂ ਲਾਈ ਬੈਠੇ ਨੌਜਵਾਨਾਂ ਦੀਆਂ ਪੰਗਤਾਂ ਸਨ, ਨਿੱਕੀਆਂ ਨਿੱਕੀਆਂ ਸਸਤੀਆਂ ਸੈਲਾਨੀ ਸੁਗਾਤਾਂ ਵੇਚ ਰਹੇ : ਈਫ਼ੈਲ, ਸਾਕ੍ਰੇ ਕੋਰ ਵਰਗੀਆਂ ਇਮਾਰਤਾਂ ਦੇ ਮਿੰਨੀ ਰੂਪਾਂ ਵਾਲੇ ਛੱਲੇ, ਆਈ ਲਵ ਯੂ ਪੈਰਿਸ ਦੀ ਇਬਾਰਤਵਾਲੀਆਂ ਮਿਕਨਾਤੀਸੀ ਫ਼ਰਿੱਜ -ਜੜਨੀਆਂ ਤੇ ਟੀ-ਸ਼ਰਟਾਂ, ਪੈਰਿਸ ਦੀਆਂ ਸੈਲਾਨੀ ਥਾਂਵਾਂ ਦੀਆਂ ਤਸਵੀਰਾਂ ਵਾਲੇ ਪੋਸਟਕਾਰਡ। ਨੈਓਮੀ ਆਪਣੇ ਲੰਡਨ ਵਾਲੇ ਦੋਸਤਾਂ ਲਈ ਨਿਸ਼ਾਨੀ ਵਜੋਂ ਕੁਝ ਖਰੀਦਣਾ ਚਾਹੁੰਦੀ ਸੀ। ਫੜ੍ਹੀਆਂ ਸਜਾਈ ਬੈਠੇ ਨੌਜਵਾਨਾਂ ਵਿਚੋਂ ਬਹੁਤੇ ਉੱਚੇ ਲੰਮੇ ਜੁੱਸਿਆਂ ਵਾਲੇ ਕਾਲੇ ਤੇ ਅਰਬੀ ਸਨ ਜਿਨ੍ਹਾਂ ਦੀ ਉਸ ਭੀੜ ਵਿਚ ਇਕ ਮਾੜਚੂ ਜਿਹਾ ਦੇਸੀ ਮੁੰਡਾ ਵੱਖਰਾ ਨਜ਼ਰੀਂ ਪੈਂਦਾ ਸੀ। ਸਗੋਂ ਨੈਓਮੀ ਨੇ ਹੀ ਉਸ ਵੱਲ ਇਸ਼ਾਰਾ ਕੀਤਾ,"ਓਹ ਵੇਖ, ਤੇਰੇ ਮੁਲਕ ਦਾ ਮੁੰਡਾ, ਉਸ ਕੋਲ ਨਿੱਕੇ ਨਿੱਕੇ ਹਾਥੀ ਤੇ ਤਾਜਮਹਿਲ ਵੀ ਪਏ ਹੋਏ ਨੇ।"

ਜਿੰਨਾ ਚਿਰ ਨੈਓਮੀ ਆਪਣੀ ਚੋਣ ਦੀਆਂ ਚੀਜ਼ਾਂ ਲੱਭਣ ਲਈ ਫਰੋਲਾ ਫਰਾਲੀ ਕਰਦੀ ਰਹੀ, ਉਹ ਉਸ ਮੁੰਡੇ ਨਾਲ ਗੱਲਾਂ ਕਰਦਾ ਰਿਹਾ ਜੋ ਕੁਝ ਹੀ ਮਹੀਨੇ ਪਹਿਲਾਂ ਪੰਜਾਬ ਤੋਂ ਉਠ ਕੇ ਯੂਗੋਸਲਾਵੀਆ ਦੇ ਰਾਹ ਫ਼ਰਾਂਸ ਆਇਆ ਸੀ। ਏਥੇ ਆਪਣੇ ਵਰਗੇ ਕਈ ਹੋਰ ਗ਼ੈਰ ਕਾਨੂੰਨੀ ਪੰਜਾਬੀਆਂ ਨਾਲ ਇਕੋ ਕਮਰੇ ਵਿਚ ਰਹਿ ਰਿਹਾ ਸੀ। ਉਨ੍ਹਾਂ ਦਾ ਸਾਂਝਾ ਮਾਲਕ ਵੀ ਪੰਜਾਬੀ ਸੀ ਜੋ ਰੋਜ਼ ਸਵੇਰੇ ਉਨ੍ਹਾਂ ਨੂੰ ਮਾਲ ਮੁਹੱਈਆ ਕਰਦਾ ਤੇ ਥਾਂ ਥਾਂ ਫੜ੍ਹੀਆਂ ਲਾਣ ਲਈ ਛੱਡ ਕੇ ਜਾਂਦਾ, ਫੇਰ ਸ਼ਾਮ ਨੂੰ ਸਾਰੀ ਵੱਟਕ ਇਕੱਠੀ ਕਰ ਲੈਂਦਾ। ਇਵਜ਼ ਵਿਚ ਸਾਰਿਆਂ ਨੂੰ ਰਹਿਣ ਦੀ ਥਾਂ ਤੇ ਦੋ ਵੇਲੇ ਦੀ ਰੋਟੀ ਦੇ ਰਿਹਾ ਸੀ। ਕਹਿੰਦਾ ਸੀ ਪੱਕੇ ਹੋ ਜਾਓਗੇ, ਕਾਗ਼ਜ਼ ਬਣ ਜਾਣਗੇ ਤਾਂ ਆਪੋ ਆਪਣਾ ਕੰਮ ਸ਼ੁਰੂ ਕਰ ਲੈਣਾ। ਪੰਜਾਬੀਆਂ ਵੱਲੋਂ ਆਪਣੇ ਹੀ ਬੰਦਿਆਂ ਨੂੰ ਨਿਚੋੜਨ ਦੀਆਂ ਸੈਂਕੜੇ ਕਹਾਣੀਆਂ ਦੀ ਇਕ ਹੋਰ ਮਿਸਾਲ। ਪਰ ਉਸਨੂੰ ਹੈਰਾਨੀ ਹੋਈ. ਮਸਾਂ ਪੰਦਰਾਂ ਕੁ ਸਾਲ ਦਾ ਇਹ ਮੁੰਡਾ ਏਥੇ ਪਹੁੰਚ ਗਿਆ .. ਪਰ ਮੁੰਡੇ ਨੇ ਦੱਸਿਆ ਕਿ ਉਹ ਸ਼ੁਰੂ ਤੋਂ ਹੀ ਮਾੜਚੂ ਸੀ। ਅਸਲ ਵਿਚ ਉਹ ਅਠ੍ਹਾਰਵੇਂ ਸਾਲ ਵਿਚ ਹੈ। ਚੁਣੀਆਂ ਵਸਤਾਂ ਦਾ ਭੁਗਤਾਨ ਕਰਦਿਆਂ ਉਸਨੇ ਇਹ ਗੱਲਾਂ ਨੈਓਮੀ ਨੂੰ ਵੀ ਦੱਸੀਆਂ। ਸੁਣ ਕੇ ਨੈਓਮੀ ਨੇ ਹੱਥ ਵਿਚ ਫੜੀ, ਸ਼ਾਮ ਲਈ ਖਰੀਦੀ ਵਾਈਨ ਦੀ ਬੋਤਲ ਅਗਾਂਹ ਕਰਦਿਆਂ ਕਿਹਾ, "ਇਹ ਬੋਤਲ ਸਾਡੇ ਵੱਲੋਂ ਆਪਣੇ ਹਮਵਤਨੀ ਨੂੰ ਭੇਂਟ ਕਰ ਦੇ।" ਉਸਨੇ ਉਜ਼ਰ ਕੀਤੀ, ਜਿੰਨੇ ਦਾ ਉਨ੍ਹਾਂ ਨੇ ਇਹ ਨਿਕ ਸੁਕ ਖਰੀਦਿਆ ਸੀ ਉਸਤੋਂ ਵੀ ਵੱਧ ਕੀਮਤ ਦੀ ਇਹ ਬੋਤਲ ਸੀ। ਮੁੰਡਾ ਏਸ ਮਹਿੰਗੀ ਵਾਈਨ ਦਾ ਕੀ ਕਰੇਗਾ! ਪਰ ਨੈਓਮੀ ਅੜ ਗਈ, "ਅਸੀਂ ਤੇ ਹੋਰ ਬੋਤਲ ਖਰੀਦ ਸਕਦੇ ਹਾਂ, ਇਹ ਭੋਲਾ ਮੁੰਡਾ ਉਹ ਪੁੱਜਤ ਨਹੀਂ ਰਖਦਾ।" ਆਪਣੀ ਗੋਰੀ ਸਹੇਲੀ ਸਾਹਮਣੇ ਉਹ ਥੋੜ੍ਹ-ਦਿਲਾ ਨਹੀਂ ਸੀ ਜਾਪਣਾ ਚਾਹੁੰਦਾ, ਸੋ ਅਣਮੰਨੇ ਜਿਹੇ ਨਾਲ ਉਹਨੇ ਬੋਤਲ ਮੁੰਡੇ ਵੱਲ ਵਧਾ ਦਿੱਤੀ,"ਇਹ ਸਾਡੇ ਵੱਲੋਂ ਤੇਰੇ ਲਈ ਹੈ। ਰੱਖ ਲੈ। "

ਮੁੰਡੇ ਨੇ ਕੁਝ ਹੈਰਾਨ ਜਿਹਾ ਹੋ ਕੇ ਪੁੱਛਿਆ , "ਇਹ ਵੈਂ ਹੈ ?"

"ਨਹੀਂ , ਇਹ ਵਾਈਨ ਦੀ ਬੋਤਲ ਹੈ, ਆਪਣੇ ਮਿੱਤਰਾਂ ਨਾਲ ਰਲ ਕੇ ਪੀ ਲਵੀਂ ", ਪਰ ਕਹਿੰਦੇ ਸਾਰ ਉਸਨੂੰ ਸਮਝ ਪੈ ਗਈ ਕਿ ਮੁੰਡੇ ਨੇ ਵੀ ਆਪਣੇ ਵੱਲੋਂ ਵਾਈਨ ਹੀ ਕਿਹਾ ਸੀ ਫ਼ਰਾਂਸੀਸੀ ਵਿਚ ਵਾਈਨ ਨੂੰ ਵੈਂ ਹੀ ਤਾਂ ਕਹਿੰਦੇ ਹਨ। ਥੋੜ੍ਹੀ ਜਿਹੀ ਨਾਂਹ ਨੁਕਰ ਦੇ ਬਾਅਦ ਮੁੰਡੇ ਨੇ ਵਾਈਨ/ ਵੈਂ ਦੀ ਬੋਤਲ ਰੱਖ ਲਈ ਸੀ ਤੇ ਉਹ ਆਪਣੇ ਰਾਹ ਪੈ ਗਏ ਸਨ।

"ਤੂੰ ਦੇਖਿਆ ਸੀ ਮੁੰਡੇ ਦੀਆਂ ਅੱਖਾਂ ਵਿਚ ਗਲੇਡੂ ਸਨ, ਜਦੋਂ ਅਸੀਂ ਓਥੋਂ ਤੁਰੇ ਸਾਂ। ਕਿਸੇ ਦੀ ਮੁਹੱਬਤੀ ਛੋਹ ਨੂੰ ਤਰਸਦਾ - ਨਿਰਾ ਬਾਲ ਸੀ ਉਹ ਵਿਚਾਰਾ।"

ਉਸਨੇ ਧਿਆਨ ਨਹੀਂ ਸੀ ਦਿੱਤਾ, ਸੋ ਹੌਲੀ ਜਿਹੇ ਸਿਰ ਹਿਲਾ ਦਿੱਤਾ - ਨਾ ਹਾਂ , ਨਾ ਨਾਂਹ।

ਪਤਾ ਨਹੀਂ ਔਰਤਾਂ ਕੋਲ ਕਿਹੋ ਜਿਹੀ ਨਜ਼ਰ ਹੁੰਦੀ ਹੈ ਕਿ ਉਹ ਅਜਿਹੀਆਂ ਗੱਲਾਂ ਫੜ ਲੈਂਦੀਆਂ ਹਨ, ਜੋ ਸਾਨੂੰ ਨਹੀਂ ਦਿਸਦੀਆਂ।

"ਤਾਂ ਤੂੰ ਉਹ ਮੁੰਡਾ ਹੈਂ? ਸਾਨੂੰ ਤ੍ਰੋਕਾਦੇਰੋ ਦੇ ਕੋਲ ਮਿਲਿਆ ਸੀ ਨਾ? ਪਰ ਤੂੰ ਏਥੇ ਕਿਵੇਂ ?"

ਮੁੰਡੇ ਤੋਂ ਆਦਮੀ ਵਿਚ ਤਬਦੀਲ ਹੋ ਚੁੱਕੇ ਓਸ ਬੰਦੇ ਨੇ ਕੋਈ ਜਵਾਬ ਨਾ ਦਿਤਾ , ਸਗੋਂ ਅੱਗੋਂ ਪੁੱਛ ਲਿਆ , "ਤੁਸੀ ਕਿੱਥੇ ਜਾ ਰਹੇ ਹੋ ਏਸ ਵੇਲੇ ?"

ਪਲ ਕੁ ਲਈ ਉਹ ਝਿਜਕਿਆ ਕਿ ਇਹ ਕਿਤੇ ਕੋਈ ਹੋਰ ਜਾਲ ਨਾ ਹੋਵੇ, ਪਰ ਨਾਲ ਹੀ ਆਪਣੀ ਬੇਵਸਾਹੀ ਨੂੰ ਫ਼ੌਰਨ ਝਟਕਦਿਆਂ ਹੋਟਲ ਦਾ ਨਾਂਅ ਦੱਸ ਦਿਤਾ।

"ਭਾਅ ਜੀ, ਤੁਸੀਂ ਤੇ ਅਜੇ ਅੱਧਾ ਅਲਬਾਇਸਿਨ ਹੋਰ ਪਾਰ ਕਰਨਾ ਹੈ। ਤੁਸੀਂ ਨ੍ਹੇਰੇ ਵਿਚ ਕੱਲੇ ਪੈਦਲ ਕਿਉਂ ਨਿਕਲ ਪਏ ? ਇਹ ਇਲਾਕਾ ਖਤਰੇ ਤੋਂ ਖਾਲੀ ਨਹੀਂ , ਕੋਈ ਹੋਰ ਅਸਾਲਤਾਦੋਰ, ਮੇਰਾ ਮਤਲਬ ਚੋਰ ਤੁਹਾਨੂੰ ਪੈ ਸਕਦਾ ਏ। ਮੈਂ ਛੱਡ ਕੇ ਔਨਾਂ ਤੁਾਨੂੰ।"

ਦੋਵੇਂ ਟੁਰ ਪਏ। ਹੁਣ ਗੂਗਲ ਸੇਧ ਵਰਤਣ ਦੀ ਵੀ ਲੋੜ ਨਹੀਂ ਸੀ ਰਹੀ , ਉਹ ਬੰਦਾ ਤਾਂ ਜਿਵੇਂ ਇਲਾਕੇ ਦੇ ਚੱਪੇ ਚੱਪੇ ਨਾਲ ਵਾਕਫ਼ ਸੀ। ਦੋ ਛਾਉਲੇ ਨਾਲੋ ਨਾਲ ਟੁਰਦੇ, ਉਨ੍ਹਾਂ ਹਨੇਰੀਆਂ ਗਲੀਆਂ ਨੂੰ ਪਾਰ ਕਰਨ ਲੱਗੇ। ਕੁਝ ਚਿਰ ਮਗਰੋਂ ਉਸ ਬੰਦੇ ਨੇ ਦੁਹਾਂ ਦੇ ਨਾਲ ਨਾਲ ਤੁਰੀ ਆ ਰਹੀ ਚੁੱਪ ਨੂੰ ਆਪੇ ਤੋੜਿਆ।

"ਮੈਨੂੰ ਪਾਰੀ ਛੱਡਣਾ ਪੈ ਗਿਆ ਸੀ। ਰਾਤੋ ਰਾਤ ਨਿਕਲਣਾ ਪਿਆ। ਮੇਰੇ ਕੋਲੋਂ ਕਤਲ ਹੋ ਗਿਆ ਸੀ।"

ਭੈਅ ਦੀ ਝੁਣਝੁਣੀ ਨੇ ਉਸਨੂੰ ਮੁੜ ਕੰਬਾਅ ਦਿੱਤਾ। ਇਨ੍ਹਾਂ ਲੁੱਗੀਆਂ ਗਲੀਆਂ ਵਿਚ ਉਹ ਕਿਹੋ ਜਿਹੇ ਬੰਦੇ ਦੇ ਆਸਰੇ ਤੁਰਿਆ ਜਾ ਰਿਹਾ ਸੀ ! ਪਤਾ ਨਹੀਂ ਉਸਦੇ ਭੈਅ ਨੂੰ ਬੰਦੇ ਨੇ ਸੁੰਘ ਲਿਆ ਤੇ ਸਪਸ਼ਟੀਕਰਨ ਦੇਣਾ ਜ਼ਰੂਰੀ ਸਮਝਿਆ, ਜਾਂ ਉਂਝ ਹੀ ਉਹ ਆਪਣੀ ਗੱਲ ਜਾਰੀ ਰੱਖ ਰਿਹਾ ਸੀ , " ਮੈਂ ਕਤਲ ਕਰਨਾ ਨਹੀਂ ਸਾਂ ਚਾਹੁੰਦਾ, ਬਸ ਹੋ ਗਿਆ, ਗੱਲ ਹੀ ਕੁਝ ਇਹੋ ਜਿਹੀ ਹੋ ਗਈ ਸੀ ਕਿ ਮੇਰੇ ਕੋਲ ਹੋਰ ਕੋਈ ਰਾਹ ਨਹੀਂ ਸੀ ਬਚਿਆ।"

ਕੀ ਹੋਇਆ ਹੋਵੇਗਾ ਕਿ ਨੌਬਤ ਕਤਲ ਤਕ ਪਹੁੰਚ ਗਈ ! ਕੀ ਇਹ ਕਿਸੇ ਦੀ ਕਾਮ-ਭੁਖ ਦਾ ਸ਼ਿਕਾਰ ਬਣ ਰਿਹਾ ਸੀ, ਜਾਂ ਇਸ ਨੂੰ ਕਮਜ਼ੋਰ ਸਮਝ ਕੋਈ ਇਸ ਉੱਤੇ ਇੰਝ ਕਾਬਜ਼ ਹੋ ਰਿਹਾ ਸੀ ਜਿਸਨੇ ਇਸ ਅੰਦਰ ਏਨਾ ਅੰਨ੍ਹਾ ਰੋਹ ਜਗਾ ਦਿੱਤਾ ਕਿ ਇਸਨੇ ਉਸਨੂੰ ਮਾਰ ਹੀ ਮੁਕਾਇਆ। ਉਸ ਦੇ ਮਨ ਵਿਚੋਂ ਕਈ ਸਵਾਲ ਲੰਘੇ ਪਰ ਏਨੇ ਸਾਲਾਂ ਤੋਂ ਇੰਗਲੈਂਡ ਰਹਿੰਦਿਆਂ ਉਸ ਵਿਚ ਯੋਰਪੀਨਾਂ ਵਾਲਾ ਸੰਕੋਚ ਆ ਗਿਆ ਹੋਇਆ ਸੀ। ਕਦੇ ਕਿਸੇ ਨੂੰ ਜ਼ਾਤੀ ਸਵਾਲ ਨਾ ਪੁੱਛੋ, ਜੇ ਉਹ ਆਪ ਦੱਸ ਦੇਵੇ ਤਾਂ ਵਖਰੀ ਗੱਲ ਹੈ। ਸੋ ਉਹਨੇ ਆਪਣੀ ਜਿਗਿਆਸਾ ਨੂੰ ਦੱਬੀ ਰਖਿਆ।

"ਮੈਨੂੰ ਫ਼ਰਾਂਸੀਆ ਛੱਡ ਕੇ ਭੱਜਣਾ ਪਿਆ। ਉਹ ਬੰਦਾ ਵੀ ਆਪਣਿਆਂ 'ਚੋਂ ਸੀ ਤੇ ਮੇਰੇ ਲਈ ਲੁਕਣਾ ਵੀ ਖਤਰੇ ਤੋਂ ਖਾਲੀ ਨਹੀਂ ਸੀ। ਮੈਨੂੰ ਕੋਈ ਵੀ ਫੜਾ ਸਕਦਾ ਸੀ, ਮੈਂ ਬਾਡਰ ਲੰਘ ਕੇ ਐਸਪਾਨੀਆ ਆ ਗਿਆ ਤੇ ਹੁਣ ਓਦੋਂ ਤੋਂ ਏਥੇ ਹੀ ਹਾਂ।"

"ਕਿੰਨੇ ਸਾਲ ਤੋਂ ਹੈਂ ਏਥੇ ?", ਉਸਨੇ ਬਣਦਾ ਸਵਾਲ ਹੀ ਕੀਤਾ ਤਾਂ ਜੋ ਅਗਲੇ ਨੂੰ ਇਹ ਨਾ ਜਾਪੇ ਕਿ ਉਸਨੂੰ ਇਸ ਸਾਰੀ ਕਹਾਣੀ ਵਿਚ ਕੋਈ ਦਿਲਚਸਪੀ ਨਹੀਂ ਸੀ।

"ਫ਼ਰਾਂਸੀਆ ਤੇ ਮੈਂ ਤਿੰਨ ਸਾਲ ਵੀ ਨਾ ਰਿਹਾ, ਤੇ ਏਥੇ ਆਇਆਂ ਵੀ ਹੁਣ ਪੱਚੀ ਸਾਲ ਤੋਂ ਵੱਧ ਹੋ ਗਏ ਨੇ।"

"ਏਥੇ ਹੈ ਨੇ ਹੋਰ ਪੰਜਾਬੀ ?", ਉਸਨੂੰ ਹੋਰ ਕੁਝ ਪੁੱਛਣਾ ਨਾ ਸੁੱਝਿਆ।

"ਹੋਣਗੇ, ਪਰ ਮੇਰਾ ਕਿਸੇ ਨਾਲ ਕੋਈ ਔਣਾ-ਜਾਣਾ ਨਹੀਂ। ਗੱਲ ਕਿਤੋਂ ਦੀ ਕਿਤੇ ਪਹੁੰਚ ਜਾਂਦੀ ਏ ,ਫ਼ਰਾਂਸੀਆ ਕਿਹੜਾ ਦੂਰ ਏ ਏਥੋਂ। ਏਥੇ ਆ ਕੇ ਮੈਂ ਸ਼ੁਰੂ ਤੋਂ ਹੀ ਲਾਤੀਨੋ ਮੁੰਡਿਆਂ ਨਾਲ

ਰਿਹਾਂ। ਏਥੇ ਬੜੇ ਲਾਤੀਨੋ ਨੇ, ਮੇਰੀ ਐਸਪੋਸਾ ਵੀ ਲਾਤੀਨਾ ਏ। ਮੈਂ ਆਪਣਾ ਨਾਂਅ ਵੀ ਬਦਲ ਚੁੱਕਾ ਹਾਂ, ਹੁਣ ਮੇਰਾ ਨਾਂਅ ਮਾਰੀਓ ਏ।"

ਉਸਨੂੰ ਖਿਆਲ ਆਂਦਾ ਹੈ ਕਿ ਨਾਂਅ ਹੀ ਨਹੀਂ ਬਦਲਿਆ ਉਸ ਦੀ ਜ਼ੁਬਾਨ ਵੀ ਬਦਲ ਗਈ ਏ। ਗੱਲ ਗੱਲ ਵਿਚ ਸਪੇਨੀ ਲਫਜ਼ ਵਾੜ ਦੇਂਦਾ ਹੈ। ਵਹੁਟੀ ਜਾਂ ਬੀਵੀ ਦੀ ਥਾਂ ਐਸਪੋਸਾ ਕਿਹਾ ਸੂ। ਪਰ ਇਹੋ ਕੁਝ ਉਸ ਨਾਲ ਵੀ ਹੋ ਰਿਹਾ ਹੈ, ਆਪਣੀ ਮਾਂ ਨਾਲ ਪੰਜਾਬੀ ਵਿਚ ਗੱਲ ਕਰਦਿਆਂ ਵੀ ਕਈ ਅੰਗਰੇਜ਼ੀ ਦੇ ਲਫ਼ਜ਼ ਵਰਤ ਲੈਂਦਾ ਹੈ , ਸਗੋਂ ਹੁਣ ਤੇ ਉਸਦੀ ਮਾਂ ਦੀ ਬੋਲੀ ਵਿਚ ਵੀ ਅੰਗਰੇਜ਼ੀ ਦੇ ਛੱਟੇ ਉਭਰ ਆਂਦੇ ਹਨ।

ਉਸਦੇ ਅੰਦਰ ਉਠਦੇ ਖਿਆਲਾਂ ਦੀ ਜਿਵੇਂ ਉਸ ਬੰਦੇ ਨੂੰ ਵੀ ਭਿਣਕ ਪੈ ਗਈ ਹੋਵੇ ,“ ਬੜੇ ਚਿਰ ਬਾਅਦ ਪੰਜਾਬੀ ਬੋਲੀ ਏ ਭਾਅ ਜੀ। ਲਗਦਾ ਏ ਬੋਲਣੀ ਭੁੱਲ ਗਈ ਏ। ਐਸਪਾਨਿਓਲਬੋਲ ਬੋਲ ਕੇ ਮੂੰਹ ਦੁਖਣ ਨੂੰ ਆ ਜਾਂਦਾ ਏ। ”

“ਪੰਜਾਬ ਜਾਂਦਾ ਏਂ ਕਦੇ ਕਦਾਈਂ ?”

“ਕੀ ਗੱਲਾਂ ਕਰਦੇ ਓ ਭਾਅ ਜੀ। ਮੈਂ ਜਾਵਾਂ ਤੇ ਫੜਿਆ ਜਾਵਾਂਗਾ। ਮੈਂ ਮਰ ਚੁੱਕਾ ਹਾਂ - ਘਰਦਿਆਂ ਲਈ। ਇਹੋ ਠੀਕ ਏ, ਉਨ੍ਹਾਂ ਮੈਨੂੰ ਮਰ ਖਪ ਗਿਆ ਸਮਝ ਕੇ ਰੋ ਪਿੱਟ ਵੀ ਲਿਆ ਹੋਣੈ ਕਦੇ ਦਾ। ਇਹੋ ਠੀਕ ਏ , ਮੇਰੇ ਲਈ ਵੀ, ਉਨ੍ਹਾਂ ਲਈ ਵੀ। ਪਿਛਾਂਹ ਵੱਲ ਝਾਕਦੇ ਰਹੋ ਤਾਂ ‘ਗਾਂਹ ਵੱਲ ਨ੍ਹੀਂਟੁਰਿਆ ਜਾਂਦਾ। ਪਰ ਜੀਣਾ ਤੇ ਹੁੰਦੈ ਨਾ ਬੰਦੇ ਨੇ, ਪਹਿਲੀਆਂ ‘ਤੇ ਮਿੱਟੀ ਪਾਈ ਹੀ ਚੰਗੀ। ਉਹ ਆਪਣੀ ਥਾਂ ਸੁਖੀ ਵਸਣ, ਮੇਰੀ ਕਿਸਮਤ ਵਿਚ ਜੋ ਸੀ, ਮਿਲ ਗਿਆ। ਹੁਣ ਤਾਂ ਉਨ੍ਹਾਂ ਨਾਲ ਮੇਲੇ ਸੁਰਗਾਂ ਚ ਈ ਹੋਣਗੇ।"

ਉਸਨੂੰ ਅਜੀਬ ਜਿਹਾ ਲਗਦਾ ਹੈ। ਜਿਉਂਦੇ ਜੀਅ ਮਰ ਗਿਆਂ ‘ਚ ਸ਼ਾਮਲ ਸਮਝਿਆ ਜਾਣਾ, ਆਪਣੇ ਪਿੰਡ ਕਦੇ ਵੀ ਵਾਪਸ ਨਾ ਜਾ ਸਕਣ ਦੀ ਮਜਬੂਰੀ .. ਕਿਹੋ ਜਿਹਾ ਮਹਿਸੂਸ ਕਰਦਾ ਹੋਵੇਗਾ ਇਹ ਬੰਦਾ! ਇਹ ਵੀ ਕੀ ਜ਼ਿੰਦਿਗੀ ਹੋਈ ਭਲਾ! ਪਰ ਉਹ ਖੁਦ ਕਿਹੜਾ ਵਾਪਸ ਜਾਂਦਾ ਰਿਹਾ ਹੈ। ਸਗੋਂ ਉਸਨੂੰ ਤੇ ਚੇਤੇ ਵੀ ਨਹੀਂ ਕਿ ਆਖਰੀ ਵਾਰ ਪੰਜਾਬ ਕਦੋਂ ਗਿਆ ਸੀ। ਸ਼ਾਇਦ ਉਦੋਂ, ਜਦੋਂ ਆਪਣੇ ਮਾਪਿਆਂ ਨੂੰ ਨਾਲ ਲੈ ਕੇ ਗਿਆ ਸੀ, ਤੇ ਹੁਣ ਤੇ ਬਾਪ ਨੂੰ ਪੂਰੇ ਹੋਇਆਂ ਵੀ ਦਸ ਸਾਲ ਹੋ ਚੱਲੇ ਹਨ। ਉਸਤੋਂ ਬਾਅਦ ਕਦੇ ਗਿਆ ਹੀ ਨਹੀਂ, ਭਾਂਵੇਂ ਏਸ ਬੰਦੇ ਵਾਂਙ ਉਸਦੀ ਕੋਈ ਮਜਬੂਰੀ ਵੀ ਨਹੀਂ।

“ਭਾਅ ਜੀ, ਔਹ ਸਾਹਮਣੇ ਤ੍ਰਾਡਾ ਹੋਟਲ ਜੇ, ਇਸਤੋਂ ‘ਗਾਂਹ ਮੈਂ ਜਾ ਨਹੀਂ ਸਕਦਾ। ਪਰ ਤੁਸੀ ਰਮਾਨ ਨਾਲ ਜਾਓ, ਜਦੋਂ ਤਕ ਗੇਟ ਲੰਘ ਨਹੀਂ ਜਾਓਗੇ, ਮੈਂ ਖੜ੍ਹਾ ਦੇਖਦਾ ਰਹਾਂਗਾ। ਫ਼ਿਕਿਰ ਨਾ ਕਰੋ, ਜਾਓ ਤੁਸੀ, ਪਰ ਜੇ ਹੋਰ ਕੁਝ ਦਿਨ ਏਥੇ ਟਿਕਣਾ ਜੇ ਤਾਂ ਰਾਤ ਵੇਲੇ ਟੈਕਸੀ ਹੀ ਲਿਆ ਕਰੋ। ਤੂਰਿਸਤਾਸ ਲਈ ਇਹ ਇਲਾਕਾ ਦਿਨ ਢਲੇ ਸੇਗੂਰੋ ਨਹੀਂ। ਨਾਲੇ ਤੁਸੀ ਤੇ ਕੱਲੇ ਹੀ ਤੁਰੇ ਫਿਰਦੇ ਜੇ। ”

ਉਸਦੇ ਮਨ ਵਿਚ ਉੱਥਲ ਪੁੱਥਲ ਜਹੀ ਹੋ ਰਹੀ ਹੈ। ਟਲ ਗਈ ਮੁਸੀਬਤ ਤੋਂ ਛੁਟਕਾਰੇ ਦਾ ਸੋਚਦਿਆਂ, ਹਮਦਰਦੀ ਤੇ ਸ਼ੁਕਰਾਨੇ ਦਾ ਰਲਵਾਂ ਅਹਿਸਾਸ ਜਾਗ ਪਿਆ ਹੈ। ਉਹ ਏਸ ਬੰਦੇ ਨੂੰ ਕੁਝ ਦੇ ਕੇ ਜਾਣਾ ਚਾਹੁੰਦਾ ਹੈ। ਪਰ ਬਟੂਏ ਵਿਚ ਤਾਂ ਸੌ ਯੂਰੋ ਤੋਂ ਵੀ ਘੱਟ ਦੀ ਨਕਦੀ ਹੈ।

ਏਥੇ ਏ ਟੀ ਐਮ ਹੈ ਕੋਈ ਨੇੜੇ?”

“ਕੀ? ਮੈਨੂੰ ਸਮਝ ਨ੍ਹੀਂ ਆਈ?”

“ਕਾਹੇਰੋ ਆਊਤਾਮਾਤਿਕੋ ”, ਉਹ ਸਪੇਨੀ ਵਿਚ ਦੁਹਰਾਂਦਾ ਹੈ। ਏਥੇ ਦੀਆਂ ਮਸ਼ੀਨਾਂ ਵਿਚੋਂ ਕਈ ਵਾਰ ਪੈਸੇ ਕਢਾਏ ਹੋਣ ਕਾਰਨ ਇਹ ਸ਼ਬਦ ਉਹ ਵੀ ਜਾਣਦਾ ਹੈ।

“ਹੈ ਵੇ, ਪਰ ਵੱਡੀ ਸੜਕ ਵਾਲੇ ਪਾਸੇ ਵਾਲਾ ਹੀ ਖੁਲ੍ਹਾ ਮਿਲੇਗਾ ਏਸ ਵੇਲੇ, ਤੇ ਉਹ ਦੂਰ ਜੇ।

ਏਸ ਸੜਕ ਵਾਲਾ ਸਵੇਰੇ ਪੰਜ ਵਜੇ ਤੋਂ ਮਗਰੋਂ ਖੁਲ੍ਹੇਗਾ। ਜੇ ਏਸੇ ਵੇਲੇ ਕਢਾਣੇ ਨੇ ਤਾਂ ਮੈਂ ਚਲਦਾਂ ਤੁਾਡੇ ਨਾਲ।"

"ਚਲ ਫੇਰ,ਵੱਡੀ ਸੜਕ ਵਾਲੇ ਪਾਸੇ ਹੀ ਲੈ ਚੱਲ ਦੋਸਤ। ਮੈਂ ਤੇਰੇ ਲਈ ਹੀ ਕਢਾਣੇ ਨੇ, ਐਤਕੀਂ ਵਿਨੋ ਦੀ ਬੋਤਲ ਤਾਂ ਹੈ ਨਹੀਂ ਨਿਸ਼ਾਨੀ ਵਜੋਂ ਤੈਨੂੰ ਦੇਣ ਲਈ ", ਉਹ ਆਪਣੇ ਮੰਤਵ ਨੂੰ ਸਪਸ਼ਟ ਕਰਦਿਆਂ ਥੋੜ੍ਹੀ ਅਪਣੱਤ ਦਾ ਅਹਿਸਾਸ ਪੈਦਾ ਕਰਨ ਦੀ ਕੋਸ਼ਿਸ਼ ਕਰਦਾ ਹੈ। ਇੰਝ ਨਕਦੀ ਲੈਂਦਿਆਂ ਅਗਲੇ ਦੇ ਸਵੈ-ਮਾਣ ਨੂੰ ਠੇਸ ਹੀ ਨਾ ਲਗਦੀ ਹੋਵੇ।

"ਨਹੀਂ ਭਾਅ ਜੀ, ਮੂਚਾਸ ਗ੍ਰਾਸੀਆਸ, ਪਰ ਪੈਸੇ ਦੀ ਕੋਈ ਲੋੜ ਨਹੀਂ। ਉਪਰ ਵਾਲੇ ਦੀ ਮਿਹਰ ਨਾਲ ਵਾਹਵਾ ਕਮਾ ਲੈਂਦਾ ਹਾਂ।"

ਕਮਾਈ ਸ਼ਬਦ ਸੁਣ ਕੇ ਉਹ ਅੰਦਰਖਾਤੇ ਮੁਸਕਰਾਂਦਾ ਹੈ, ਪਰ ਚੋਰੀ ਕਸਬ ਹੀ ਤਾਂ ਹੈ ਇਸ ਬੰਦੇ ਲਈ, ਸੋ ਉਹ ਕਮਾਈ ਹੀ ਕਹੇਗਾ ਨਾ।"ਜ਼ਰੂਰ ਕਮਾਂਦਾ ਹੋਵੇਂਗਾ, ਪਰ ਮੇਰੇ ਕਰਕੇ ਤੇਰੀ ਦਿਹਾੜੀ ਮਾਰੀ ਗਈ ਏ ਦੋਸਤ, ਮੈਂ ਜ਼ਿੰਮੇਵਾਰ ਹਾਂ ਤੇਰੇ ਨੁਕਸਾਨ ਲਈ", ਉਹ ਆਪਣੀ ਤਜਵੀਜ਼ ਨੂੰ ਰਤਾ ਹੋਰ ਢੰਗ ਨਾਲ ਪੇਸ਼ ਕਰਦਾ ਹੈ।

"ਕੀ ਗੱਲਾਂ ਕਰਦੇ ਓ, ਭਾਅ ਜੀ। ਕਮਾਈ ਤਾਂ ਰੋਜ਼ ਬਥੇਰੀ ਹੋ ਜਾਂਦੀ ਏ, ਪਰ ਕੋਈ ਆਪਣਾ ਜੀਅ ਕਿਹੜਾ ਰੋਜ਼ ਰੋਜ਼ ਮਿਲਦਾ ਏ। ਸੱਚ ਮੰਨਿਓ, ਜੇ ਮੇਰਾ ਘਰ ਏਨੀ ਦੂਰ ਨਾ ਹੁੰਦਾ ਤਾਂ ਤੁਹਾਨੂੰ ਨਾਲ ਲੈ ਕੇ ਜਾਂਦਾ, ਐਸਪੋਸਾ ਨਾਲ ਮਿਲਾਉਂਦਾ, ਕੋਈ ਸੇਵਾ ਪਾਣੀ ਕਰਦਾ। ਮੈਨੂੰ ਤਾਂ, ਤੁਾਨੂੰ ਮਿਲ ਕੇ ਤਸੱਲੀ ਓ ਬੜੀ ਹੋਈ ਏ ..."

ਉਸਨੂੰ ਕੋਈ ਸ਼ੱਕ ਨਹੀਂ ਕਿ ਇਹ ਸਾਰੀਆਂ ਗੱਲਾਂ ਬੰਦਾ ਦਿਲੋਂ ਕਹਿ ਰਿਹਾ ਹੈ, ਸਿਰਫ਼ ਕਹਿਣ ਦੀ ਖਾਤਰ ਨਹੀਂ। ਤੇ ਉਸਨੂੰ ਕੁਝ ਪੈਸੇ ਦੇ ਕੇ ਜਾਣ ਦੀ ਉਸਦੀ ਤਾਂਘ ਹੋਰ ਪਰਬਲ ਹੋ ਜਾਂਦੀ ਹੈ, "ਤੂੰ ਮੇਰੀ ਬੜੀ ਮਦਦ ਕੀਤੀ ਏ, ਮੈਂ ਵੀ ਤੇਰੇ ਲਈ ਕੁਝ ਕਰਨਾ ਚਾਹੁੰਦਾ ਹਾਂ ਵੀਰ। ਮੇਰੀ ਤਸੱਲੀ ਖਾਤਰ ਹੀ ਮੈਨੂੰ ਇਹ ਕਰ ਲੈਣ ਦੇ।" ਐਤਕੀਂ ਦੋਸਤ ਦੀ ਥਾਂ ਉਸਦੇ ਮੂੰਹੋਂ ਆਪਮੁਹਾਰੇ ਵੀਰ ਨਿਕਲਦਾ ਹੈ, ਸ਼ਾਇਦ ਉਸ ਬੰਦੇ ਦੇ ਦਿਲੋਂ ਨਿਕਲੇ ਨਿੱਘ ਨੇ ਉਹਨੂੰ ਵੀ ਅਛੋਪਲੇ ਹੀ ਵਲਿੱਸ ਲਿਆ ਹੈ, ਤੇ ਉਸਦੀ ਸੁਰ ਵਿਚ ਕੋਈ ਤਰਲਾ ਜਿਹਾ ਆਣ ਰਲਿਆ ਹੈ।

ਇਸ ਤਰਲੇ ਦੀ ਤਰੰਗ ਉਸ ਬੰਦੇ ਤੋੜ ਵੀ ਪਹੁੰਚਦੀ ਹੈ , ਉਹ ਪਲ ਭਰ ਕੁਝ ਸੋਚਦਿਆਂ ਠਿਠਕਦਾ ਤੇ ਫੇਰ ਕਹਿੰਦਾ ਹੈ, "ਮੇਰਾ ਇਕ ਕੰਮ ਕਰ ਦੇਣਾ, ਇੰਡੀਆ ਜਾਂਦੇ ਓਂ ਨਾ?"

"ਕਦੇ ਕਦਾਈਂ, ਪਰ ਤੂੰ ਦੱਸ ਕੀ ਕੰਮ ਏ?"

"ਜਦੋਂ ਅਗਲੀ ਵਾਰ ਦਰਬਾਰ ਸਾਹਬ ਮੱਥਾ ਟੇਕਣ ਅੰਬਰਸਰ ਜਾਓ ਤਾਂ ਮੇਰੇ ਪਿੰਡ ਵੀ ਹੋ ਆਣਾ। ਬਹੁਤੀ ਦੂਰ ਨਹੀਂ ਅੰਬਰਸਰੋਂ। ਰਾਮਤੀਰਥ ਤੋਂ ਥੋੜ੍ਹਾ ਈ ਹੋਰ ਅੱਗੇ ਜੇ - ਖਿਆਲ੍ਹਾ। ਬਚਨ ਸਿੰਘ ਦਾ ਘਰ ਪੁੱਛ ਲੈਣਾ, ਜੀਹਦਾ ਮੁੰਡਾ ਯੂਰਪ ਜਾ ਕੇ ਮਰ ਖਪ ਗਿਆ। ਜੋ ਠੀਕ ਸਮਝੋ, ਥੋੜੀ ਮਾਇਆ ਆਪਣੇ ਵੱਲੋਂ ਉਸ ਜੀਅ ਦੇ ਹੱਥ ਧਰ ਦੇਣਾ ਜਿਹੜਾ ਵੀ ਘਰੇ ਜਿਉਂਦਾ ਲੱਭਾ। ਪਰ ਮੈਨੂੰ ਮਰਿਆ ਹੀ ਰਹਿਣ ਦੇਣਾ। ਮੇਰੇ ਬਾਰੇ, ਮੈਨੂੰ ਮਿਲਣ ਬਾਰੇ, ਕੋਈ ਗੱਲ ਨਾ ਕਰਨਾ ..."

ਉਸਨੂੰ ਜਾਪਿਆ ਜਿਵੇਂ ਉਸ ਬੰਦੇ ਦੀ ਆਵਾਜ਼ ਕੁਝ ਤਿੜਕ ਗਈ ਸੀ, ਜਿਵੇਂ ਬੋਲਦਿਆਂ ਗੱਚ ਭਰ ਆਇਆ ਹੋਵੇ।

"ਜ਼ਰੂਰ", ਤੇ ਉਸਨੇ ਰੁਖਸਤੀ ਲਈ ਆਪਣਾ ਹੱਥ ਮਿਲਾਣ ਲਈ ਅੱਗੇ ਵਧਾ ਦਿੱਤਾ, ਪਰ ਉਹ ਬੰਦਾ ਹੱਥ ਮਿਲਾਣ ਦੀ ਥਾਂ ਉਸਦੇ ਪੈਰਾਂ ਵੱਲ ਝੁਕ ਗਿਆ, ਜਿਵੇਂ ਅਸੀਸ ਮੰਗਦਾ ਹੋਵੇ। ਉਹਨੂੰ ਸਮਝ ਨਾ ਪਈ ਕਿ ਉਸਨੂੰ ਕੀ ਕਰਨਾ ਚਾਹੀਦਾ ਹੈ,"ਨਾ, ਨਾ, ਇੰਝ ਨਹੀਂ ਕਰੀਦਾ", ਬਸ ਏਨਾ ਹੀ ਕਹਿ ਸਕਿਆ।

"ਤੁਸੀ ਚਲੋ ਹੁਣ, ਭਾਅ ਜੀ। ਮੈਂ ਏਥੇ ਈ ਖੜ੍ਹਾ ਜੇ ਅਜੇ .."

ਸੌ ਕੁ ਕਦਮਾਂ ਦੀ ਵਿੱਥ ਪਾਰ ਕਰਕੇ, ਹੋਟਲ ਦੀਆਂ ਬਰੂਹਾਂ 'ਤੇ ਪਹੁੰਚ ਕੇ ਉਸਨੇ ਪਿਛਾਂਹ ਮੁੜ ਕੇ ਦੇਖਿਆ। ਹੁਣ ਚਾਨਣ ਦੇ ਚੱਕਰ ਹੇਠ ਆਣ ਕੇਖੜੋਤੇ ਨੂੰ, ਪਿੱਛੇ ਰਹਿ ਗਿਆ ਹੋਇਆ ਹਨੇਰਾ ਹੋਰ ਵੀ ਘੁੱਪ ਹੋ ਗਿਆ ਜਾਪਿਆ, ਪਰ ਫੇਰ ਇਕ ਝਾਉਲਾ ਜਿਹਾ ਨਜ਼ਰ ਆਇਆ ਤੇ ਉਸਨੇ ਹੱਥ ਉੱਚਾ ਕਰਕੇ ਹਿਲਾ ਦਿੱਤਾ।

ਜਵਾਬ ਵਿਚ ਕੋਈ ਹੱਥ ਹਿੱਲਿਆ ਜਾਂ ਨਾ, ਉਸਨੂੰ ਸਮਝ ਨਾ ਪਈ, ਪਰ ਅਗਲੇ ਪਲ ਉਹ ਝਾਉਲ਼ਾ ਵੀ ਹਨੇਰੇ ਵਿਚ ਖੁਰ ਗਿਆ। ਹੁਣ ਓਥੇ ਸੰਘਣਾ ਹਨੇਰਾ ਹੀ ਬਚਿਆ ਦਿਸਦਾ ਸੀ , ਜਿਵੇਂ ਉਸਤੋਂ ਪਾਰ ਕੋਈ ਦੁਨੀਆ ਹੋਵੇ ਹੀ ਨਾ। 000

***(sukirat.anand@gmail.com)***

## ਪੱਖਾ: ਕਹਾਣੀ: ਮਖ਼ਦੂਮ ਟੀਪੂ ਸਲਮਾਨ

ਪੱਖਾ ਛੱਤ ਨਾਲ ਪੁੱਠਾ ਟੰਗਿਆ ਭੌਂਦਾ ਰਹਿੰਦਾ ਹੈ।

ਚੱਲਦੇ ਨੂੰ ਵੇਖ ਕੇ ਜਾਪਦਾ ਹੈ ਤਿੰਨੇ ਪਰ ਇਕ ਦੂਜੇ ਪਿੱਛੇ ਨੱਸਦੇ ਨੇ। ਖਲੋਤੇ ਵਿਚ ਕੋਈ ਕਿਸੇ ਦੇ ਪਿੱਛੇ ਨ੍ਹੀਂ ਨੱਸਦਾ। ਬਿਜਲੀ ਬਿਨਾਂ ਪਰ ਬੰਦੇ ਦੇ ਪੁੱਤਰ ਬਣ ਕੇ ਰਹਿੰਦੇ ਨੇ, ਆਪਣੀ ਆਪਣੀ ਥਾਂ 'ਤੇ ਸਕੂਨ ਨਾਲ ਖਲੋਤੇ। ਬਟਨ ਦਬਦਿਆਂ ਹੀ ਭੌਂਤਰ ਜਾਂਦੇ।

ਬੰਦ ਪੱਖਾ ਵੇਖ ਕੇ ਇਹ ਵੀ ਨ੍ਹੀਂ ਦੱਸਿਆ ਜਾ ਸਕਦਾ ਕਿ ਕੌਣ ਕਿਹਦੇ ਪਿੱਛੇ ਵੇ। ਇਹ ਤਾਂ ਪੱਖੇ ਦੀ ਚਾਲ ਦੱਸਦੀ ਏ ਕਿ ਕੌਣ ਅੱਗੇ ਹੋਵੇਗਾ, ਤੇ ਕੌਣ ਪਿੱਛੇ। ਪਰ ਖ਼ਵਰੇ ਸਮਝਦੇ ਹੋਣ ਕਿ ਉਹ ਆਪਣੀ ਮਿਹਨਤ ਤੇ ਲਗਨ ਨਾਲ ਅੱਗੇ ਨਿਕਲਦੇ ਨੇ। ਓਨ੍ਹਾਂ ਨੂੰ ਕੀ ਪਤਾ ਕਿ ਉਹ ਤੇ ਨਿਰੇ ਮਸ਼ੀਨੀ ਪੁਰਜ਼ੇ ਨੇ, ਜਿਨ੍ਹਾਂ ਦੇ ਹੱਥ ਪੱਲੇ ਭੌਂਦੇ ਰਹਿਣ ਦੇ ਸਿਵਾ ਕੁਝ ਵੀ ਨ੍ਹੀਂ।

ਕਮਾਲ ਤਾਂ ਅਸਲ ਵਿਚ ਪੱਖੇ ਦੀ ਮੋਟਰ ਦਾ ਹੈ। ਮੋਟਰ, ਜਿਹਦੇ ਅੰਦਰ ਤਾਰਾਂ ਦੇ ਇੰਨੇ ਚੱਕਰ ਨੇ ਕਿ ਸਮਝਣ ਦੀ ਕੋਸ਼ਿਸ਼ ਕਰੋ ਤਾਂ ਆਪ ਨੂੰ ਚੱਕਰ ਆ ਜਾਣ। ਜੇ ਮੋਟਰ ਪੁੱਠੀ ਚੱਲਣ ਲੱਗ ਪਵੇ ਤਾਂ ਅੱਗੇ ਵਾਲੇ ਪਰ ਪਿੱਛੇ, ਤੇ ਪਿੱਛੇ ਵਾਲੇ ਅੱਗੇ ਕਰ ਦਵੇ।

ਹੌਲ਼ੀ ਸਪੀਡ ਉੱਤੇ ਹੌਲ਼ੀ ਹੌਲ਼ੀ ਤੁਰਦੇ ਨੇ, ਜਿਵੇਂ ਇਕੱਠੇ ਹੋ ਕੇ ਬਾਗ਼ ਦੀ ਸੈਰ 'ਤੇ ਆਏ ਹੋਣ; ਗੱਪਾਂ ਮਾਰਦੇ, ਆਪਣੀਆਂ ਲੁਕਾਈਆਂ ਹੋਈਆਂ ਬਿਮਾਰੀਆਂ ਅਤੇ ਪੀੜਾਂ ਆਪਣੇ ਅੰਦਰ ਢੋਂਦੇ। ਕੋਈ ਪਿਛਵਾੜੇ ਵਿਚ ਬਵਾਸੀਰ ਲੈ ਕੇ ਫਿਰਦਾ ਹੋਵੇ ਤਾਂ ਕੋਈ ਦਿਲ ਵਿਚ ਕੌਲੈਸਟਰੌਲ, ਕੋਈ ਜੋੜਾਂ ਦੀ ਪੀੜ ਭਜਾਣ ਲਈ ਆਇਆ ਹੋਵੇ ਤਾਂ ਕੋਈ ਲਿੰਗ ਦੀ ਸੁਸਤੀ। ਉੱਤੋਂ ਹੱਸਦੇ, ਅੰਦਰੋਂ ਡਰਦੇ, ਆਪਣੀਆਂ ਅੰਦਰੂਨੀ ਲਾਅਨਤਾਂ ਨੂੰ ਝਾੜ ਸੁੱਟਣ ਦੇ ਸੁਫ਼ਨੇ ਵੇਖਦੇ, ਹੌਲ਼ੀ ਹੌਲ਼ੀ ਤੁਰਦੇ। ਬਾਗ਼ਾਂ ਵਿਚ ਸੁਫ਼ਨੇ ਵੀ ਜੰਨਤਾਂ ਦੇ ਹੀ ਆਣੇ ਹੋਏ। ਸੁਫ਼ਨੇ ਵਿਚ ਜਵਾਨੀ, ਤਾਕਤ ਨਾਲ ਫਿੱਟਿਆ ਜੁੱਸਾ ਅਤੇ ਰੰਡੀਆਂ ਦੇ ਲਾਟਾਂ ਮਾਰਦੇ ਬਦਨ ਵੇਖਦੇ, ਤੁਰੇ ਜਾਂਦੇ, ਹੌਲ਼ੀ-ਹੌਲ਼ੀ, ਹੌਲ਼ੀ-ਹੌਲ਼ੀ।

ਫੁੱਲ ਸਪੀਡਾਂ 'ਤੇ ਅੱਪੜ ਕੇ ਲੱਗਦਾ ਜਿਸ ਤਰ੍ਹਾਂ ਕੋਟਲਾ ਛਪਾਕੀ ਖੇਡਦੇ ਹੋਣ। ਫਿਰ ਜਦੋਂ ਇਹ ਕੋਟਲ਼ਾ ਛਪਾਕੀ ਚੱਲੀ ਹੀ ਜਾਂਦੀ ਹੈ, ਲੱਗਦੈ ਇਹ ਖੇਡ ਨ੍ਹੀਂ, ਕਿਸੇ ਵੱਡੇ ਮਕਸਦ ਨੂੰ ਹਾਸਲ ਕਰਨ ਲਈ ਜੱਦੋਜਹਿਦ ਪਈ ਹੁੰਦੀ ਹੋਵੇ; ਆਪਣੇ ਜੀਵਨ ਨੂੰ ਸਫਲ ਕਰਨ ਵਾਸਤੇ ਉੱਚੀਆਂ 'ਵਾਅਵਾਂ ਵਿਚ ਭੌਂਅ ਭੌਂਅ ਕੇ। ਇੰਨੀ ਉੱਤੇ, ਇੰਨੀ ਤੇਜ਼ ਭੌਂਦੇ, ਉਹ ਵੀ ਪੁੱਠੇ, ਕਿਸ ਨੂੰ ਚੇਤਾ ਆ ਸਕਦਾ ਹੈ ਬਈ ਉਹ ਕੀ ਪਿਆ ਕਰਦਾ ਹੈ, ਤੇ ਕਿਉਂ। ਉਸ ਹਾਲਤ ਵਿਚ ਭੱਜਣਾ ਨੱਸਣਾ ਤਰੱਕੀ ਦੀ ਦੌੜ ਤੋਂ ਨਿਕਲ ਕੇ ਹੋਂਦ ਦੀ ਦੌੜ ਬਣ ਜਾਂਦਾ ਹੈ। ਅੱਗੇ ਨਾ ਵੀ ਵਧਣਾ ਚਾਹੋ, ਫਿਰ ਵੀ ਤੁਹਾਨੂੰ ਭੱਜਣਾ ਪੈਂਦਾ ਹੈ, ਨ੍ਹੀਂ ਤਾਂ ਪਿਛਲੇ ਵਾਲੇ

ਫੇਹ ਕੇ ਲੰਘ ਜਾਂਦੇ ਨੇ।

ਖਵਰੇ ਓਹਦੇ ਭੌਣ ਨੂੰ ਚੱਲਣਾ ਕਿਉਂ ਆਖਦੇ ਨੇ? ਸ਼ਾਇਦ ਇਸ ਲਈ ਕਿ ਪੁਰਾਣਿਆਂ ਜ਼ਮਾਨਿਆਂ ਵਿਚ ਪੱਖੇ ਦੀਆਂ ਸਪੀਡਾਂ ਨ੍ਹੀਂ ਸਨ ਹੁੰਦੀਆਂ। ਜਾਂ ਪੱਖਾ ਚੱਲਦਾ ਸੀ, ਜਾਂ ਫਿਰ ਨ੍ਹੀਂ ਸੀ ਚੱਲਦਾ। ਇਹ ਤੇਜ਼ ਹੌਲ਼ੀ ਚੱਲਣ ਦੀਆਂ ਸਹੂਲਤਾਂ ਤਾਂ ਜੁੰਮਾ ਜੁੰਮਾ ਅੱਠ ਦਿਨ ਹੋਏ ਆਈਆਂ ਨੇ। ਸਪੀਡਾਂ ਨਿਰੀਆਂ ਪੱਖਿਆਂ ਦੀ ਹੀ ਨ੍ਹੀਂ ਕੰਟਰੋਲ ਹੋਈਆਂ, ਬੰਦਿਆਂ ਦੀਆਂ ਵੀ ਹੋ ਗਈਆਂ ਨੇ। ਇਸ ਸੂਤ ਕੀਤੀ ਜਾ ਸਕਣ ਵਾਲੀ ਸਪੀਡ ਤੋਂ ਪਹਿਲਾਂ ਜਾਂ ਬੰਦਾ ਖੁਸ਼ ਕਿਸਮਤ ਹੁੰਦਾ ਸੀ ਜਾਂ ਬਦ ਕਿਸਮਤ, ਪਰ ਹੁਣ ਤੇ ਬੜਾ ਕੁਝ ਹੁੰਦਾ ਹੈ, ਤੇ ਹਰ ਵੇਲ਼ੇ ਹੁੰਦਾ ਈ ਰਹਿੰਦਾ ਹੈ। ਕਦੀ ਅੱਗੇ ਨਿਕਲ ਜਾਂਦਾ ਹੈ ਕਦੀ ਪਿੱਛੇ ਰਹਿ ਜਾਂਦਾ ਏ, ਕਦੀ ਉਤਾਂਹ ਨੂੰ ਨਿਕਲ਼ ਜਾਂਦਾ ਏ ਤਾਂ ਕਦੀ ਥੱਲੇ ਨੂੰ ਡਿੱਗ ਪੈਂਦਾ ਏ। ਪੱਖਾ ਵੀ ਪਹਿਲਾਂ ਜਾਂ ਚੱਲਦਾ ਸੀ ਜਾਂ ਬੰਦ ਰਹਿੰਦਾ ਸੀ, ਹੁਣ ਤੇ ਤੇਜ਼ ਵੀ ਚੱਲਦਾ ਏ ਤੇ ਹੌਲ਼ੀ ਵੀ, ਬਹੁਤ ਤੇਜ਼ ਵੀ ਤੇ ਬਹੁਤ ਹੌਲ਼ੀ ਵੀ। ਓਨਾ ਹੀ ਤੇਜ਼ ਭੌਂਦਾ ਏ ਜਿੰਨਾ ਓਹਦਾ ਗਰਾਰੀ ਰੈਗੂਲੇਟਰ ਇਜਾਜ਼ਤ ਦਿੰਦਾ ਏ। ਇਕ ਨਿੱਕੀ ਜਿਹੀ ਗਰਾਰੀ, ਕਦੀ ਗ਼ੌਰ ਨਾਲ ਵੇਖੋ ਤਾਂ ਜਾਪਦਾ, ਬਿਨਾਂ ਪਰਾਂ ਦਾ ਮਿੰਨੀ ਪੱਖਾ; ਕਿਸ ਤਰ੍ਹਾਂ ਗੱਭਰੂ ਪੱਖੇ ਨੂੰ ਇਹ ਛਿਲਤਰ ਜਿਹੀ ਨੱਚ ਨੱਚ ਕੇ ਨਚਾਉਂਦੀ ਏ।

ਪਹਿਲਾਂ ਇਹ ਗਰਾਰੀ ਇੰਨੀ ਨਿੱਕੀ ਨ੍ਹੀਂ ਸੀ ਹੁੰਦੀ। ਇਹ ਕ੍ਰਿਸ਼ਮਾ ਵੀ ਅਸੀਂ ਸਾਇੰਸ ਤੋਂ ਕਰਾਇਆ ਏ।

ਇਹ ਬਟਨ ਨਾਲ ਚੱਲਣ ਵਾਲਾ ਪੱਖਾ ਵੀ ਜਾਦੂਗਰੀ ਏ। ਉਂਝ ਬਿਜਲੀ ਦੀ ਇਜਾਦ ਤੋਂ ਪਹਿਲਾਂ ਵੀ ਪੱਖੇ ਹੁੰਦੇ ਸਨ, ਬਸ ਸਿਸਟਮ ਥੋੜ੍ਹਾ ਵੱਖਰਾ ਸੀ। ਮਸ਼ੀਨਾਂ ਓਸ ਵੇਲ਼ੇ ਵੀ ਹੁੰਦੀਆਂ ਸਨ, ਪਰ ਮੋਟਰ ਦੀ ਥਾਂ ਓਨ੍ਹਾਂ ਵਿਚ ਬੰਦੇ ਲਗਦੇ ਸਨ। ਇੰਨੇ ਕਾਬਲ ਨ੍ਹੀਂ ਸਨ ਹੁੰਦੇ ਉਹ ਵਾਲੇ, ਪੁਰਾਣੇ ਪੱਖੇ। ਚਲਦੇ ਵੀ ਹੌਲ਼ੀ ਹੌਲ਼ੀ ਸਨ ਤੇ ਤੁਹਾਡੇ ਸੌਂ ਜਾਣ ਪਿੱਛੋਂ ਕਦੀ ਕਦਾਰ ਮੋਟਰ ਵੀ ਸੌਂ ਜਾਂਦੀ ਸੀ; ਕਈ ਵਾਰੀ ਮੋਟਰ ਥੱਕੀ ਹੁੰਦੀ ਸੀ। ਫਿਰ ਪੱਖੇ ਦਾ ਪਰ ਵੀ ਇਕੋ ਹੁੰਦਾ ਤੇ ਮੋਟਰ ਨਾਲ ਗਰਾਰੀ ਵੀ ਨ੍ਹੀਂ ਸੀ ਹੁੰਦੀ। ਸਪੀਡ ਤੇਜ਼ ਕਰਨ ਵਾਸਤੇ ਗਰਾਰੀ ਘੁਮਾਣ ਦੀ ਸਹੂਲਤ ਨ੍ਹੀਂ ਸੀ ਹੁੰਦੀ, ਬੜੀ ਖੇਚਲ ਕਰਨੀ ਪੈਂਦੀ ਸੀ। ਪਹਿਲਾਂ ਚੀਕ ਚੀਕ ਕੇ ਮੋਟਰ ਨੂੰ ਆਵਾਜ਼ਾਂ ਲਾਣੀਆਂ ਪੈਂਦੀਆਂ ਸਨ, ਤੇ ਜੇ ਮੋਟਰ ਦੀ ਅੱਖ ਲੱਗ ਗਈ ਹੋਵੇ ਤਾਂ ਬਿਸਤਰੇ ਤੋਂ ਉੱਠ ਕੇ, ਕਮਰੇ ਦੇ ਬਾਹਰ, ਪੱਖੇ ਦਾ ਰੱਸਾ ਫੜ ਕੇ ਸੁੱਤੀ ਪਈ ਮੋਟਰ ਦੇ ਢਿੱਡ ਵਿਚ ਠੁੱਡੇ ਮਾਰਨੇ ਪੈਂਦੇ ਸਨ। ਕਈ ਵਾਰੀ ਠੁੱਡੇ ਮੋਟਰ ਦੀ ਤਿੱਲੀ ਪਾੜ ਦਿੰਦੇ ਤੇ ਉਹ ਖ਼ੂਨ ਦੀ ਉਲਟੀ ਕਰ ਕੇ ਮਰ ਜਾਂਦੀ।

ਪਹਿਲਾਂ ਵੀ ਪੱਖਿਆਂ ਦੀਆਂ ਸਪੀਡਾਂ ਬੰਦੇ ਮਾਰ ਦਿੰਦੀਆਂ ਸਨ, ਤੇ ਹੁਣ ਵੀ। ਹੁਣ ਬਸ ਦਿਸਦਾ ਕੁਝ ਨ੍ਹੀਂ, ਨਾ ਠੁੱਡੇ ਨਾ ਖ਼ੂਨ ਦੀਆਂ ਉਲਟੀਆਂ। ਨਿਰੀ ਪੱਖੇ ਨਾਲ ਟੰਗੀ ਇਕ ਲੋਥ ਦਿਸਦੀ ਏ, ਪੁੱਠੇ ਟੰਗੇ ਪੱਖੇ ਨਾਲ ਲਮਕਦੀ, ਸਿੱਧੀ ਲੋਥ! 000

***(22-C,Gulberg-2, Off Zahoor Elahi Road, Lahore Pakistan***
***Email: ts.makhdoom@gmail.com***
***Mobile Phone: +92 321 944 3030)***

## ਡ੍ਰੀਮ ਲੈਂਡ: ਕਹਾਣੀ: ਬਲਦੇਵ ਸਿੰਘ ਗਰੇਵਾਲ

ਅਸੀਂ ਤਿੰਨੋਂ ਕਾਰ ਵਿਚ ਬੈਠਕੇ ਉੱਥੋਂ ਤੁਰਨ ਹੀ ਲੱਗੇ ਸੀ ਕਿ ਦੇਖਿਆ ਉਹੋ ਸੋਹਣੀ ਕੁੜੀ ਸਾਡੀ ਵੱਲ ਨੂੰ ਭੱਜੀ ਆ ਰਹੀ ਹੈ। ਬਾਂਹ ਉੱਚੀ ਕਰਕੇ ਸਾਨੂੰ ਰੁਕਣ ਦਾ ਇਸ਼ਾਰਾ ਵੀ ਕਰ ਰਹੀ ਹੈ।

ਅਸੀਂ ਰੁਕ ਜਾਂਦੇ ਹਾਂ। ਉਸ ਨੂੰ ਉਡੀਕਣ ਲੱਗ ਜਾਂਦੇ ਹਾਂ।

ਅੱਜ ਸਾਡਾ ਲਗਪਗ ਪੂਰਾ ਦਿਨ ਇਸੇ ਮਾਰਕਿਟ ਵਿਚ ਬੀਤਿਆ ਹੈ...

ਸਵੇਰੇ ਲੌਂਗ ਆਈਲੈਂਡ ਵਿਚ, ਮੇਰੀ ਨੇਬਰਹੁਡ ਵਿਚ ਰਹਿੰਦੇ ਮੇਰੇ ਮਿੱਤਰ, ਨਵਤੇਜ ਸਿੰਘ ਦਾ ਫੋਨ ਆਇਆ ਸੀ। ਉਸ ਦੇ ਮਰਸੀਡੀਜ ਐੱਸ ਯੂ ਵੀ ਦਾ, ਬੈਕ ਕਰਦਿਆਂ, ਐਕਸੀਡੈਂਟ ਹੋ ਗਿਆ ਸੀ। ਉਸ ਦੀ ਰੀਅਰ ਵਿੰਡਸਕਰੀਨ ਟੁੱਟ ਗਈ ਸੀ ਤੇ ਪਿਛਲੇ ਹਿੱਸੇ ਵਿਚ ਡੈਂਟ ਪੈ ਗਏ ਸਨ। ਉਸ ਨੇ ਫੋਨ ਉਪਰ, ਕੁਈਨਜ਼ ਵਿਚ ਕਿਸੇ ਮਕੈਨਿਕ ਪਾਸੋਂ ਐਸਟੀਮੇਟ ਲਿਆ ਸੀ। ਉਸ ਨੇ ਦੋ ਹਜ਼ਾਰ ਡਾਲਰ ਵਿਚ ਕਾਰ ਠੀਕ ਕਰ ਦੇਣ ਦਾ ਐਸਟੀਮੇਟ ਦਿੱਤਾ ਸੀ। ਇਸ ਲਈ ਮੇਰਾ ਦੋਸਤ ਮੈਨੂੰ ਪੁੱਛ ਰਿਹਾ ਸੀ, ਕੀ ਮੈਂ ਉਸਦੇ ਨਾਲ ਕੁਈਨਜ਼ ਚੱਲਣਾ ਚਾਹਾਂਗਾ।

ਅਸੀਂ ਲਗਪਗ ਰਿਟਾਇਰਡ ਹਾਂ, ਪੁੱਤਰਾਂ ਨੇ ਸਾਡੇ ਕੰਮ ਕਾਰ ਸੰਭਾਲ ਲਏ ਹਨ। ਕੋਵਿਡ ਐਪੀਡੈਮਿਕ ਕਾਰਣ, ਅਸੀਂ ਘਰਾਂ ਅੰਦਰ ਹੀ ਡੇਢ੍ਹ ਸਾਲ ਤੋਂ ਸੀਮਤ ਰਹੇ ਹਾਂ। ਹੁਣ ਜਦ ਕੋਵਿਡ ਥੋੜ੍ਹਾ ਘਟਿਆ ਹੈ, ਅਸੀਂ ਦੋਸਤ ਮਿੱਤਰ ਮਿਲਣ ਅਤੇ ਘੁੰਮਣ ਫਿਰਨ ਦੇ ਬਹਾਨੇ ਢੂੰਡਦੇ ਰਹਿੰਦੇ ਹਾਂ। ਆਨੀਂ ਬਹਾਨੀਂ ਇਕੱਠੇ ਹੁੰਦੇ ਹਾਂ, ਗੱਪਾਂ ਮਾਰਦੇ ਹਾਂ। ਹੱਸਦੇ ਹਾਂ। ਮਨੋਰੰਜਨ ਕਰਦੇ ਹਾਂ। ਸੋ ਮੈਂ ਨਵਤੇਜ ਨੂੰ ਯੈੱਸ ਕਰ ਦਿੱਤੀ। ਰਾਹ ਵਿਚ ਨਾਲ ਦੀ ਕਾਊਂਟੀ ਵਿਚ ਰਹਿੰਦੇ, ਆਪਣੇ ਇਕ ਹੋਰ ਦੋਸਤ ਐੱਸ.ਪੀ. ਨੂੰ ਵੀ ਨਾਲ ਲੈ ਲਿਆ।

ਊਂਝ ਤਾਂ ਇਸ ਦੇਸ਼ ਵਿਚ ਆ ਕੇ ਵਧੇਰੇ ਪਰਵਾਸੀ ਮੁੱਢੋਂ ਸੁੱਢੋਂ ਜ਼ਿੰਦਗੀ ਸ਼ੁਰੂ ਕਰਦੇ ਹਨ, ਪਰ ਇੰਡੀਆ ਦੇ ਪਹਿਲੇ ਪ੍ਰੋਫੈਸ਼ਨ ਜਾਂ ਰੁਤਬੇ ਉਹਨਾਂ ਦੇ ਨਾਲ ਹੀ ਏਥੇ ਆ ਜਾਂਦੇ ਹਨ। ਇੱਥੇ ਯੋਗਤਾ ਅਨੁਸਾਰ ਨਹੀਂ, ਸਗੋਂ ਜੋ ਵੀ ਕੰਮ ਮਿਲਦਾ ਹੈ, ਉਹੋ ਸ਼ੁਰੂ ਕਰ ਲੈਂਦੇ ਹਨ। ਨਵਤੇਜ ਇੰਡੀਆ ਵਿਚ ਮਾਸਟਰ ਸੀ, ਇੱਥੇ ਉਹ ਕੰਸਟ੍ਰਕਸ਼ਨ ਦਾ ਵੱਡਾ ਕੰਟਰੈਕਟਰ ਹੈ। ਪਰ ਇੱਥੇ ਵੀ ਉਹ ਮਾਸਟਰ ਹੀ ਅਖਵਾਉਂਦਾ ਹੈ। ਮੈਂ ਉੱਥੇ ਫੌਜ ਵਿਚ ਸੀ, ਇੱਥੇ ਰੀਅਲ ਅਸਟੇਟ ਕਰਦਾ ਹਾਂ, ਪਰ ਸਭ ਫੌਜੀ ਹੀ ਆਖਦੇ ਹਨ। ਗੁਲਜ਼ਾਰ ਸਿੰਘ ਉੱਥੇ ਪੰਜਾਬ ਪੁਲਿਸ ਵਿਚੋਂ ਐੱਸ.ਪੀ. ਰਿਟਾਇਰ ਹੋਇਆ ਸੀ, ਉਸ ਦੇ ਪੁੱਤਰਾਂ ਨੇ ਉਸ ਨੂੰ ਸਪਾਂਸਰ ਕਰ ਕੇ ਇੱਥੇ ਬੁਲਾ ਲਿਆ ਸੀ। ਉਹ ਇੱਥੇ ਵੀ ਸਾਡਾ ਐੱਸ.ਪੀ. ਹੀ ਹੈ।

ਕੁਈਨਜ਼ ਨੂੰ ਆਉਂਦਿਆਂ ਐੱਸ.ਪੀ. ਨੇ ਸੁਝਾਅ ਦਿੱਤਾ ਕਿ ਪਹਿਲਾਂ ਇਸ ਮਾਰਕਿਟ ਵਿਚ ਪਤਾ ਕਰ ਲਿਆ ਜਾਵੇ। ਮੈਂ ਤਾਂ ਉਸ ਦੇ ਸੁਝਾਅ ਦਾ ਮਜ਼ਾਕ ਉਡਾਇਆ ਸੀ। ਕਿਹਾ ਸੀ – ਪੁਲਸੀਏ ਨੂੰ ਇੱਥੇ ਵੀ ਚੋਰ ਬਾਜ਼ਾਰ ਹੀ ਪਸੰਦ ਆਇਆ ਹੈ। ਕਿਉਂਕਿ ਕਈ ਲੋਕ ਇਸ ਮਾਰਕਿਟ ਨੂੰ ਇੰਡੀਆ ਦੇ ਚੋਰ ਬਾਜ਼ਾਰਾਂ ਵਰਗਾ ਹੀ ਸਮਝਦੇ ਹਨ। ਪਰ ਮਾਸਟਰ ਨੂੰ ਐੱਸ.ਪੀ. ਦਾ ਸੁਝਾਅ ਚੰਗਾ ਲੱਗਿਆ ਸੀ। ਉਸ ਕੋਲ਼ ਕਾਰ ਦਾ ਫੁੱਲ ਇੰਸ਼ੋਰੈਂਸ ਨਹੀਂ, ਇਸ ਲਈ ਕਾਰ ਰਿਪੇਅਰ ਦਾ ਪੂਰਾ ਬਿੱਲ ਉਹਨੂੰ ਪੱਲਿਉਂ ਦੇਣਾ ਪੈਣਾ ਸੀ। ਇਸ ਮਾਰਕਿਟ ਵਿਚ ਕੰਮ ਸਸਤਾ ਹੋ ਸਕਦਾ ਸੀ, ਇਸ ਲਈ ਇੱਥੇ ਆਉਣ ਦਾ ਫ਼ੈਸਲਾ ਹੋ ਗਿਆ ਸੀ।

ਇਸ ਮਾਰਕਿਟ ਵਿਚ ਮੈਂ ਪਹਿਲਾਂ ਕਦੇ ਨਹੀਂ ਸੀ ਆਇਆ। ਇੰਝ ਲੱਗਦਾ ਸੀ, ਇਸ ਨੂੰ ਮਾਰਕਿਟ ਕਹਿਣਾ, ਇਸ ਸ਼ਬਦ ਦੀ ਹੇਠੀ ਕਰਨਾ ਹੈ। ਟੁੱਟੀ-ਭੱਜੀ ਸੜਕ। ਪੰਜਾਬ ਦੇ ਕੱਚੇ ਰਾਹਾਂ ਤੋਂ ਵੀ ਗਈ ਗੁਜ਼ਰੀ। ਦੋਹੀਂ ਪਾਸੀਂ ਸਟੋਰ। ਸਟੋਰ ਘੱਟ, ਟੀਨ ਦੇ ਖੋਖੇ ਵੱਧ ਲੱਗਦੇ ਸਨ।

ਹਰ ਪਾਸੇ ਕਾਰਾਂ ਦੇ ਪੁਰਜ਼ੇ ਤੇ ਡੁਲ੍ਹੇ ਤੇਲ ਦੇ ਦਾਗ਼। ਤੇਲ ਅਤੇ ਕਾਲਖ ਰੰਗੇ ਕੱਪੜਿਆਂ ਵਿਚ ਕੰਮ ਕਰਦੇ ਮਕੈਨਿਕ। ਕੜਕਦੀ ਧੁੱਪ ਵਿਚ ਰੇੜ੍ਹੀਆਂ ਵਿਚ ਕਾਰਾਂ ਦਾ ਭਾਰੀ ਭਰਕਮ ਪਾਰਟ ਧੱਕਦੇ ਪਸੀਨੋ ਪਸੀਨੀ ਹੋਏ ਮਜ਼ਦੂਰ...।

ਕੋਈ 30 ਸਾਲ ਪਹਿਲਾਂ ਜਦ ਮੈਂ ਫਲੱਸ਼ਿੰਗ (ਕੁਈਨਜ਼) ਇਲਾਕੇ ਵਿਚ ਰਹਿੰਦਾ ਸੀ। ਉਦੋਂ ਮੈਂ ਰੋਜ਼ 7 ਨੰਬਰ ਸਬਵੇ ਟਰੇਨ ਰਾਹੀਂ ਇੱਥੋਂ ਦੀ ਬਰੌਂਕਸ ਜਾਇਆ ਕਰਦਾ ਸੀ।ਉਦੋਂ ਫਲੱਸ਼ਿੰਗ ਨੂੰ ਬਾਕੀ ਕੁਈਨਜ਼ ਤੋਂ ਵੱਖ ਕਰਦਾ ਰਿਵਰ, ਕਾਫੀ ਸੁੱਕ ਚੁੱਕਾ ਸੀ। ਸੋ ਇੱਥੇ ਵੈੱਟ ਲੈਂਡ ਹੀ ਹੁੰਦੀ ਸੀ। ਦਿੱਭ ਉੱਗੀ ਹੁੰਦੀ ਸੀ। ਕਿਧਰੇ ਛਪੜੀਆਂ ਵਿਚ ਤਰੱਕਿਆ ਪਾਣੀ ਖਲੋਤਾ ਹੁੰਦਾ ਸੀ। ਸਿਰਫ਼ ਇਕ ਪਾਸੇ 'ਜੰਕ ਯਾਰਡ' ਹੁੰਦਾ ਸੀ, ਜਿੱਥੇ ਹਜ਼ਾਰਾਂ ਦੀ ਗਿਣਤੀ ਵਿਚ ਟੁੱਟੀਆਂ ਭੱਜੀਆਂ ਕਾਰਾਂ ਪ੍ਰੈੱਸ ਕਰਕੇ, ਉਪਰ ਦੇ ਉਪਰ ਰੱਖੀਆਂ ਹੁੰਦੀਆਂ ਸਨ। ਕਾਰਾਂ ਦੇ ਪਾਰਟ ਚਿਣ ਕੇ ਰੱਖੇ ਹੁੰਦੇ ਸਨ।

ਇਸ ਤੋਂ ਕਾਫੀ ਹਟਵਾਂ ਰੂਜ਼ਵੈਲਟ ਐਵਿਨਿਊ 'ਤੇ ਸ਼ੀਆ ਸਟੇਡੀਅਮ ਹੁੰਦਾ ਸੀ।

ਸ਼ੀਆ ਸਟੇਡੀਅਮ ਦੀ ਥਾਂ, ਹੁਣ ਸਿਟੀ ਫੀਲਡ ਸਟੇਡੀਅਮ ਉੱਸਰ ਚੁੱਕਾ ਹੈ। ਵੈੱਟ ਲੈਂਡ ਵਾਲੀ ਥਾਂ ਇਹ ਊਬੜ ਖਾਬੜ ਮਾਰਕਿਟ ਹੋਂਦ ਵਿਚ ਆ ਗਈ ਹੈ। ਪਰ ਨਿਊਯਾਰਕ ਦੇ ਮੈਪ 'ਤੇ ਅਜੇ ਵੀ ਇਸ ਮਾਰਕਿਟ ਦੀ ਕੋਈ ਹੋਂਦ ਨਹੀਂ ਸਗੋਂ ਅਜੇ ਵੀ ਵੈੱਟ ਲੈਂਡ ਹੀ ਹੈ।

ਅਸੀਂ ਬਾਰਾਂ ਕੁ ਵਜੇ ਇੱਥੇ ਪੁੱਜ ਗਏ ਸੀ। ਇਕ ਦੋ ਦੁਕਾਨਾਂ ਤੋਂ ਪੁੱਛਿਆ। ਇਕ ਦੁਕਾਨ ਵਾਲਾ ਸੱਤ ਸੌ ਡਾਲਰਾਂ ਵਿਚ ਪੂਰਾ ਕੰਮ ਕਰਨ ਲਈ ਮੰਨ ਗਿਆ। ਉਸ ਨੂੰ ਕਾਰ ਦੇ ਕੇ ਅਸੀਂ ਆਰਾਮ ਕਰਨ ਲਈ ਕੋਈ ਥਾਂ ਢੂੰਡਣ ਲੱਗ ਪਏ, ਪਰ ਪੂਰੀ ਮਾਰਕਿਟ ਵਿਚ ਸਾਨੂੰ ਕੋਈ ਠੰਢੀ ਥਾਂ, ਆਰਾਮ ਕਰਨ ਲਈ ਨਾ ਲੱਭ ਸਕੀ। ਗਰਮੀ ਵੀ ਅੱਤ ਦੀ ਸੀ। ਸਵੇਰੇ ਹੀ ਟੈਂਪਰੇਚਰ 92 ਡਿਗਰੀ ਨੂੰ ਟੱਪ ਗਿਆ ਸੀ। ਇਹ ਮਾਰਕਿਟ ਭੱਠੀ ਬਣੀ ਹੋਈ ਸੀ। ਅਸੀਂ ਘੁੰਮ ਫਿਰ ਕੇ ਦੇਖਿਆ, ਕੋਈ ਦੁਕਾਨ ਏਅਰਕੰਡੀਸ਼ਨਡ ਹੋਣ ਦੀ ਤਾਂ ਗੱਲ ਹੀ ਛੱਡੋ, ਕਿਸੇ ਵਿਚ ਬੈਠਣ ਲਈ ਕੁਰਸੀ ਤਕ ਨਹੀਂ ਸੀ। ਦੂਰ ਤਕ ਕਿਧਰੇ ਕੋਈ ਦਰਖ਼ਤ ਵੀ ਨਹੀਂ ਸੀ, ਜਿਸ ਦੀ ਛਾਵੇਂ ਖੜ੍ਹ ਸਕੀਏ।

ਮਕੈਨਿਕ ਨੇ ਪੰਜ ਵਜੇ ਤਕ ਕਾਰ ਠੀਕ ਕਰਨ ਦਾ ਭਰੋਸਾ ਦਿੱਤਾ ਸੀ। ਇਸ ਲਈ ਪੰਜ ਘੰਟੇ ਇਸੇ ਭੱਠੀ ਵਰਗੇ ਬਾਜ਼ਾਰ ਵਿਚ ਗੁਜ਼ਾਰਨ ਦੀ ਸਾਡੀ ਮਜਬੂਰੀ ਬਣ ਗਈ ਸੀ। ਇਕ ਤਾਂ ਮਾਸਟਰ ਦਾ ਖਿਆਲ ਸੀ ਕਿ ਕਾਰ 'ਤੇ ਨਜ਼ਰ ਰੱਖੀ ਜਾਣੀ ਚਾਹੀਦੀ ਹੈ। ਦੂਜਾ ਕੋਈ ਵੀ ਮਾਰਕਿਟ ਇੱਥੋਂ ਘੱਟੋ ਘੱਟ ਤਿੰਨ ਚਾਰ ਮੀਲ ਦੂਰ ਸੀ। ਏਨੀ ਗਰਮੀ ਵਿਚ ਏਨਾ ਤੁਰਨ ਦੀ ਸਾਡੇ ਵਿਚ ਹਿੰਮਤ ਵੀ ਹੈ ਨਹੀਂ ਸੀ। ਜਦ ਇਹ ਮਾਰਕਿਟ ਨਕਸ਼ੇ ਵਿਚ ਹੀ ਨਹੀਂ, ਊਬਰ ਸਰਵਿਸ ਇੱਥੇ ਆਉਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ।

ਅਸੀਂ ਕੜਕਦੀ ਧੁੱਪ ਵਿਚ ਸੜਦੇ ਭੁੱਜਦੇ, ਇੱਥੇ ਹੀ ਕੋਈ ਰੈਸਟੋਰੈਂਟ ਢੂੰਡਣ ਲੱਗੇ। ਇਕ 'ਡੇਲੀ' ਦਾ ਸਾਈਨ ਦਿਸਿਆ, ਤੁਰਦੇ ਤੁਰਦੇ ਆਸ ਨਾਲ ਉੱਥੇ ਪੁੱਜੇ ਤਾਂ ਉਹ ਸਾਲਾਂ ਦੀ ਬੰਦ ਪਈ ਜਾਪੀ। ਸਾਡੇ ਲਈ ਇਕ ਇਕ ਮਿੰਟ ਕੱਟਣਾ ਔਖਾ ਹੋਈ ਜਾ ਰਿਹਾ ਸੀ। ਅਖੀਰ ਘੁੰਮਦੇ ਫਿਰਦਿਆਂ ਇਕ ਦੁਕਾਨ ਦਾ ਤਿੰਨ ਕੁ ਫੁੱਟ ਚੌੜਾ ਪਰਛਾਵਾਂ ਦਿਸਿਆ, ਅਸੀਂ ਉੱਥੇ ਹੀ ਜਾ ਖੜ੍ਹੇ ਹੋਏ।

ਇੰਝ ਲੱਗ ਰਿਹਾ ਸੀ ਜਿਵੇਂ ਅਸੀਂ ਕਿਸੇ ਰੇਗਿਸਤਾਨ ਵਿਚ ਭਟਕ ਰਹੇ ਹਾਂ ਤੇ ਕਿਸੇ ਸੁੱਕੀ ਸੜੀ ਕਿੱਕਰ ਦੀ ਤਿੱਤਰ ਖੰਭੀ ਛਾਂਅ ਹੇਠ ਆ ਖਲੋਤੇ ਹਾਂ। ਪਸੀਨੇ ਨਾਲ ਭਿੱਜ ਗਏ ਸੀ। ਬੁਲ੍ਹਾਂ ਉਪਰ ਪਿਆਸ ਨਾਲ ਸਿਕੜੀ ਜੰਮਣ ਲੱਗ ਪਈ ਸੀ। ਮੈਂ ਦੋਹਾਂ ਦੋਸਤਾਂ ਨੂੰ ਕੋਸ ਰਿਹਾ ਸੀ। ਐੱਸ.ਪੀ. ਨੂੰ ਇੱਥੋਂ ਦਾ ਸੁਝਾਅ ਦੇਣ ਲਈ ਅਤੇ ਮਾਸਟਰ ਨੂੰ ਬੱਚਤ ਦਾ ਲਾਲਚ ਕਰਨ ਲਈ।

ਪਰ ਹੁਣ ਗਰਮੀ ਬਰਦਾਸ਼ਤ ਕਰਨ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਸੀ।

ਐੱਸ.ਪੀ. ਕਹਿਣ ਲੱਗਾ– ਫੌਜੀਆ, ਕਿਉਂ ਮਰਦਾ ਜਾਨਾਂ, ਵਾਢੀਆਂ ਦਾ ਚੇਤਾ ਭੁੱਲ ਗਿਆ? ਜੇਠ ਹਾੜ੍ਹ ਦੀਆਂ ਤਪਦੀਆਂ ਧੁੱਪਾਂ ਵਿਚ ਕਣਕਾਂ ਵੱਢਦੇ ਹੁੰਦੇ ਸੀ। ਸਾਰਾ ਸਾਰਾ ਦਿਨ ਪਿੱਠ ਲੂਹ ਹੋ ਜਾਂਦੀ ਸੀ।

ਵਾਢੀਆਂ ਚੇਤੇ ਆਉਣ ਨਾਲ, ਗਰਮੀ ਸਹਿਣ ਦੀ ਸ਼ਕਤੀ ਜਿਹੀ ਆ ਗਈ। ਵਾਢੀਆਂ ਦੀਆਂ ਗੱਲਾਂ ਯਾਦ ਆਉਣ ਲੱਗ ਪਈਆਂ।

ਮਾਸਟਰ ਨੇ ਐੱਸ.ਪੀ. ਨੂੰ ਟਿੱਚਰ ਕੀਤੀ – ਤੇਰੇ ਵਰਗੇ ਭੁੱਖੜ ਕਣਕਾਂ ਮੂਹਰੇ ਜਾਲ਼ ਵੀ ਲਗਾ ਲੈਂਦੇ ਸੀ, ਤਿੱਤਰ ਬਟੇਰ ਫੜਨ ਲਈ।

–ਏਹਦੇ ਵਿਚ ਮਾੜੀ ਗੱਲ ਕੀ ਸੀ? ਨਾਲ਼ੇ ਦੇਵੀ ਦੇ ਦਰਸ਼ਨ, ਨਾਲ਼ੇ ਮੁੰਜ ਬਗੜ। ਬੰਦ ਕਮਰਿਆਂ ਵਿਚ ਨਿਆਣੇ ਪੜ੍ਹਾਉਣ ਵਾਲੇ ਮਾਸਟਰਾਂ ਨੂੰ ਏਹਨਾਂ ਗੱਲਾਂ ਦਾ ਕੀ ਪਤਾ। ਐੱਸ.ਪੀ. ਨੇ ਜਵਾਬ ਦਿੰਦਿਆਂ ਮਾਸਟਰ ਦੇ ਗਿੱਟਿਆਂ 'ਚ ਵੀ ਲਾ ਦਿੱਤੀ।

ਐੱਸ.ਪੀ. ਤੇ ਮਾਸਟਰ ਦੀ ਨੋਕ ਝੋਕ ਵਿਚ ਮੈਂ ਸ਼ਾਮਲ ਹੋਣ ਹੀ ਲੱਗਾ ਸੀ ਕਿ ਦੇਖਿਆ ਇਕ ਕੁੜੀ ਬਕਸਾ ਨੁਮਾ ਰੇੜ੍ਹੀ ਧੱਕਦੀ ਆ ਰਹੀ ਹੈ। ਅਸੀਂ ਉਸ ਵੱਲ ਦੇਖਣ ਲੱਗ ਪਏ।

ਬੀਹ ਬਾਈ ਸਾਲਾਂ ਦੀ ਭਰ ਜਵਾਨ ਸਪੈਨਿਸ਼ ਕੁੜੀ। ਗੋਰਾ ਦਗ ਦਗ ਕਰਦਾ ਰੰਗ। ਪੰਜਾਬਣਾਂ ਵਰਗੇ ਤਿੱਖੇ ਨੈਣ ਨਕਸ਼। ਗੁਦਗੁਦਾ ਭਰਵਾਂ ਸਰੀਰ। ਧੁੱਪ ਨਾਲ਼ ਮੂੰਹ ਲਾਲ ਸੂਹਾ। ਅਸੀਂ ਉਸ ਵੱਲ ਦੇਖਦੇ ਹੀ ਰਹਿ ਗਏ। ਮਿੰਟ ਦੀ ਮਿੰਟ ਸਾਨੂੰ ਗਰਮੀ ਭੁੱਲ ਗਈ। ਕੋਲ਼ ਆਈ ਤਾਂ ਪਤਾ ਲੱਗਾ, ਉਹ ਆਈਸ ਕਰੀਮ ਵੇਚ ਰਹੀ ਸੀ।

ਅਸੀਂ ਉਸ ਕੋਲੋਂ ਆਈਸ ਕਰੀਮ ਲੈ ਕੇ ਚੂਸਣ ਲੱਗ ਪਏ। ਆਈਸ ਕਰੀਮ ਕਾਹਦੀ, ਨਿਰਾ ਮਿੱਠਾ ਪਾਣੀ ਹੀ ਜਮਾਇਆ ਹੋਇਆ ਸੀ। ਪਰ ਉਸ ਵੇਲ਼ੇ ਉਹ ਆਈਸ ਕਰੀਮ ਵੀ ਸਾਡੇ ਲਈ ਨਿਆਮਤ ਹੋ ਨਿਬੜੀ। ਪਿਆਸ ਬੁਝਾਉਣ ਲਈ ਕੁਝ ਤਾਂ ਮਿਲਿਆ ਸੀ।

ਉਹ ਕੁੜੀ ਪੈਸੇ ਲੈ ਕੇ ਰੇੜ੍ਹੀ ਧੱਕਦੀ ਅੱਗੇ ਤੁਰ ਗਈ। ਐੱਸ.ਪੀ. ਉਸ ਨੂੰ ਜਾਂਦੀ ਨੂੰ ਲਗਾਤਾਰ ਦੇਖੀ ਗਿਆ। ਕਹਿਣ ਲੱਗਾ – ਮਾਸਟਰ, ਇਹ ਕੁੜੀ ਦਿਹਾੜੀ ਦੇ ਕਿੰਨੇ ਕੁ ਬਣਾ ਲੈਂਦੀ ਹਊ?

–ਬਣਾ ਲੈਂਦੀ ਹਊ ਪੰਜਾਹ ਸੱਠ ਡਾਲਰ। ਮਾਸਟਰ ਨੇ ਕਿਹਾ।

– ਸਿਰਫ਼! ਇਹਨੂੰ ਕਹਿ ਮੇਰੇ ਨਾਲ ਇਕ ਘੰਟੇ ਲਈ ਮੋਟਲ ਵਿਚ ਚੱਲੇ, ਸੌ ਡਾਲਰ ਦਊਂ। ਐੱਸ.ਪੀ. ਨੇ ਭੁੱਖੀਆਂ ਨਜ਼ਰਾਂ ਨਾਲ ਕੁੜੀ ਵੱਲ ਦੇਖਦਿਆਂ ਕਿਹਾ।

– ਸ਼ਰਮ ਕਰ, ਐੱਸ.ਪੀ.। ਆਪਣੀ ਧੌਲ਼ੀ ਦਾਹੜੀ ਦੀ ਹੀ ਸ਼ਰਮ ਕਰ। ਮਾਸਟਰ ਨੇ ਚੋਟ ਮਾਰੀ।

–ਯਾਰ, ਏਹਦਾ ਹੱਕ ਐ। ਵਿਚਾਰਾ ਛੜਾ ਜੂ ਹੋਇਆ। ਮੈਂ ਸੁਆਦ ਲੈਂਦਿਆਂ ਕਿਹਾ।

ਕੋਵਿਡ ਮਹਾਂਮਾਰੀ ਦੇ ਪਹਿਲੇ ਹੱਲੇ ਹੀ ਐੱਸ.ਪੀ. ਦੀ ਪਤਨੀ ਉਸ ਦਾ ਸ਼ਿਕਾਰ ਹੋ ਗਈ ਸੀ। ਉਦੋਂ ਅਸੀਂ ਆਪਣੇ ਦੋਸਤ ਦੇ ਗ਼ਮ ਵਿਚ ਵੀ ਸ਼ਾਮਿਲ ਨਹੀਂ ਸੀ ਹੋ ਸਕੇ। ਵਿਚਾਰੀ ਦਾ ਕਿਰਿਆ ਕਰਮ ਵੀ 'ਆਨ ਲਾਈਨ ਲਾਈਵ' ਦੇਖਿਆ ਸੀ। ਹੁਣ ਸਮੇਂ ਨਾਲ ਜ਼ਖ਼ਮ ਭਰ ਚੁੱਕੇ ਹਨ। ਹੁਣ ਐੱਸ.ਪੀ. ਸਾਡੇ ਮਜ਼ਾਕ ਲਈ ਛੜਾ ਹੋ ਗਿਆ ਹੈ।

ਜਦ ਤਕ ਉਹ ਕੁੜੀ ਦਿਸਦੀ ਰਹੀ, ਐੱਸ.ਪੀ. ਉਸ ਨੂੰ ਲਗਾਤਾਰ ਦੇਖੀ ਗਿਆ। ਜਦ ਅੱਖਾਂ ਤੋਂ ਉਹਲੇ ਹੋ ਗਈ, ਸੁਆਦ ਲੈ ਲੈ ਆਈਸ ਕਰੀਮ ਚੂਸਣ ਲੱਗ ਪਿਆ।

–ਐੱਸ.ਪੀ, ਆਈਸ ਕਰੀਮ ਈ ਚੂਸਦਾਂ ਕਿ...।ਮਾਸਟਰ ਨੇ ਉਸ ਵੱਲ ਦੇਖਦਿਆਂ, ਫਿਰ ਟਕੋਰ ਮਾਰੀ।

-ਮਾਸਟਰ, ਜੇ ਤੁਸੀਂ ਲੋਕ ਕਲਾਸਾਂ ਵਿਚ ਨਿਆਣੇ ਦੇਖ ਕੇ, ਉਹਨਾਂ ਦੀਆਂ ਮਾਵਾਂ ਦੀ ਕਲਪਨਾ ਕਰਦੇ ਰਹਿੰਦੇ ਹੋ ਤਾਂ ਮੈਨੂੰ ਕਲਪਨਾ ਦੰਦੀਆਂ ਵੱਢਦੀ ਆ? ਐੱਸ.ਪੀ. ਨੇ ਜਵਾਬੀ ਹਮਲਾ ਕਰ ਦਿੱਤਾ।

ਇਸ ਚੁੰਝ ਚਰਚਾ ਵਿਚ ਸਾਨੂੰ ਗਰਮੀ ਭੁੱਲੀ ਰਹੀ। ਜਦ ਤਕ ਆਈਸ ਕਰੀਮ ਮੁੱਕੀ, ਸਾਡੇ ਸਿਰਾਂ ਤੋਂ ਛਾਂ ਵੀ ਜਾਂਦੀ ਲੱਗੀ। ਅਸੀਂ ਫੇਰ ਉੱਥੋਂ ਤੁਰ ਪਏ ਕੋਈ ਹੋਰ ਟਿਕਾਣਾ ਢੂੰਡਣ। ਇੱਧਰ ਉਧਰ ਫਿਰਦਿਆਂ ਢਾਈ ਤਿੰਨ ਘੰਟੇ ਬੀਤ ਗਏ ਸਨ। ਅਸੀਂ ਕਾਰ ਵਾਲੀ ਦੁਕਾਨ ’ਤੇ ਗਏ। ਮਕੈਨਿਕ ਨੇ ਅਜੇ ਕਾਰ ਉਪਰ ਕੰਮ ਵੀ ਸ਼ੁਰੂ ਨਹੀਂ ਸੀ ਕੀਤਾ।ਅਸੀਂ ਥੋੜ੍ਹਾ ਤਲ਼ਖ ਹੋਏ। ਦੁਕਾਨਦਾਰ ਨੇ ਇਕ ਮਕੈਨਿਕ ਕਾਰ ’ਤੇ ਲਗਾ ਦਿੱਤਾ। ਅਸੀਂ ਫਿਰ ਉੱਥੋਂ ਤੁਰ ਪਏ।

ਹੁਣ ਭੁੱਖ ਵੀ ਆਪਣਾ ਕਮਾਲ ਦਿਖਾਉਣ ਲੱਗ ਪਈ। ਪਰ ਖਾਣਾ ਮਿਲਣ ਦੀ ਕੋਈ ਸੰਭਾਵਨਾ ਨਹੀਂ ਸੀ ।

ਐੱਸ.ਪੀ. ਕਹਿਣ ਲੱਗਾ - ਯਾਰ, ਇਹਨਾਂ ਲੋਕਾਂ ਨੂੰ ਭੁੱਖ ਨਹੀਂ ਲੱਗਦੀ? ਏਥੇ ਇਕ ਵੀ ਰੈਸਟੋਰੈਂਟ ਨਹੀਂ ਨੇੜੇ-ਤੇੜੇ।

ਮੈਨੂੰ ਯਾਦ ਆਇਆ, ਜਦ ਮੈਂ ਅਮਰੀਕਾ ਨਵਾਂ ਨਵਾਂ ਆਇਆ ਸੀ, ਇਕ ਫੁੱਲ ਸਰਵਿਸ ਗੈਸ ਸਟੇਸ਼ਨ ’ਤੇ ਕੰਮ ਕਰਨ ਲੱਗਾ ਸੀ। ਅਸੀਂ ਉਦੋਂ ਅਪਾਰਟਮੈਂਟ ਵਿਚ ਪੰਜ ਜਣੇ ਰਹਿੰਦੇ ਸੀ। ਅਸੀਂ ਸਾਰੇ ਹੀ ਕੱਚੇ ਸੀ। ਅਸੀਂ ਰਾਤ ਦੀ ਰੋਟੀ ਬਣਾਉਂਦੇ ਹੋਏ, ਅਗਲੇ ਦਿਨ ਦੁਪਹਿਰ ਲਈ ਵੀ ਰੋਟੀ ਬਣਾ ਲੈਂਦੇ ਸੀ ਤੇ ਕੰਮ ‘ਤੇ ਨਾਲ ਲੈ ਆਉਂਦੇ ਸੀ। ਕਦੇ ਮੁੱਲ ਲੈ ਕੇ ਖਾਣਾ ਨਹੀਂ ਸੀ ਖਾਧਾ। ਉਦੋਂ ਪੀਜ਼ੇ ਦੀ ਇਕ ਸਲਾਈਸ ਲੈਣ ਲਈ ਵੀ ਡਾਲਰ ਖਰਚਣ ਦੀ ਹਿੰਮਤ ਨਹੀਂ ਸੀ ਪੈਂਦੀ। ਡਾਲਰ ਨੂੰ ਇੰਡੀਅਨ ਰੁਪਈਆਂ ਨਾਲ ਗੁਣਾਂ ਕਰਕੇ ਦੇਖਦੇ ਸੀ ਅਤੇ ਏਨੀ ਰਕਮ ਖਰਚਣ ਤੋਂ ਡਰ ਜਾਂਦੇ ਸੀ। ਇਕ ਦਿਨ ਮੈਂ ਰੋਟੀ ਨਾਲ ਨਾ ਲਿਆ ਸਕਿਆ, ਦੁਪਿਹਰ ਨੂੰ ਜਦ ਉਸ ਪਾਸੇ ਫੂਡ ਟਰੱਕ ਆਇਆ, ਮੈਂ ਵੀ ਭੱਜ ਕੇ ਸੈਡਵਿਚ ਲੈਣ ਗਿਆ। ਮੈਨੂੰ ਦੇਖ ਕੇ ਆਲ਼ੇ ਦੁਆਲ਼ੇ ਦੇ ਸਟੋਰਾਂ ਵਾਲਿਆ ਨੇ ਰੌਲ਼ਾ ਪਾ ਦਿੱਤਾ - ਓ ਗੁੱਡ ਨਿਊਜ਼, ਟੂਡੇ ਸਿੰਘ ਇਜ਼ ਹੈਵਿੰਗ ਲੰਚ!

ਮੈਂ ਸ਼ਰਮਿੰਦਾ ਜਿਹਾ ਹੋ ਕੇ ਸੈਂਡਵਿਚ ਲੈ ਕੇ ਮੁੜ ਆਇਆ ਸੀ।

ਇਹ ਗੱਲ ਯਾਦ ਆਉਂਦਿਆਂ ਹੀ, ਮੈਂ ਇਹਨਾਂ ਦੁਕਾਨਾਂ ਦੇ ਮਜ਼ਦੂਰਾਂ ਅਤੇ ਮਕੈਨਕਾਂ ਨੂੰ ਆਪਣੇ ਵਰਗੇ ਸਮਝਣ ਲੱਗ ਪਿਆ। ਇਹ ਲੋਕ ਵੀ ਸਾਡੇ ਵਾਂਗ ਹੀ ਅਜੇ ਨਵੇਂ ਹੋਣਗੇ...। ਡਾਲਰ ਖਰਚਣ ਤੋਂ ਡਰਦੇ ਹੋਣਗੇ। ਮੈਂ ਇਹਨਾਂ ਨਾਲ ਆਪਣਾ ਨਾਤਾ ਜਿਹਾ ਮਹਿਸੂਸ ਕਰਨ ਲੱਗ ਪਿਆ।

ਅਮਰੀਕਾ ਨੂੰ ਪਰਵਾਸੀਆਂ ਦਾ ਦੇਸ਼ ਕਿਹਾ ਜਾਂਦਾ ਹੈ। ਦੁਨੀਆਂ ਭਰ ਤੋਂ ਲੋਕ ਔਖੇ ਹਾਲੀਂ ਇੱਥੇ ਆਉਂਦੇ ਹਨ। ਮਿਹਨਤ ਕਰਦੇ ਹਨ, ਸਫਲ ਹੁੰਦੇ ਹਨ। ਫਿਰ ਉਨ੍ਹਾਂ ਦੀ ਥਾਂ ਨਵੇਂ ਪ੍ਰਵਾਸੀ ਆ ਜਾਂਦੇ ਹਨ, ਮਿਹਨਤ ਕਰਦੇ ਆਪ ਖੁਸ਼ਹਾਲ ਹੁੰਦੇ ਹਨ। ਦੇਸ ਵੀ ਖੁਸ਼ਹਾਲ ਹੁੰਦਾ ਚਲਾ ਜਾਂਦਾ ਹੈ।

ਮੈਂ ਸੋਚਦਾ ਹਾਂ, ਜਦ ਮੈਂ ਅਮਰੀਕਾ ਆਇਆ ਸੀ, ਲੌਂਗ ਆਈਲੈਂਡ ਦਾ ਸੁਪਨਾ ਲੈਣਾ ਵੀ ਔਖੀ ਗੱਲ ਲੱਗਦੀ ਸੀ । ਅੱਜ ਮੈਂ ਉਸੇ ਲੌਂਗ ਆਈਲੈਂਡ ਵਿਚ ਰਹਿੰਦਾ ਹਾਂ। ਕੱਲ੍ਹ ਨੂੰ ਇਹ ਸਭ ਲੋਕ ਵੀ ਕਿਤੇ ਦਾ ਕਿਤੇ ਪੁੱਜ ਜਾਣਗੇ...

ਗਰਮੀ ਨਾਲ ਸਾਡੀਆਂ ਪਿੱਠਾਂ ਸੜਨ ਲੱਗ ਪਈਆਂ ਹਨ, ਪਰ ਕਿਧਰੇ ਕੋਈ ਛਾਂ ਨਹੀਂ। ਬੈਠਣ ਨੂੰ ਕੋਈ ਥਾਂ ਨਹੀਂ। ਦੁਕਾਨਾਂ ਵਿਚ ਮਕੈਨਿਕ, ਮਜ਼ਦੂਰ ਸਭ ਆਪਣੇ ਕੰਮਾਂ ਵਿਚ ਮਸਰੂਫ ਹਨ। ਪਸੀਨਾ ਵਹਿ ਰਿਹਾ ਹੈ, ਪਰ ਉਹਨਾਂ ਲਈ ਕੋਈ ਗਰਮੀ ਨਹੀਂ। ਕੁੱਝ ਮਜ਼ਦੂਰ ਨੰਗੇ ਪਿੰਡੇ ਟਰਾਲੀਆਂ ਉੱਪਰ ਭਾਰੇ-ਭਾਰੇ ਕਾਰਾਂ ਦੇ ਪਾਰਟ ਧੱਕਦੇ ਜਾ ਰਹੇ ਹਨ।ਇਕ ਮਾੜਚੂ ਜਿਹਾ ਭਾਰ ਧੱਕਦਾ ਜਾ ਰਿਹਾ ਹੈ।

ਸਾਨੂੰ ਉਹ ਕੁੜੀ ਫਿਰ ਨਜ਼ਰ ਆ ਗਈ। ਅਸੀਂ ਉਸ ਕੋਲ਼ ਗਏ। ਫਿਰ ਆਈਸ ਕਰੀਮ ਲਈ। ਸੋਚਿਆ, ਘੜੀ ਪਲ ਤਾਂ ਠੰਡਕ ਮਹਿਸੂਸ ਹੋਵੇਗੀ।

ਤੁਰੇ ਜਾਂਦਿਆਂ, ਸੜਕ ਦੇ ਇਕ ਕਿਨਾਰੇ ਵੱਡੀਆਂ ਵੱਡੀਆਂ ਸੀਮੈਂਟ ਤੇ ਕੰਕ੍ਰੀਟ ਦੀਆਂ ਸਲੈਬਾਂ ਖਲੋਤੀਆਂ ਦਿਸ ਪਈਆਂ। ਅਸੀਂ ਉਨ੍ਹਾਂ ਉਪਰ ਬੈਠ ਕੇ ਥੋੜ੍ਹਾ ਆਰਾਮ ਮਹਿਸੂਸ ਕੀਤਾ। ਲੱਤਾਂ ਨੂੰ ਚੰਗਾ ਚੰਗਾ ਲੱਗਾ ।

ਮੈਂ ਕਿਹਾ - ਯਾਰ, ਇਹਨਾਂ ਲੋਕਾਂ ਨੇ ਤਾਂ 'ਵੈੱਟ ਲੈਂਡ' ਨੂੰ 'ਸਵੈੱਟ ਲੈਂਡ' ਬਣਾ ਰੱਖਿਆ।

ਮਾਸਟਰ ਕਹਿਣ ਲੱਗਾ - ਹਾਂ ਯਾਰ, ਇਹ ਲੋਕ ਧੰਨ ਦੇ ਹਨ। ਏਨੀ ਗਰਮੀ ਵਿਚ ਵੀ ਆਪਣੇ ਕੰਮਾਂ ਵਿਚ ਰੁਝੇ ਹੋਏ ਹਨ।

ਐੱਸ.ਪੀ. ਨੇ ਜੁਆਬ ਦਿੱਤਾ - ਜਦੋਂ ਸਾਉਣ ਭਾਦੋਂ ਦੀਆਂ ਕੜਕਦੀਆਂ ਹੁੰਮਸ ਭਰੀਆਂ ਧੁੱਪਾਂ ਵਿਚ ਜੱਟ ਮੱਕੀ ਦੀ ਗੁਡਾਈ ਕਰਦੇ ਹਨ ਤਾਂ ਉਹ ਧੰਨ ਦੇ ਨਹੀਂ ਸੀ ਹੁੰਦੇ?

ਮੈਨੂੰ ਯਾਦ ਆਇਆ, ਮੈਂ ਗੈਸ ਸਟੇਸ਼ਨ ਉੱਤੇ 12 ਘੰਟੇ ਦੀ ਡਿਊਟੀ ਦਿਆ ਕਰਦਾ ਸੀ। ਸਰਦੀਆਂ ਨੂੰ ਚੁਫੇਰੇ ਬਰਫ਼ਾਂ ਦੇ ਢੇਰ ਲੱਗੇ ਹੋਏ ਸਨ। ਮੈਂ ਸਵੇਰ ਦਾ ਗੈਸ ਪੰਪ ਕਰਨ ਲੱਗਾ ਹੋਇਆ ਸੀ। ਨੋਜ਼ਲਾਂ ਬਰਫ਼ ਵਰਗੀਆਂ ਠੰਡੀਆਂ ਸਨ। ਫੜਦਿਆਂ ਹੱਥ ਠੰਢ ਨਾਲ ਦੁਖਣ ਲੱਗ ਜਾਂਦੇ ਸੀ। ਦਸਤਾਨੇ ਪਹਿਨ ਕੇ ਪੈਸੇ ਗਿਣਨੇ ਔਖੇ ਸਨ। ਇਸ ਲਈ ਜਦ ਵੀ ਵਿਹਲ ਮਿਲਦੀ ਸੀ, ਜੇਬਾਂ ਵਿਚ ਹੱਥ ਪਾ ਕੇ ਨਿੱਘੇ ਕਰ ਲੈਂਦਾ ਸੀ। ਸ਼ਾਮ ਨੂੰ ਹਵਾ ਤੇਜ਼ ਹੋ ਗਈ ਅਤੇ ਬੂੰਦਾ ਬਾਂਦੀ ਸ਼ੁਰੂ ਹੋ ਗਈ। ਟੈਂਪਰੇਚਰ ਮਾਈਨਸ ਬਾਈ ਤਕ ਚਲਾ ਗਿਆ। ਉਧਰ ਕਾਰਾਂ ਦੀਆਂ ਲੰਮੀਆਂ ਲਾਈਨਾਂ ਲੱਗ ਗਈਆਂ। ਇਹੋ ਜਿਹੇ ਭੈੜੇ ਮੌਸਮ ਵਿਚ ਲੋਕ 'ਸੈਲਫ ਸਰਵਿਸ' ਦੀ ਬਜਾਏ, 'ਫੁੱਲ ਸਰਵਿਸ ਗੈਸ ਸਟੇਸ਼ਨ' ਤੋਂ ਹੀ ਗੈਸ ਲੈਣ ਭੱਜ ਪੈਂਦੇ ਹਨ। ਗੈਸ ਵੀ ਸਿਰਫ ਡਾਲਰ ਦੋ ਡਾਲਰ ਦੀ ਹੀ ਖਰੀਦਦੇ ਹਨ। ਮੈਂ ਨੱਸ ਨੱਸ ਕੰਮ ਕਰਦਾ ਰਿਹਾ। ਅਚਾਨਕ ਮੇਰੇ ਹੱਥ ਮੁੜਨੋਂ ਹਟ ਗਏ। ਨੋਜ਼ਲ ਫੜੀ ਹੀ ਨਾ ਜਾਵੇ। ਉਂਗਲ਼ਾਂ ਮੁੜ ਹੀ ਨਹੀਂ ਸੀ ਰਹੀਆਂ। ਮੈਂ ਘਬਰਾ ਗਿਆ। ਕੰਮ ਵਿਚੇ ਛੱਡ ਕੇ ਅੰਦਰ ਨੂੰ ਭੱਜਾ।ਦਫਤਰ ਵਿਚ ਮਘਦੇ ਹੀਟਰ ਉਪਰ ਹੀ ਹੱਥ ਰੱਖ ਦਿੱਤੇ। ਕਿੰਨੇ ਹੀ ਮਿੰਟਾਂ ਤਕ ਗਰਮੀ ਮਹਿਸੂਸ ਹੀ ਨਾ ਹੋਈ। ਬਾਹਰ ਕਾਰਾਂ ਵਾਲੇ ਹਾਰਨ ਮਾਰੀ ਜਾਣ। ਜਦੋਂ ਹੱਥ ਥੋੜ੍ਹੇ ਨਿੱਘੇ ਹੋਏ, ਮੈਂ ਫਿਰ ਜਾ ਕੇ ਗੈਸ ਪੰਪ ਕਰਨ ਲੱਗ ਪਿਆ ਸੀ।

ਮਾਸਟਰ ਦੀ ਗੱਲ ਮੈਨੂੰ ਬੀਤੇ ਵਿਚ ਲੈ ਗਈ ਸੀ, ਮੇਰੇ ਮੂੰਹੋਂ ਨਿਕਲਿਆ - ਮਾਸਟਰ, ਮਜਬੂਰੀ ਸਭ ਕੁਝ ਬਰਦਾਸ਼ਤ ਕਰਨ ਦੀ ਹਿੰਮਤ ਦੇ ਦਿੰਦੀ ਹੈ।

-ਫੌਜੀਆ, ਬੰਦ ਕਮਰਿਆਂ ਵਿਚ ਨਿਆਣੇ ਪੜ੍ਹਾਉਣ ਵਾਲ਼ੇ ਮਾਸਟਰ ਇਹਨਾਂ ਗੱਲਾਂ ਬਾਰੇ ਕੀ ਜਾਣਨ? ਐੱਸ.ਪੀ. ਨੇ ਫਿਰ ਮਾਸਟਰ ਨੂੰ ਧਰ ਲਿਆ।

- ਓਏ ਵੱਡਿਆ ਐੱਸ.ਪੀ., ਮੈਂ ਸਿੱਧਾ ਕੰਸਟ੍ਰਕਸ਼ਨ ਕੰਟਰੈਕਟਰ ਨਹੀਂ ਸੀ ਬਣ ਗਿਆ! ਨਿਊਯਾਰਕ ਦੀਆਂ ਸੜਕਾਂ ਉਪਰ ਸੀਮੈਂਟ ਰੇਤ ਦੀਆਂ ਘਾਣੀਆਂ ਕਰਦਾ ਰਿਹਾਂ। ਸਕਾਫਲਾਂ ਉਪਰ ਟੰਗ ਹੁੰਦਾ ਰਿਆਂ। ਤੇਰੇ ਵਾਂਗ ਮੈਂ ਕੋਈ ਪੁੱਤਰਾਂ ਦਾ ਬੁਲਾਇਆ ਇੱਥੇ ਨਹੀਂ ਆਇਆ ਤੇ ਮੁਫ਼ਤ ਦੀ ਪੈਨਸ਼ਨ ਨਹੀਂ ਕੁੱਟਦਾ। ਮਾਸਟਰ ਨੇ ਵੀ ਜਵਾਬੀ ਹਮਲਾ ਕਰ ਦਿੱਤਾ।

ਮੈਂ ਗੱਲ ਦਾ ਰੁਖ਼ ਬਦਲਣ ਲਈ ਕਿਹਾ - ਊਂ ਯਾਰ, ਇਸ ਦੇਸ਼ ਵਿਚ ਮਿਹਨਤ ਦਾ ਮੁੱਲ ਐ। ਮਿਹਨਤ ਨਾਲ ਇਨਸਾਨ ਅੱਗੇ ਵਧ ਸਕਦਾ। ਇੰਡੀਆ ਵਿਚ ਤਾਂ ਮਜ਼ਦੂਰ, ਸਾਰੀ ਉਮਰ ਹੀ ਮਜ਼ਦੂਰ ਰਹਿੰਦਾ...।

-ਤਾਂ ਹੀ ਤਾਂ ਸਾਰੀ ਦੁਨੀਆਂ ਏਥੇ ਨੂੰ ਭੱਜਦੀ ਐ। ਐੱਸ.ਪੀ. ਨੇ ਕਿਹਾ।

- ਜਿਹੜੇ ਆਪ ਨਹੀਂ ਭੱਜਦੇ, ਉਹਨਾਂ ਨੂੰ ਪੁੱਤ ਬੁਲਾ ਲੈਂਦੇ ਆ। ਮਾਸਟਰ ਨੇ ਫਿਰ ਉਸ ਦੇ ਗਿੱਟਿਆਂ 'ਤੇ ਲਗਾ ਦਿੱਤੀ।

ਮੈਂ ਆਪਣੀ ਗੱਲ ਜਾਰੀ ਰੱਖੀ - ਅੱਜ ਇਹਨਾਂ ਨੇ 'ਵੈੱਟ ਲੈਂਡ' ਨੂੰ 'ਸਵੈੱਟ ਲੈਂਡ' ਬਣਾਇਆ, ਕਲ੍ਹ ਨੂੰ 'ਡ੍ਰੀਮ ਲੈਂਡ' ਵੀ ਬਣਾ ਦੇਣਗੇ। ਅਜੇ ਇਹ ਬਾਜ਼ਾਰ ਨਿਊ ਯਾਰਕ ਦੇ ਨਕਸ਼ੇ 'ਤੇ ਵੀ ਨਹੀਂ। ਕਲ੍ਹ ਨੂੰ ਸਿਟੀ ਪ੍ਰਸ਼ਾਸ਼ਨ ਨੂੰ ਹੋਸ਼ ਆ ਈ ਜਾਣੀ ਆ। ਇਹ ਏਰੀਆ ਵੀ ਕਿਸੇ ਡਿਵੈਲਪਮੈਂਟ ਪਲੈਨ ਹੇਠ ਆ ਏ ਜਾਣਾ। ਏਥੇ ਵੀ ਵਧੀਆ ਸਟੋਰ ਤੇ ਵਰਕਸ਼ਾਪਾਂ ਉਸਰ ਜਾਣੀਆਂ।

ਮਾਸਟਰ ਨੇ ਮੇਰੀ ਹਾਂ ਵਿਚ ਹਾਂ ਮਿਲਾ ਦਿੱਤੀ - ਏਹਨਾਂ ਮਕੈਨਿਕਾਂ ਅਤੇ ਮਜ਼ਦੂਰਾਂ ਨੇ ਉਹਨਾਂ ਸਟੋਰਾਂ ਵਰਕਸ਼ਾਪਾਂ ਦੇ ਮਾਲਕ ਹੋਣੈ।

-ਹਾਂ, ਤੇ ਸਰਕਾਰ ਨੂੰ ਮਿਲੀਅਨ ਡਾਲਰ ਪ੍ਰੋਪਰਟੀ ਟੈਕਸ, ਸੇਲ ਟੈਕਸ ਤੇ ਆਮਦਨ ਟੈਕਸ ਆਉਣਾ ਸ਼ੁਰੂ ਹੋ ਜਾਣੈ।ਬਿਜਲੀ, ਫੋਨ ਵਰਗੀਆਂ ਸਹੂਲਤਾਂ ਦੇ ਬਿੱਲ ਵੱਖਰੇ.. ਮੈਂ ਕਿਹਾ।

ਐੱਸ.ਪੀ ਨੇ ਜਵਾਬ ਦਿੱਤਾ - ਫਿਰ ਏਥੇ ਵੀ ਸੱਤ ਸੌ ਦਾ ਕੰਮ, ਦੋ ਹਜ਼ਾਰ ਵਿਚ ਹੋਣ ਲੱਗ ਪੈਣਾ।

ਸਲੈਬਾਂ ਉਪਰ ਬੈਠਿਆਂ ਸਾਡੀਆਂ ਲੱਤਾਂ ਅਕਲਕਾਨ ਮਹਿਸੂਸ ਕਰਨ ਲੱਗ ਪਈਆਂ। ਸਾਡੇ ਪੈਰ ਧਰਤੀ ਉਪਰ ਨਹੀਂ ਸੀ ਲੱਗ ਰਹੇ। ਲਟਕਦੀਆਂ ਲੱਤਾਂ ਔਖ ਮਹਿਸੂਸ ਕਰਨ ਲੱਗ ਪਈਆਂ। ਅਸੀਂ ਉਠ ਕੇ ਖੜ੍ਹੇ ਹੋ ਗਏ। ਇੰਝ ਹੀ ਇਧਰ ਉਧਰ ਭਟਕਦਿਆਂ, ਸਾਢੇ ਪੰਜ ਵੱਜ ਗਏ। ਭੁੱਖ ਵੀ ਲੱਗ ਕੇ ਮਰ ਗਈ ਸੀ। ਅਸੀਂ ਕਾਰ ਦੇਖਣ ਇਕ ਵਾਰ ਫਿਰ ਉਸ ਦੁਕਾਨ 'ਤੇ ਗਏ। ਮਕੈਨਿਕ ਡੈਂਟ ਕੱਢ ਕੇ ਪ੍ਰਾਈਮਰ ਮਾਰ ਰਿਹਾ ਸੀ। ਅਜੇ ਘੱਟੋ ਘੱਟ ਇਕ ਘੰਟਾ ਹੋਰ ਲੱਗ ਜਾਣਾ ਸੀ।

ਅਸੀਂ ਦੁਕਾਨ ਵਿਚੋਂ ਨਿਕਲੇ ਤਾਂ ਉਹ ਸੋਹਣੀ ਕੁੜੀ ਫਿਰ ਦਿਸ ਪਈ। ਅਸੀਂ ਉਸ ਕੋਲ਼ ਚਲੇ ਗਏ। ਦੇਖਿਆ, ਉਹ ਕੋਕ ਵੀ ਵੇਚ ਰਹੀ ਸੀ। ਅਸੀਂ ਕੋਕ ਦੀਆਂ ਬੋਤਲਾਂ ਲੈ ਕੇ ਫਿਰ ਸੜਕੇ ਸੜਕ ਤੁਰ ਪਏ।

ਹੁਣ ਐੱਸ.ਪੀ. ਨੇ ਉਸ ਕੁੜੀ ਵੱਲ ਪਹਿਲਾਂ ਵਾਂਗ ਲਲਚਾਈਆਂ ਨਜ਼ਰਾਂ ਨਾਲ ਨਹੀਂ ਸੀ ਦੇਖਿਆ। ਕਹਿਣ ਲੱਗਾ- ਫੌਜੀ, ਯਾਦ ਐ ਜਦ ਵਾਢੀ ਕਰਦੇ ਹੁੰਦੇ ਸੀ ਤਾਂ ਪਿੰਡ ਦਾ ਝਿਊਰ ਵਹਿੰਗੀ ਉਪਰ ਘੜੇ ਲੱਦੀ, ਖੇਤ ਖੇਤ ਪਾਣੀ ਪਿਆਉਂਦਾ ਹੁੰਦਾ ਸੀ?

- ਹਾਂ ਯਾਰ, ਇਹ ਕੁੜੀ ਤਾਂ ਉਹੋ ਹੀ ਕੰਮ ਕਰ ਰਹੀ ਹੈ। ਮੈਂ ਕਿਹਾ।

- ਬੜੀ ਮਿਹਨਤੀ ਕੁੜੀ ਐ। ਐੱਸ.ਪੀ. ਦੀ ਹੁਣ ਉਸ ਕੁੜੀ ਬਾਰੇ ਰਾਇ ਬਦਲ ਚੁੱਕੀ ਸੀ।

ਮਾਸਟਰ ਦਾ ਕਹਿਣਾ ਸੀ ਕਿ ਜਦ ਕਦੀ ਇੱਥੇ ਆਧੁਨਿਕ ਬਾਜ਼ਾਰ ਬਣੇਗਾ, ਇਸ ਕੁੜੀ ਦਾ ਏਥੇ ਰੈਸਟੋਰੈਂਟ ਹੋਵੇਗਾ।

- ਇਸ ਦਾ ਮਤਲਬ ਹੈ ਕਿ ਸਾਡੇ ਐੱਸ.ਪੀ. ਦੀ ਰੀਝ ਕਦੇ ਪੂਰੀ ਨਹੀਂ ਹੋਣੀ? ਮੈਂ ਫਿਰ ਗੱਲ ਮਜ਼ਾਕ ਕਰਨ ਲਈ ਕਹੀ।

-ਛੱਡ ਯਾਰ, ਸਾਨੂੰ ਇਹਨਾਂ ਮਿਹਨਤੀ ਲੋਕਾਂ ਨਾਲ ਹਮਦਰਦੀ ਕਰਨੀ ਚਾਹੀਦੀ ਹੈ। ਐੱਸ.ਪੀ. ਗੰਭੀਰ ਸੀ।

- ਜੋ ਅਸੀਂ ਕਲ੍ਹ ਸਾਂ, ਇਹ ਅੱਜ ਨੇ। ਮੈਨੂੰ ਤਾਂ ਇਹ ਆਪਣੇ ਲਗਦੇ ਨੇ। ਮੈਂ ਵੀ ਸੰਜੀਦਾ ਹੁੰਦਿਆਂ ਕਿਹਾ।

- ਹੁਣ ਸਵਾਲ ਇਹ ਐ ਕਿ ਇਕ ਘੰਟਾ ਹੋਰ ਕਿੱਦਾਂ ਕੱਟਣਾ? ਐੱਸ.ਪੀ. ਥਕਾਵਟ ਮਹਿਸੂਸ ਕਰਦਾ ਬੋਲਿਆ।

- ਪੂਰੇ ਬਾਜ਼ਾਰ ਦਾ ਇਕ ਚੱਕਰ ਫਿਰ ਕੱਢਦੇ ਆਂ। ਇਹਨਾਂ ਲੋਕਾਂ ਨੂੰ ਦੇਖਦੇ ਹਾਂ। ਆਪਣਾ ਕਲ੍ਹ ਯਾਦ ਕਰਦੇ ਹਾਂ। ਮੈਂ ਕਿਹਾ।

ਮਾਸਟਰ ਵੀ ਮੇਰੇ ਨਾਲ ਸਹਿਮਤ ਹੋ ਗਿਆ। ਕੋਕ ਨਾਲ ਢਿੱਡਾਂ ਨੂੰ ਕਾਫੀ ਆਸਰਾ ਹੋ ਗਿਆ ਸੀ। ਗਰਮੀ ਦਾ ਡੰਗ ਵੀ ਖੁੰਢਾ ਹੋ ਗਿਆ ਜਾਪਦਾ ਸੀ।

ਟੀਨ ਦੀਆਂ ਦੁਕਾਨਾਂ ਵਿਚ ਸਭ ਲੋਕ ਮਸਰੂਫ ਸਨ। ਉਹਨਾਂ ਲਈ ਗਰਮੀ ਸਰਦੀ ਦੇ ਕੋਈ ਅਰਥ ਨਹੀਂ ਸਨ। ਮੈਂ ਸੋਚਦਾ ਹਾਂ, ਉਹ ਵੀ ਸਾਡੇ ਲੋਕਾਂ ਵਾਂਗ ਖਾਲੀ ਜੇਬਾਂ ਨਾਲ ਇੱਥੇ ਪੁੱਜੇ ਹੋਣਗੇ। ਉਹਨਾਂ ਕੋਲ਼ ਵੀ ਮਿਹਨਤ ਦਾ ਇਕੋ ਇਕ ਸਰਮਾਇਆ ਹੋਵੇਗਾ।

ਗੇੜਾ ਕੱਢ ਕੇ ਅਸੀਂ ਸੱਤ ਕੁ ਵਜੇ ਫਿਰ ਉਸ ਦੁਕਾਨ ’ਤੇ ਆਏ। ਕਾਰ ’ਤੇ ਪਾਲਿਸ਼ ਕੀਤਾ ਜਾ ਚੁੱਕਾ ਸੀ। ਐਕਸੀਡੈਂਟ ਦੇ ਪੂਰੇ ਚਿੰਨ੍ਹ ਮਿਟ ਚੁੱਕੇ ਸਨ। ਮਾਸਟਰ ਖੁਸ਼ ਹੋ ਗਿਆ।

ਮਕੈਨਿਕ ਦਾ ਕਹਿਣਾ ਸੀ, ਅਜੇ ਪਾਲਿਸ਼ ਨੂੰ ਅੱਧਾ ਘੰਟਾ ਹੋਰ ਸੁੱਕ ਲੈਣ ਦਿੱਤਾ ਜਾਵੇ।

ਹੁਣ ਇਹ ਅੱਧਾ ਘੰਟਾ ਹੋਰ, ਸਾਡੇ ਸਿਰਾਂ ਵਿਚ ਬਦਾਣ ਵਾਂਗ ਵੱਜਾ। ਸਰੀਰਾਂ ਚੋਂ ਸੱਤਿਆ ਲਗਪਗ ਮੁੱਕ ਚੁੱਕੀ ਸੀ।

ਪਰ ਇੰਤਜ਼ਾਰ ਕਰਨ ਤੋਂ ਇਲਾਵਾ ਹੋਰ ਚਾਰਾ ਵੀ ਕੀ ਸੀ? ਔਖੇ ਸੌਖੇ ਸਰੀਰਾਂ ਨੂੰ ਤਿਆਰ ਕੀਤਾ ਤੇ ਇਕ ਪਾਸੇ ਨੂੰ ਹੋ ਤੁਰ ਪਏ? ਗਨੀਮਤ ਇਹ ਸੀ ਕਿ ਗਰਮੀ ਘਟ ਚੁੱਕੀ ਸੀ ਤੇ ਸਮੁੰਦਰ ਵੱਲੋਂ ਠੰਢੀ ਹਵਾ ਆਉਣ ਲੱਗ ਪਈ ਸੀ। ਬਹੁਤੀਆਂ ਦੁਕਾਨਾਂ ਬੰਦ ਹੋ ਚੁੱਕੀਆਂ ਸਨ। ਮਾਸਟਰ ਹੁਣ ਸਭ ਤੋਂ ਅੱਗੇ ਚੱਲ ਰਿਹਾ ਸੀ।

ਐੱਸ.ਪੀ. ਕਹਿਣ ਲੱਗਾ – ਹੁਣ ਦੇਖ ਕਿੱਦਾਂ ਬਗਲੇ ਵਾਂਗ ਲੱਤਾਂ ਟਿਕਾ ਟਿਕਾ ਕੇ ਤੁਰਦਾ। ਤੇਰਾਂ ਸੌ ਡਾਲਰ ਜੁ ਬਚ ਗਿਆ।

– ਪੂਰਾ ਤਾਂ ਘਰ ਨਹੀਂ ਜਾਣ ਦਿੰਦੇ। ਸਿੰਗਲ ਮਾਲਟ ਤੇ ਮਛੀ ਤੋਂ ਘੱਟ ਇਹਦੀ ਜਾਨ ਨਹੀਂ ਛੱਡਦੇ ਅੱਜ। ਮੈਂ ਕਿਹਾ।

ਸਾਡੀਆਂ ਜੀਭਾਂ ’ਤੇ ਸਕਾਚ ਤੇ ਮਛੀ ਦਾ ਸੁਆਦ ਤੈਰ ਗਿਆ।

ਫਰਲਾਂਗ ਕੁ ਚੱਲੇ ਹੋਵਾਂਗੇ ਕਿ ਸੜਕ ਦੇ ਇਕ ਪਾਸੇ ਪੰਜ ਛੇ ਮੁੰਡੇ ਹੱਥਾਂ ਵਿਚ ਬੀਅਰ ਦੀਆਂ ਬੋਤਲਾਂ ਫੜੀ, ਪੀਂਦੇ ਨਜ਼ਰ ਆਏ। ਬੀਅਰ ਦੇਖ ਕੇ ਸਾਡੀ ਪਿਆਸ ਇੰਝ ਜਾਗ ਪਈ, ਜਿਵੇਂ ਵਾਢੀਆਂ ਕਰਦਿਆਂ, ਦੁਪਹਿਰੇ ਲੱਸੀ ਦੇਖਕੇ, ਕਾਹਲ਼ੇ ਪੈ ਜਾਈਦਾ ਸੀ। ਅਸੀਂ ਉਹਨਾਂ ਮੁੰਡਿਆਂ ਵੱਲ ਨੂੰ ਤੁਰ ਪਏ।

ਕੋਲ਼ ਪੁੱਜੇ ਤਾਂ ਇਕ ਮੁੰਡਾ ਰੌਲ਼ਾ ਪਾਉਣ ਲੱਗ ਪਿਆ – ਤਾਲਿਬਾਨ ਆਰ ਕਮਿੰਗ...

ਤਿੰਨ ਦਾੜ੍ਹੀਆਂ ਤੇ ਦਸਤਾਰਾਂ ਵਾਲੇ ਸਰਦਾਰਾਂ ਨੂੰ ਉਹਨੀਂ ਤਾਲਿਬਾਨ ਸਮਝ ਲਿਆ ਸੀ।

ਜਿਸ ਦਿਨ ਤੋਂ ਅਫ਼ਗ਼ਾਨਿਸਤਾਨ ਉਪਰ ਤਾਲਿਬਾਨ ਦਾ ਕਬਜ਼ਾ ਹੋਇਆ ਹੈ, ਅਮਰੀਕਾ ਵਿਚ ਉਹਨਾਂ ਦਾ ਹੀ ਚਰਚਾ ਹੈ। ਟੀ ਵੀ, ਰੇਡੀਓ ਤੇ ਅਖਬਾਰਾਂ, ਸਭ ਉਹਨਾਂ ਦੀਆਂ ਖਬਰਾਂ ਨੂੰ ਤਰਜੀਹ ਦੇ ਰਹੇ ਹਨ।

ਸਾਨੂੰ ਤਾਲਿਬਾਨ ਕਹੇ ਜਾਣ ’ਤੇ ਸਾਵਧਾਨ ਹੋਣਾ ਚਾਹੀਦਾ ਸੀ, ਪਰ ਅਸੀਂ ਤਿੰਨੋਂ ਹੱਸ ਪਏ ਅਤੇ ਉਹਨਾਂ ਵੱਲ ਨੂੰ ਤੁਰੀ ਗਏ। ਕੋਲ਼ ਜਾ ਕੇ ਅਸੀਂ ਕਿਹਾ ਕਿ ਅਸੀਂ ਇੰਡੀਅਨ ਸਿੱਖ ਹਾਂ, ਤਾਲਿਬਾਨ ਨਹੀਂ।

– ਓ ਯੂ ਆਰ ਸਿੰਘ। ਇਕ ਕਾਲ਼ਾ ਮੁੰਡਾ ਖੁਸ਼ ਹੋ ਕੇ ਬੋਲਿਆ। ਉਹ ਕਿਸੇ ਸਿੰਘ ਦੇ ਸਟੋਰ ’ਤੇ ਕੰਮ ਕਰ ਚੁੱਕਾ ਸੀ।

ਛੇਤੀ ਹੀ ਅਸੀਂ ਉਹਨਾਂ ਨਾਲ ਘੁਲ਼ ਮਿਲ਼ ਗਏ। ਅਸੀਂ ਪੁੱਛਿਆ ਕਿ ਸਾਨੂੰ ਬੀਅਰਾਂ ਕਿੱਥੋਂ ਮਿਲ ਸਕਦੀਆਂ ਹਨ?

ਇਕ ਸਪੈਨਿਸ਼ ਮੁੰਡਾ, ਆਪਣੇ ਲਈ ਰੱਖੀਆਂ, ਤਿੰਨ ਬੀਅਰ ਦੀਆਂ ਬੰਦ ਬੋਤਲਾਂ ਸਾਨੂੰ ਪੇਸ਼ ਕਰਨ ਲੱਗ ਪਿਆ। ਅਸੀਂ ਲੈਣ ਤੋਂ ਧੰਨਵਾਦ ਸਹਿਤ ਨਾਂਹ ਕਰ ਦਿੱਤੀ ਤੇ ਦੁਬਾਰਾ ਕਿਹਾ ਕਿ

ਅਸੀਂ ਬੀਅਰ ਖਰੀਦਣੀ ਚਾਹੁੰਦੇ ਹਾਂ।

ਉਹਨਾਂ 'ਚੋਂ ਇਕ ਮੁੰਡਾ ਸਾਨੂੰ ਇੰਤਜ਼ਾਰ ਕਰਨ ਦਾ ਕਹਿ ਕੇ ਇਕ ਪਾਸੇ ਨੂੰ ਭੱਜ ਗਿਆ। ਕੁਝ ਦੇਰ ਬਾਅਦ ਜਦ ਪਰਤਿਆ ਤਾਂ ਉਸ ਦੇ ਮਗਰ ਉਹੋ ਸੋਹਣੀ ਕੁੜੀ ਆਪਣੀ ਰੇੜ੍ਹੀ ਧੱਕਦੀ ਆ ਰਹੀ ਸੀ।

ਹੁਣ ਉਹ ਕੁੜੀ ਬੀਅਰਾਂ ਵੇਚ ਰਹੀ ਸੀ। ਮਕੈਨਿਕ, ਮਜ਼ਦੂਰ ਵਿਹਲੇ ਹੋ ਚੁੱਕੇ ਸਨ। ਹੁਣ ਉਹਨਾਂ ਨੂੰ ਬੀਅਰ ਦੀ ਲੋੜ ਸੀ।

ਅਸੀਂ ਉਸ ਪਾਸੋਂ ਤਿੰਨ ਬੀਅਰਾਂ ਲਈਆਂ। ਐੱਸ.ਪੀ. ਨੇ ਫਟਾਫਟ ਸੌ ਡਾਲਰ ਦਾ ਨੋਟ ਉਸ ਨੂੰ ਫੜਾ ਦਿੱਤਾ। ਕੁੜੀ ਉਹਨਾਂ ਮੁੰਡਿਆਂ ਨਾਲ ਗੱਲੀਂ ਪਈ ਹੋਈ ਸੀ। ਉਸ ਨੇ ਅਜੇ ਨੋਟ ਵੱਲ ਧਿਆਨ ਵੀ ਨਹੀਂ ਸੀ ਦਿੱਤਾ ਕਿ ਅਸੀਂ ਉੱਥੋਂ ਤੁਰ ਪਏ।

ਅਸੀਂ ਉਸ ਮਿਹਨਤੀ ਕੁੜੀ ਦੀ ਸਮਝ ਤੇ ਮਿਹਨਤ ਦੀਆਂ ਗੱਲਾਂ ਕਰਦੇ ਕਾਰ ਵੱਲ ਨੂੰ ਤੁਰ ਪਏ।

ਕਾਰ ਤਿਆਰ ਸੀ। ਮਾਸਟਰ ਨੇ ਖੁਸ਼ੀ ਖੁਸ਼ੀ ਸੱਤ ਸੌ ਡਾਲਰ ਦੁਕਾਨਦਾਰ ਨੂੰ ਦਿੱਤੇ ਅਤੇ ਮਕੈਨਿਕ ਨੂੰ ਪੰਜਾਹ ਡਾਲਰ ਟਿੱਪ ਦਿੱਤੀ ਤੇ ਚਾਬੀਆਂ ਲੈ ਕੇ ਕਾਰ ਕੋਲ ਆ ਕੇ ਵਿਚ ਬੈਠਣ ਹੀ ਲੱਗੇ ਸੀ।

-ਸਿੰਘ...ਸਿੰਘ...

ਉੱਚੀ ਉੱਚੀ ਆਵਾਜ਼ਾਂ ਦਿੰਦੀ ਉਹੋ ਸੋਹਣੀ ਕੁੜੀ ਸਾਡੀ ਵੱਲ ਨੂੰ ਭੱਜੀ ਆ ਰਹੀ ਸੀ। ਬਾਂਹ ਚੁੱਕ ਚੁੱਕ ਕੇ ਸਾਨੂੰ ਰੁਕਣ ਦਾ ਇਸ਼ਾਰਾ ਵੀ ਕਰ ਰਹੀ ਸੀ।

ਅਸੀਂ ਰੁਕ ਗਏ। ਕੁੜੀ ਹਫਦੀ ਸਾਡੇ ਕੋਲ਼ ਆਈ। ਐੱਸ.ਪੀ. ਨੂੰ ਪੈਸੇ ਫੜਾਉਂਦੀ ਕਹਿਣ ਲੱਗੀ,- ਸਿੰਘ, ਯੂਅਰ ਚੇਂਜ।

ਐੱਸ.ਪੀ. ਨੇ ਪੈਸੇ ਫੜਨ ਲਈ ਕਿੰਨੀ ਦੇਰ ਹੱਥ ਅੱਗੇ ਨਾ ਵਧਾਇਆ।

ਕੁੜੀ ਨੇ ਲਗਾਤਾਰ ਹੱਥ ਅੱਗੇ ਕਰੀ ਰੱਖਿਆ ਤੇ ਪੈਸੇ ਵਾਪਸ ਕਰਨ ਲਈ ਵਾਰ ਵਾਰ ਜ਼ੋਰ ਦੇ ਰਹੀ ਸੀ।

ਐੱਸ.ਪੀ. ਨੇ ਹੱਥ ਅੱਗੇ ਕੀਤਾ, ਸਾਨੂੰ ਲੱਗਾ, ਪੈਸੇ ਫੜਨ ਲੱਗਾ ਹੈ, ਪਰ ਉਸ ਦਾ ਹੱਥ ਉਪਰ ਹੀ ਹੁੰਦਾ ਗਿਆ ਤੇ ਉਸ ਨੇ ਕੁੜੀ ਦੇ ਸਿਰ ਉਪਰ ਹੱਥ ਰੱਖ ਦਿੱਤਾ। ਏਨਾ ਹੀ ਕਿਹਾ - ਕੀਪ ਦ ਚੇਂਜ, ਯੰਗ ਲੇਡੀ।

ਕੁੜੀ ਹੱਕੀ ਬੱਕੀ ਜਿਹੀ ਉਸ ਵੱਲ ਦੇਖ ਰਹੀ ਸੀ।

ਮਾਸਟਰ ਨੇ ਵੀ ਹੱਥ ਹਿਲਾ ਕੇ ਉਸ ਨੂੰ ਅਲਵਿਦਾ ਆਖੀ ਤੇ 'ਕੀਪ ਦ ਚੇਂਜ' ਆਖ ਕੇ ਗੱਡੀ ਵਿਚ ਬੈਠ ਗਿਆ। ਅਸੀਂ ਵੀ ਉਸ ਨੂੰ 'ਬਾਈ, ਬਾਈ' ਕਰਦੇ ਕਾਰ ਵਿਚ ਬੈਠ ਗਏ। ਕੁੜੀ ਸਾਡੀ ਵੱਲ ਹੈਰਾਨ ਜਿਹੀ ਹੋਈ ਦੇਖੀ ਜਾ ਰਹੀ ਸੀ।

ਮਾਸਟਰ ਨੇ ਕਾਰ ਤੋਰ ਲਈ। ਅਸੀਂ ਦੇਖਦੇ ਰਹੇ, ਉਹ ਕੁੜੀ ਉਸੇ ਥਾਂ ਖੜ੍ਹੀ ਸਾਨੂੰ ਬਾਹਾਂ ਹਿਲਾ ਕੇ ਅਲਵਿਦਾ ਆਖ ਰਹੀ ਸੀ।

ਤੇ ਸਾਨੂੰ ਇੰਝ ਮਹਿਸੂਸ ਹੋ ਰਿਹਾ ਸੀ, ਜਿਵੇਂ ਅਸੀਂ ਆਪਣੇ ਹੀ ਲੋਕਾਂ ਨੂੰ ਮਿਲ ਕੇ ਜਾ ਰਹੇ ਹਾਂ..। ਆਪਣੇ ਹੀ ਪਿੰਡ ਦੀ ਫੇਰੀ ਮਾਰ ਕੇ ਮੁੜ ਰਹੇ ਹਾਂ।000

***(2037 Prospect Ave, East Meadow, NY 11554 USA***
***Phone: 1-212-645-2395***
***Email: baldevsinghgrewal@gmail.com)***

# ਅਜਨਬੀ: ਕਹਾਣੀ: ਨਿਰਮਲ ਜਸਵਾਲ

"ਹੱਥਾਂ ਦੀ ਗਰਮੀ ਅਤੇ ਉਸਦੀ ਪਕੜ ਤੋਂ ਹੀ ਬੰਦੇ ਦੀ ਸ਼ਖ਼ਸੀਅਤ ਤੇ ਉਸਦੀ ਚਾਹਤ ਦਾ ਪਤਾ ਚੱਲਦਾ ..।" 'ਸ਼ਾਈਨੀ' ਮਤਲਬ 'ਸੁਦਰਸ਼ਨ ਧਰ' ਉਦਾਸੀ ਨਾਲ ਭਰਿਆ, ਕਸ਼ਮੀਰ ਤੋਂ ਉੱਜੜਿਆ ਕਸ਼ਮੀਰੀ ਨੌਜਵਾਨ ਫ਼ੋਨ 'ਤੇ ਗੱਲਾਂ ਕਰ ਰਿਹਾ ਸੀ। ਉਹ ਮੁਸਕਰਾਈ। 'ਸ਼ਾਈਨੀ' ਉਸਦਾ ਪਿੱਛਾ ਕਰ ਰਿਹਾ ਹੈ। ਹੱਸੀ ਉਹ!

ਅਲਬਾਨੀਆ ਦੀ ਸੁੰਦਰਤਾ ਨੂੰ ਉਹ ਵੇਖਣਾ ਚਾਹੁੰਦਾ ਸੀ। ਸੁੰਦਰਤਾ-ਬੋਧ 'ਤੇ ਉਹ ਘੰਟਿਆਂ ਬੱਧੀ ਗੱਲ ਕਰ ਸਕਦਾ ਸੀ।

ਘੱਟ ਆਬਾਦੀ ਵਾਲੇ ਪਿੰਡਾਂ ਵਿਚ ਤਰਤੀਬ ਨਾਲ ਬਣੇ ਘਰ,ਉੱਥੋਂ ਦੇ ਪਹਾੜ, ਸਭ ਤੋਂ ਵੱਖ ਉੱਥੋਂ ਦੀ ਰਾਜਧਾਨੀ ਤੀਰਾਨਾ ਵਿਚ ਆਪਣੇ ਕਸ਼ਮੀਰੀ ਦੋਸਤ ਨੂੰ ਉਸ ਮਿਲਣਾ ਸੀ। ਉਹ ਵੀ ਉੱਜੜਿਆ ਕਸ਼ਮੀਰੀ ਉਸੇ ਦੇ ਪਿੰਡ ਦਾ ਕਰੀਬੀ ਸੀ। ਸ਼ਾਇਦ ਸ਼ਾਈਨੀ ਵੀ ਅਲਬਾਨੀਆ ਵਿਚ ਹੀ ਪੱਕਾ ਹੋਣ ਦਾ ਸੋਚ ਰਿਹਾ ਸੀ।

'ਕਸ਼ਮੀਰ 'ਚ ਕੀ ਹੈ, ਅਤੇ ਜੰਮੂ ਵਿਚ ਵੀ ਕੀ?? ਸਿਰਫ ਤੇ ਸਿਰਫ ਕਸ਼ਮੀਰ ਤੋਂ ਉਜੜਿਆਂ ਦਾ ਸ਼ਹਿਰ', ਉਹ ਕਹਿੰਦਾ।

*****

"ਡਰ ਡਰ ਕੇ ਰਹਿਣਾ ਵੀ ਕੋਈ ਜੀਵਣਾ ਹੈ। ਇਸ਼ਕ ਵੀ ਢੰਗ ਨਾਲ ਨਹੀਂ ਹੁੰਦਾ (ਉਹ ਹੱਸਣ ਦੀ ਕੋਸ਼ਸ਼ਿ ਕਰਦਾ ਹੈ) ਜਾੱਬ ਦਾ ਵੀ ਰਿਸਕ ਰਹਿੰਦਾ ਹੈ ਮੇਰੀ ਜਾਨ.." ਉਸਦਾ ਲਟਕ ਲਟਕ ਕੇ ਬੋਲਣ ਵਾਲਾ ਕਸ਼ਮੀਰੀ ਲਹਿਜਾ ਉਸਨੂੰ ਤੰਗ ਕਰਦਾ।

"ਅਰੇ, ਜ਼ੁਬਾਨ ਵ੍ਹਾਲਾ ਹੀ ਫਿਸਲ ਰਹੀ ਹੈ,ਕਿਸ ਕਿਸ ਨਾਲ ਇਸ਼ਕ ਕੀਤਾ ਅੱਜ ਤੀਕ ।"

"ਇਹ ਪੁੱਛ ਕਿਸ ਕਿਸ ਨਾਲ ਨਹੀਂ ਕੀਤਾ, ਚੱਲ ਛੱਡ, ਕੁੱਝ ਹੋਰ ਪੁੱਛ- ਦਰਜਨਾਂ ਇਸ਼ਕ ਦੇ ਇਮਤਿਹਾਨ ਪਾਸ ਕਰ ਚੁੱਕਾ ਹਾਂ।"

"ਸ਼ਟ-ਅਪ.." ਉਹ ਕਹਿੰਦੀ। ਉਹ ਖੂਬ ਹੱਸਦਾ ਰਹਿੰਦਾ ..।

*****

ਇਸ ਤਰ੍ਹਾਂ ਸ੍ਰੀਨਗਰ ਤੋਂ ਜੰਮੂ, ਜੰਮੂ ਤੋਂ ਦਿੱਲੀ ਉਸਦਾ ਆਉਣਾ-ਜਾਣਾ ਲੱਗਿਆ ਹੀ ਰਹਿੰਦਾ। ਉਸਦੀ ਉਤਸੁਕਤਾ ਬਾਰਿਸ਼ ਦੇ ਤੁਪਕਿਆ ਵਾਂਗ ਛਪਾਕ ਨਾਲ ਉੱਡਦੀ, ਧਰਤ 'ਤੇ ਡਿੱਗਦੀ ਤੇ ਫਟ ਪੈਂਦੀ। ਖਿੱਚ ਜਿਹੀ ਸੀ ਉਸਦੀਆਂ ਗੱਲਾਂ 'ਚ, ਪਰ ਕਦੇ ਵੀ ਇਹੋ ਜੀ ਡੋਰ ਨਾ ਵਧੀ ਕਿ ਖਿੱਚਦੀ ਹੀ ਜਾਉਂਦੀ।

ਸ਼ਾਈਨੀ ਨਾਲ ਹੁਣ ਵੇਲ਼ੇ-ਕੁਵੇਲ਼ੇ ਰੋਜ਼ ਹੀ ਗੱਲਾਂ ਹੁੰਦੀਆਂ। ਉਸਨੂੰ ਅਲਬਾਨੀਆ ਨਾ ਆਉਣ ਦਾ, ਤੇ ਨਾ ਮਿਲਣ ਦਾ ਅਫ਼ਸੋਸ ਹੁੰਦਾ।

'ਅਸੀਂ ਬੱਦਲ਼ਾਂ ਦੀਆਂ ਖਿੰਡੀਆਂ-ਪੁੰਡੀਆ ਟੁਕੜੀਆਂ ਹਾਂ, ਜਦੋਂ ਇਕੱਠੀਆਂ ਹੋਈਆਂ, ਝੜੀ ਲਾਉਣ ਲਈ ਹਰ ਵੇਲ਼ੇ ਤਿਆਰ -' ਉਹ ਕਹਿੰਦਾ।

'ਅੱਛਾ, ਇੱਥੇ ਤਾਂ ਸੁੱਕਾ ਪਿਆ, ਬੱਦਲ਼ ਤਾਂ ਚਾਹੀਦਾ ਹੀ ਹੈ- ਝੜੀ ਲਾਉਣ ਲਈ, ਤੇ ਤਰ ਕਰਨ ਲਈ ਵੀ..।'

'..ਤਰ ਹੋਣ ਲਈ ਧਰਤ ਇੱਥੋਂ ਉੱਥੋਂ ਫੱਟੜ ਹੋ ਰਹੀ ਹੈ', ਉਹ ਕਹਿੰਦੀ।

'..ਵਾਜ ਦੇ ਫੇਰ- ਕਦੇ-ਕਦਾਈਂ ਵੈਸਟਰਨ ਠੰਡ ਵੀ ਤਾਂ ਆਉਣੀ ਚਾਹੀਦੀ ਹੈ'- ਉਹ ਉੱਚੀ ਜਿਹੇ ਹੱਸਦਾ।

'ਅਜੇ ਬਚਪਨਾ ਹੈ ਤੇਰੇ 'ਚ, ਮੈਥੋਂ ਪੰਜ ਛੇ ਵਰ੍ਹੇ ਛੋਟਾਂ..' ਉਹ ਉਸਨੂੰ ਤਾੜਦੀ।'..ਤੂੰ ਤਾਂ

ਫਿਲਾਸਫੀ ਦਾ ਵਿਦੀਆਰਥੀ ਹੈਂ, ਇਹ ਕਵਿਤਾ ਕਦੋਂ ਤੋਂ?'

'ਜਦੋਂ ਦੀ ਤੂੰ ਮਿਲੀ ..'

'ਮਿਲੀ? ਕਦੋਂ ਮਿਲੀ? ਕਿੱਥੇ ਮਿਲੀ? ਮੈਂ ਤਾਂ ਪੂਰਾ ਕੀ ਅਧੂਰਾ ਵੀ ਨਹੀਂ ਜਾਣਦੀ ਤੈਨੂੰ?'

'ਜਾਨਣ ਲਈ ਨਾਂ ਹੀ ਬਹੁਤ ਨਹੀਂ?' ਉਸਦਾ ਮਤਲਬ 'ਧਰ' ਪਰਜਾਤਿ ਕਸ਼ਮੀਰੀ ਨਾਂਅ ਤੋਂ ਸੀ।

ਤੇਰੇ ਵਰਗੇ ਕਸ਼ਮੀਰੀ ਨੂੰ ਜਾਨਣ ਲਈ ਪੂਰੀ ਭੂਗੋਲ ਛੰਡਨੀ ਨਾ ਪਊ.. ਵੈਸੇ ਮੈਨੂੰ ਬਾਹਲ਼ੀ ਦਿਲਚਸਪੀ ਨੀ ਤੇਰੇ 'ਚ', ਉਹ ਵੀ ਝੂਠ-ਮੂਠ ਦਾ ਗ਼ੁੱਸਾ ਵਿਖਾਉਂਦੀ।

ਉਹ ਇਕਦਮ ਫ਼ੋਨ ਬੰਦ ਕਰ ਦਿੰਦਾ।..ਅਤੇ ਪੰਜ ਸੱਤ ਦਿਨਾਂ ਬਾਅਦ ਹੀ ਮੈਸੇਜ ਕਰ ਕੇ ਪੁੱਛਦਾ- ਕਿੰਨੀ ਜਾਣਕਾਰੀ ਹੋਈ? ਫੇਰ ਅਗਲੇ ਦਿਨ ਹੀ ਫ਼ੋਨ ਕਰ ਕੇ ਆਪਣਾ ਪਤਾ, ਘਰਵਾਲ਼ਿਆਂ ਦੀ ਹਿਸਟਰੀ, ਆਪਣੇ ਕਾਲਿਜ ਦਾ ਨਾਂ ਦੁਹਰਾਂਦਾ-ਸਾਰੇ ਖ਼ਾਨਦਾਨ ਦੀਆਂ ਫੋਟੋਆਂ ਭੇਜ ਦਿੰਦਾ।

ਸ੍ਰੀਨਗਰ ਤੋਂ ਜੰਮੂ ਅਤੇ ਜੰਮੂ ਤੋਂ ਟ੍ਰੇਨ ਵਿਚ ਕਦੇ ਕਦੇ ਉਹ 'ਹਯੂਮਨ ਰਿਸਰਚ ਵਿਭਾਗ ਦਿੱਲੀ ਜਾਂਦਾ। 'ਰਾਹ 'ਚ ਚੰਡੀਗੜ੍ਹ - ਪੰਚਕੂਲਾ ਪੈਂਦਾ ਹੈ?' ਕਹਿੰਦੀ ਤਾਂ ਉਹ ਟਾਲ਼ ਜਾਂਦਾ ਤੇ ਹੱਸਦਾ - 'ਹੁਣੇ ਇਸ਼ਕ ਦੇ ਇਮਤਿਹਾਨ ਨੇ ਨਾ ਜਾਨੇ ਕੈਸੇ ਕੈਸੇ??' ਕਹਿੰਦਾ ਰਹਿਸ ਦੀ ਪਰਤ ਚੜ੍ਹਾ ਦਿੰਦਾ। ਜੇ ਉਹ ਫਰੋਲ਼ਦੀ ਤਾਂ ਝੱਟ ਹੀ ਆਖਦਾ - ਮਿਲਦੇ ਹਾਂ ਕਦੇ ਛੇਤੀ ਹੀ ...

...ਅਤੇ ਇਕ ਵਰ੍ਹਾ ਐਵੇਂ ਹੀ ਗੁਜ਼ਰ ਗਿਆ।

ਉਹ ਉਸਨੂੰ ਕਿੱਥੇ ਮਿਲਿਆ,ਕਿਵੇਂ ਮਿਲਿਆ। ਦਿਮਾਗ਼ ਦੇ ਇੱਧਰ- ਉੱਧਰ ਖਾਨਿਆਂ 'ਚ ਉਹ ਲੱਭਦੀ।

*****

ਦਰਅਸਲ ਸ਼ਾਈਨੀ ਨੇ ਏਸ ਅੰਤਰਰਾਸ਼ਟਰੀ ਕਵੀਆਂ ਦੇ ਸਮੂਹ 'ਚ ਇਤਫ਼ਾਕਨ ਹੀ ਅਲਬਾਨੀਆ ਹਿੱਸਾ ਲੈਣਾ ਸੀ। ਉਨਾਂ ਸਾਰਿਆ ਵਿਚੋਂ ਇਕ ਇਟਲੀ ਦੀ ਕਵਿਤਰੀ ਅਤੇ ਇਕ ਯੰਗ-ਮੈਨ ਜਿਸਨੇ ਕਸ਼ਮੀਰ ਤੋਂ ਆਉਣਾ ਸੀ, ਨੇ ਆਕਰਸ਼ਤ ਕੀਤਾ। ਟੈਲੀਫ਼ੋਨ ਤੋਂ ਗੱਲ ਹੋਈ। ਬੜਾ ਹੀ ਦਿਲਫੈਂਕ, ਦਿਲਕਸ਼ ਅਤੇ ਜਾਦੂਮਈ ਗੱਲਾਂ ਦਾ ਮਾਲਿਕ ਜਾਪਿਆ ਸੀ ਉਹ...

ਉਹ ਸੀ ਸ਼ਾਈਨੀ - ਪੂਰਾ ਨਾਂਅ ਸੀ ਸੁਖਦਰਸ਼ਨ 'ਧਰ'।

ਮੇਰਾ ਨਾਂ 'ਸੁਦਰਸ਼ਨ' ਹੈ..ਯੂ ਨੋਅ..ਗੁੱਡ ਲੁਕਿੰਗ..ਤੇ 'ਸ਼ਾਈਨੀ' ਹੋ ਗਿਆ ਨਾ..?

ਉਸਦਾ ਕੀ ਨਾਂਅ ਹੈ? ਉਸਨੇ ਪੁੱਛਿਆ ਹੀ ਨਹੀਂ। ਓਸੇ ਨੇ ਹੀ ਆਪਣਾ ਨਾਂਅ ਦੱਸਿਆ- ਮੈਂ 'ਸੋਹਣੀ'.. ਉਹ ਹੱਸਿਆ।

"ਤੇ ਮੈਂ ਦਿੱਲੀ ਏਅਰ ਪੋਰਟ 'ਤੇ ਹੀ ਤੈਨੂੰ ਮਿਲਾਂਗੀ। ਅਲਬਾਨੀਆ ਜਾਣ ਲਈ .. ਯੂਐਸਏ ਤੋਂ ਲਿਯੋਨੀ ਪਹਿਲਾਂ ਹੀ ਦਿੱਲੀ ਆਈ ਹੋਈ ਹੈ .. ਉਹ ਸਾਨੂੰ ਏਅਰ ਪੋਰਟ 'ਤੇ ਜੁਆਇਨ ਕਰੇਗੀ। "

"ਓ.ਕੇ. ਓ.ਕੇ., ਟੇਕ ਇੱਟ ਈਜ਼ੀ..ਮੈਂ ਤਾਂ ਤੇਰੇ ਨਾਲ ਨਾਲ ਹੀ ਰਹਾਂਗਾ, ਅਸੀਂ ਦੋਹੇਂ ਆਪਣੇ ਮੁਲਕ ਦੇ ਹਾਂ..ਲਿਯੋਨੀ ਨਾਲ ਉਸ ਦਾ ਦੋਸਤ ਆ ਰਿਹਾ ਹੈ।"

ਲੈ ਉਸਨੂੰ ਤਾਂ ਪਤਾ ਹੀ ਨਹੀਂ ਸੀ, ਨਾ ਉਸਨੇ ਜਾਨਣ ਦੀ ਕੋਸ਼ਿਸ਼ ਕੀਤੀ। ਬੜਾ ਤੇਜ਼ ਲਗਦਾ- ਚੱਲ ਇਸਦੇ ਵਿਚਾਰ ਵੀ ਸੁਣਾਂਗੀ। ਕਹਿੰਦਾ ਹੈ ਮੈਂ ਅਰਵਿੰਦੋ ਦੀ ਫਿਲਾਸਫੀ 'ਤੇ ਕੰਮ ਕੀਤਾ ਹੈ...।

*****

ਮਿੱਥੇ ਹੋਏ ਸਮੇਂ ਉਹ ਦਿੱਲੀ ਏਅਰਪੋਰਟ ਪਹੁੰਚ ਗਈ। ਯੂਐਸ ਵਾਲੀ ਨੇ ਆਪਣੇ ਨਾਂ ਦੀ ਤਖ਼ਤੀ ਫੜੀ ਹੋਈ ਸੀ-ਲਿਯੋਨੀ। ਉਸ ਦੀਆਂ ਅੱਖਾਂ ਉਸਦੇ ਬੁਆਏਫਰੈਂਡ ਨੂੰ ਲੱਭ ਰਹੀਆਂ ਸਨ।

ਦੂਰ ਕਿਤੇ ਨੁਕੜ 'ਚ ਗੋਰਾ-ਲੰਮਾ ਉੱਚਾ, ਬੇਤਰਤੀਬੀ ਨਾਲ ਕਿਤੇ ਕਿਤੇ ਪਾਟੀ ਜ਼ੀਨ ਪਾਈ ਇਕ ਨੌਜਵਾਨ ਮੋਬਾਇਲ ਨਾਲ ਚਿਪਕਿਆ ਹੋਇਆ ਸੀ। ਉਹ ਉਸਨੂੰ ਵੇਖ ਉਸ ਵੱਲ ਵਧੀ- ਸ਼ਾਇਦ ਕਸ਼ਮੀਰੀ ਦਿਸਣ ਵਾਲਾ ਉਹ ਨੌਜਵਾਨ ਸੁਦਰਸ਼ਨ ਹੀ ਹੋਵੇ ..।

ਉਦੋਂ ਹੀ ਲਿਯੋਨੀ ਨੇ ਉਸਨੂੰ 'ਵਾਜ ਦਿੱਤੀ 'ਨਿੱਕ'- ਉਹ ਠਹਿਰ ਗਈ।

ਲਿਯੋਨੀ ਨੂੰ ਆਪਣੇ ਬਾਰੇ ਦੱਸ ਉਸਨੇ ਹੱਥ ਮਿਲਾਇਆ, ਉਸਨੇ ਉਸੇ ਸਮੇਂ ਮੋਬਾਇਲ 'ਚ ਇੰਗਲਿਸ਼ 'ਚ ਕੁੱਝ ਲਿਖ ਪੜ੍ਹਣ ਲਈ ਕਿਹਾ–

'ਸੋ ਵੀ ਆਰ ਗੋਇੰਗ ਟੂ ਅਲਬਾਨੀਆ...?'

ਉਹ ਮੁਸਕੁਰਾਈ ...।

ਉੱਥੇ ਹੀ ਇਕ ਇਟਲੀ ਵਾਲੀ ਅਤੇ ਇਕ ਲੱਦਾਖੀ ਵੀ ਸੀ ਜਿਨ੍ਹਾਂ ਨੂੰ ਇੰਗਲਿਸ਼ ਨਹੀਂ ਸੀ ਆਉਂਦੀ। ਬਾਅਦ ਵਿਚ ਬੜੀ ਦਿਲਚਸਪ ਗੱਲ ਹੋਈ, ਉਹ ਦੋਹੇਂ ਫ਼ੋਨ 'ਤੇ ਇੰਗਲਿਸ਼ ਦਾ ਅਨੁਵਾਦ ਆਪਣੀ ਆਪਣੀ ਭਾਸ਼ਾ 'ਚ ਟਾਈਪ ਕਰ ਕੇ ਵਿਖਾਉਂਦੇ।

*****

ਹਵਾਈ ਜਹਾਜ਼ ਇਕ ਘੰਟਾ ਲੇਟ ਸੀ।

ਉਦੋਂ ਹੀ ਉਸਦਾ ਮੋਬਾਇਲ ਖੜਕਿਆ। ਸੁਦਰਸ਼ਨ ਸੀ – ਮੇਰੀ ਫਲਾਈਟ ਮਿਸ ਹੋ ਗਈ – ਕਿਸੇ ਕਾਰਨ। ਸ੍ਰੀਨਗਰ ਤੋਂ ਹੁਣ ਫਲਾਈਟ ਦੋ ਦਿਨਾਂ ਬਾਅਦ ਹੀ ਆਉਣੀ– ਸਾੱਰੀ-ਸਾੱਰੀ-ਅਲਬਾਨੀਆ ਨਹੀਂ ਜਾ ਹੋਣਾ ਹੁਣ...।

'ਲਉ..ਸ਼ੁਰੂ ਹੋਣ ਤੋਂ ਪਹਿਲਾਂ ਹੀ ਕਹਾਣੀ ਖਤਮ ਹੋ ਗਈ।'

ਸ੍ਰੀ ਅਰਵਿੰਦੋ ਨੂੰ ਉਹ ਆਪਣੇ ਨਾਲ ਹੀ ਲੈ ਗਿਆ। ਕੋਈ ਗੱਲ ਨਹੀਂ – ਉੱਥੇ ਹੋਰ ਕਈ ਚਿੰਤਕ ਹੋਣੇ। ਫੇਰ ਉਸ ਸੋਚਿਆ 'ਕੀ ਸੱਚਮੁੱਚ ਕੋਈ ਕਹਾਣੀ ਨਹੀਂ ਸੀ ਸ਼ੁਰੂ ਹੋਈ ...??'

ਉਹ ਉਸਦੇ ਦਿਲੋ-ਦਿਮਾਗ਼ 'ਤੇ ਛਾਇਆ ਰਿਹਾ।

*****

ਅਲਬਾਨੀਆ ਵਿਚ ਉਹ ਉਸਨੂੰ ਵਟਸਅਪ 'ਤੇ ਲੱਭਦਾ ਰਿਹਾ –ਤੇ ਤੰਗ ਕਰਦਾ ਰਿਹਾ– ਹੁਣ ਕੀ ਹੋ ਰਿਹਾ? ਕਿਸ ਤਰ੍ਹਾਂ ਦਿੱਸਦੇ ਹੋ – ਉਮਰ ਕਿੰਨੀ ਹੈ– ਫੋਟੋ 'ਚ ਤਾਂ ਯੰਗ ਨਹੀਂ ਦਿੱਸਦੇ ਵਗ਼ੈਰਾ ਵਗ਼ੈਰਾ ..??

'ਇਵੇਂ ਕਰਦੇ ਹਾਂ ਤੂੰ ਪੰਚਕੂਲਾ ਆ ਕੇ ਫਿਲਾਸਫੀ ਝਾੜੀਂ।'

'ਉਹ! ਪੰਚਕੂਲਾ ਰਹਿੰਦੇ ਹੋ..ਸ੍ਰੀਨਗਰ ਤਾਂ ਬਹੁਤ ਦੂਰ ਹੈ। ਮੇਰੀ ਤਾਂ ਤਨਖਾਹ ਵੀ ਘੱਟ ਹੈ' ..ਫੇਰ ਸ਼ਰਾਰਤ ਨਾਲ ਹੱਸਿਆ..'ਜੇਕਰ ਇਸ਼ਕ ਹੋ ਗਿਆ ਤਾਂ ਆਵਾਂਗਾ.. ਫੇਰ ਤਾਂ ਆਉਣਾ ਹੀ ਪਊ' ਕਹਿੰਦਾ ਕਾਫ਼ੀ ਦੇਰ ਤਕ ਹੱਸਦਾ ਰਿਹਾ। ਮੈਨੂੰ ਵੀ ਉਸਦਾ ਹਾਸਾ ਦੂਰ ਦੂਰ ਤਕ ਸੁਣਦਾ ਰਿਹਾ।

'ਬੇਵਕੂਫ ਹੈ, ਸ਼ਤਰੰਜ ਸਜੀ ਨਹੀਂ ਤੇ ਘੋੜੇ ਪਹਿਲਾਂ ਹੀ ਦੋੜਨ ਲੱਗ ਪਏ। ਵੇਖਦੇ ਹਾਂ ਏਸ ਪਿਆਦੇ ਨੂੰ ਜੋ ਬਾਦਸ਼ਾਹ ਹੋਣ ਦਾ ਭਰਮ ਪਾਲ ਬੈਠਾ ਹੈ ...।'

*****

ਇਨ੍ਹਾਂ ਚਾਰ ਦਿਨਾਂ ਬਾਅਦ, ਪੰਜਵੇਂ ਦਿਨ ਵਾਪਸ ਆਪਣੇ ਆਪਣੇ ਘਰਾਂ ਨੂੰ ਜਾਣ ਲਈ ਅਸੀਂ ਸਾਰੇ ਦਿੱਲੀ ਏਅਰਪੋਰਟ 'ਤੇ ਲੱਥੇ।।

ਇਟਲੀ ਅਤੇ ਲੱਦਾਖੀ ਦੋਹੇਂ ਆਪਣੀ ਬਾਡੀ ਲੈਂਗੂਏਜ ਰਾਹੀਂ ਇਕ ਦੂਜੇ ਦੇ ਪਹਿਲੂਆਂ ਨੂੰ ਛੂਹ ਰਹੇ ਸਨ।

ਟੈਕਸੀ ਆਉਣ ਦਾ ਸਮਾਂ ਮਿੱਥਿਆ ਹੋਇਆ ਸੀ, ਉਸਦਾ ਫ਼ੋਨ ਰੀ-ਚਾਰਜ ਹੋਣ ਵਾਲਾ ਸੀ।

ਬਾਹਰ, ਪੰਚਕੂਲਾ ਲਈ ਪ੍ਰੀ-ਪੇਡ ਟੈਕਸੀ ਉਸਦਾ ਇੰਤਜ਼ਾਰ ਕਰ ਰਹੀ ਸੀ। ਸਾਰਿਆ ਨੂੰ ਬਾਇ ਕਹਿਣ ਤੋਂ ਬਾਅਦ, ਟੈਕਸੀ 'ਚ ਬੈਠਦੇ ਹੀ, ਫ਼ੋਨ ਚਾਰਜ ਲਈ ਲਾ ਦਿੱਤਾ।

ਥਕਾਵਟ ਕਿਤੇ ਨਹੀਂ ਸੀ– ਨੀਂਦ ਵੀ ਨਹੀਂ ਸੀ .... ਕਾਰ 'ਚ ਬੈਠਦੇ ਹੀ, ਅਲਬਾਨੀਆ ਦੇ ਛੋਟੇ ਜਿਹੇ ਪਿੰਡ ਦੀਆਂ ਪਹਾੜੀਆਂ 'ਚ ਉਹ ਘੁੰਮ ਰਹੀ ਸੀ।

ਫ਼ੋਨ ਚਾਰਜ ਹੁੰਦੇ ਹੀ, ਉਸਨੇ ਫ਼ੋਨ ਆੱਨ ਕੀਤਾ।

ਫ਼ੋਨ ਉੱਛਲ਼ਿਆ ਤੇ ਟੰਨ ਟੰਨ ਕਰਦੇ ਹੀ ਘੱਟੋ ਘੱਟ ਪੰਜਾਹ ਮਿਸ ਕਾਲਾਂ ਸਨ, ਉਹ ਵੀ 'ਸ਼ਾਈਨੀ' ਦੀਆਂ... ਕੁੱਝ ਵਟਸਅਪ 'ਤੇ... 'ਹਲੋ..ਵੇਅਰ ਯੂ'...ਮੈਸੇਂਜਰ 'ਤੇ ਵੀ ...।

'ਕੀ ਹੋ ਗਿਆ ਇਹ ਕਿਤੇ ਮੈਂਟਲ ਜਾਂ ਕਿਸੇ ਮਾਨਸਿਕਤਾ ਦਾ ਸ਼ਿਕਾਰ ਤਾਂ ਨਹੀਂ..??' ਡਰ ਗਈ ਉਹ। ਸ਼ਾਈਨੀ ਨੂੰ ਫ਼ੋਨ ਨਹੀਂ ਕੀਤਾ। ਇਸ ਦੌਰਾਨ ਉਸ ਦਾ ਫ਼ੋਨ ਵੀ ਨਹੀਂ ਆਇਆ। ਘਰ ਦੱਸ ਦਿੱਤਾ ਕਿ ਉਹ ਪਹੁੰਚ ਰਹੀ ਹੈ।

*****

ਘਰ ਵੀ ਕੀ ਸੀ - ਵਸੇਬਾ -। ਖਸਮ ਨਾਂ ਦੇ ਬੰਦੇ ਨੂੰ ਤਾਂ ਅਲੋਪ ਹੋਏ ਘੱਟੋਂ ਘੱਟ ਛੇ ਸੱਤ ਵਰ੍ਹੇ ਹੋ ਗਏ ਨੇ। ਲੱਭਦੇ ਹੋਏ ਜਦੋਂ ਹਾਰ ਹੀ ਮੰਨ ਲਈ ਤਾਂ ਅਚਾਨਕ ਉਸਨੂੰ ਬਿਨਾਂ ਡਾਕ-ਪਤੇ ਦੇ ਇਕ ਖਤ ਮਿਲਿਆ, ਨੀਲੇ ਰੰਗ ਦੇ ਵਰਕੇ 'ਤੇ ਛੋਟੇ ਛੋਟੇ ਅੱਖਰਾਂ ਨਾਲ ਲਿਖਿਆ ਹੋਇਆ ਸੀ ....'ਤਲਾਸ਼ ਨਾ ਕਰੀਂ, ਨਹੀਂ ਮਿਲਾਂਗਾ..।' ਅੰਤਮ ਵਿਦਾ - 'ਕਦੇ ਸੀ ਤੇਰਾ...।'

ਪੜ੍ਹ ਕੇ ਠਠੰਬਰ ਗਈ ਪਹਿਲਾਂ ਤਾਂ - ਫੇਰ ਹੱਸ ਪਈ।

ਇਹ ਪਹਿਲਾਂ ਹੀ ਦੱਸ ਦਿੰਦਾ। ਉਸਨੂੰ ਪਤਾ ਹੈ ਉਹ ਗੋਰੀ ਉਸਨੂੰ ਕੱਢ ਕੇ ਲੈ ਗਈ ਹੈ।

ਗ਼ਜ਼ਬ ਦਾ ਚਿੰਤਕ ਸੀ ਉਸਦੇ ਪਤੀ ਨਾਂ ਦਾ ਮਰਦ-ਓਸ਼ੋ ਦਾ ਭਗਤ। ਇੱਥੇ ਹੀ ਕਰਨਾਲ 'ਚ ਓਸ਼ੋ ਦੀ 'ਸਪੀਚ' ਵੇਲ਼ੇ ਉਸਨੂੰ ਉਹ 'ਗੋਰੀ' ਮਿਲੀ ਸੀ। 'ਸੋਹਣੀ' ਦਾ ਤਾਂ ਮੋਹਭੰਗ ਹੋ ਗਿਆ ਸੀ ਜਾਂ ਉਹ ਵਾਰ ਵਾਰ ਜਾਣ ਕਾਰਨ ਥੱਕ ਗਈ ਸੀ, ਪਰੰਤੂ ਉਸਦੇ ਪਤੀ ਨੇ ਉੱਥੇ ਜਾਣਾ ਨਹੀਂ ਸੀ ਛੱਡਿਆ।

*****

ਓਸ਼ੋ ਦੇ ਬਿਆਨ ਨੇ ਉਸ ਨੂੰ ਸੁਝਾਅ ਦਿੱਤਾ 'ਜੋ ਵਿਅਕਤੀ ਤੁਹਾਨੂੰ ਵਾਰ ਵਾਰ ਮਿਲਦਾ ਹੈ, ਉਸਦਾ ਕਰਜ਼ਾ ਨਿਪਟਾਣਾ ਹੈ, ਤਾਂ ਉਹ ਜੋ ਕਹਿੰਦਾ ਹੈ ਸੁਣ ਲਉ। ਜੋ ਉਹ ਕਰਦਾ ਹੈ ਕਰਨ ਦਿਉ। ਥੱਪੜ ਵੀ ਮਾਰਨਾ ਚਾਹੇ ਖਾ ਲਉ। ਉਸ ਨੂੰ ਜਵਾਬ ਨਾ ਦਿਉ, ਪਲਟ ਕੇ ਫਿਰ ਕਰਜ਼ਦਾਰ ਨਾ ਹੋਵੋ। ਉਹ ਤੁਹਾਡੇ ਤੋਂ ਛੁੱਟ ਜਾਵੇਗਾ ...।'

ਅਤੇ ਇਹ ਪਤੀ ਨਾਮ ਵਾਲਾ ਆਦਮੀ ਉਸ ਤੋਂ ਛੁੱਟ ਗਿਆ। ਉਹ ਇਕ ਚਿੰਤਕ ਤਾਂ ਨਹੀਂ ਬਣ ਸਕੀ, ਪਰ ਆਪਣਾ ਸਮਾਂ ਬਿਹਤਰ ਢੰਗ ਨਾਲ ਲੰਘਾਉਂਦੀ ਹੈ। ਪਾਰਟ ਟਾਈਮ ਨੌਕਰੀ ਹੈ, ਖਰਚਾ ਚਲ ਜਾਂਦਾ ਹੈ। ਰਿਅਲ ਅਸਟੇਟ ਪਤੀ ਅਤੇ ਪਤੀ ਦੇ ਨਾਮ 'ਤੇ ਇਕ ਵੱਡਾ ਫਲੈਟ ਹੈ। ਖੁਸ਼ ਹੈ ਉਹ...। ਲੋਕ ਫਲਰਟ ਵੀ ਕਰਦੇ ਹਨ। ਉਹ ਵੀ ਜਾਣਬੁੱਝ ਕੇ ਫਲਰਟ ਹੋ ਜਾਂਦੀ ਹੈ ਅਤੇ ਫਲਰਟ ਕਰਨ ਤੋਂ ਝਿਜਕਦੀ ਨਹੀਂ ਹੈ। ਉਹ ਜਾਣਦੀ ਹੈ, ਸ਼ਾਈਨੀ ਵੀ ਫਲਰਟ ਕਰਨਾ ਚਾਹੁੰਦਾ ਹੈ। ਉਹ ਆਪਣੇ ਆਪ ਹੱਸ ਪੈਂਦੀ ਹੈ। ਸ਼ਾਈਨੀ ਛਾਇਆ ਹੋਇਆ ਹੈ।

*****

ਸ਼ਾਈਨੀ ਦੇ ਹਾਲਾਤ ਅਜਿਹੇ ਸਨ ਕਿ ਉਹ ਦੋ ਕਿਸ਼ਤੀਆਂ ਦਾ ਸ਼ਿਕਾਰ ਸੀ। ਸ੍ਰੀਨਗਰ ਦੇ ਰੈਣਾਵਾੜੀ ਵਿਖੇ ਰਹਿੰਦਿਆਂ, ਉਹ ਸ੍ਰੀਨਗਰ ਦੇ ਕਾਲਿਜ ਵਿਚ ਅਸਿਸਟੈਂਟ ਪ੍ਰੋਫੈਸਰ ਸੀ। ਮਾਂ-ਬਾਪ ਦਹਿਸ਼ਤਗਰਦੀ ਦਾ ਸ਼ਿਕਾਰ ਹੋਣ ਤੋਂ ਬਚ ਕੇ ਆਪਣੇ ਬਿਮਾਰ ਡਾਉਨ ਸਿੰਡਰੋਮ ਪੀੜਤ ਛੋਟੇ ਬੇਟੇ ਨਾਲ ਜੰਮੂ ਰਹਿ ਰਹੇ ਸਨ।

ਸ਼ਾਈਨੀ ਆਪਣੀ ਜਮਾਤ ਦੇ ਲੋਕਾਂ ਲਈ ਲੰਬੀ ਲੜਾਈ ਲੜਨ ਵਿਚ ਜੁਟਿਆ ਹੋਇਆ ਸੀ, ਇਸ ਕਾਰਨ ਕਸ਼ਮੀਰ ਨਹੀਂ ਛੱਡਣਾ ਚਾਹੁੰਦਾ ਸੀ। ਉਜੜੇ ਹੋਏ ਲੋਕ ਦੇਸ਼ ਵਿਦੇਸ਼ਾਂ ਵਿਚ ਖਿਲਰ ਗਏ ਸਨ।

ਸ਼ਾਈਨੀ ਜਿੰਨਾ ਭਾਵੁਕ ਹੈ, ਉਨਾ ਹੀ ਸੰਘਰਸ਼ਸ਼ੀਲ ਹੈ, ਆਪਣੇ ਹੱਕ ਲਈ ਅੰਗਦ ਵਾਂਗ ਪੈਰ ਟਿਕਾਏ ਹੋਏ ਹਨ।

'ਮੇਰੇ ਦੋਸਤ ਕਸ਼ਮੀਰੀ ਪੰਡਤ ਹੀ ਨਹੀਂ, ਹੋਰ ਡੋਗਰੀ ਅਤੇ ਮੁਸਲਿਮ ਭਾਈਚਾਰੇ ਦੇ ਦੋਸਤ ਵੀ ਆਪਣੀ ਜਾਨ ਦੀ ਬਾਜ਼ੀ ਲਗਾ ਕੇ ਇਹ ਮੁਹਿੰਮ ਚਲਾ ਰਹੇ ਹਨ। ਵੇਖਣਾ ਅਸੀਂ ਫੇਰ ਸਥਾਪਤ ਹੋਵਾਂਗੇ। ਉਜਾੜ ਨੂੰ ਫੇਰ ਹਰਾ-ਭਰਾ ਬਣਾ ਦੇਵਾਂਗੇ।'

"ਤੂੰ ਜੰਮੂ ਕਿਉਂ ਨਹੀਂ ਆ ਜਾਂਦਾ?"

"ਤੂੰ ਜੰਮੂ ਅਤੇ ਸ੍ਰੀਨਗਰ ਯੂਨੀਵਰਸਿਟੀ ਦੀ ਸਥਿਤੀ ਨੂੰ ਤਾਂ ਜਾਣਦੀ ਹੀ ਹੈਂ।"

ਉਸ ਦੇ ਲਹਿਜੇ ਵਿਚੋਂ ਦਰਦ ਟਪਕ ਰਿਹਾ ਸੀ, ਫਿਰ ਇਕਦਮ ਹੱਸਦਿਆਂ ਕਹਿੰਦਾ, “ਅਰੇ, ਛੱਡੋ, ਜੇ ਜੰਮੂ ਆ ਗਿਆ ਤਾਂ ਕਸ਼ਮੀਰ ਦੇ ਨਜ਼ਾਰੇ, ਡਲ ਝੀਲ ਦੇ ਪਾਣੀ ਵਿਚ ਤੈਰਦੇ ਖੇਤ, ਕੋਇਲ, ਮੋਰ, ਬੱਤਖਾਂ ਨੂੰ ਕਿਵੇਂ ਯਾਦ ਕਰਾਂਗਾ?”

‘ਜੇ ਤੂੰ ਆਵੇਂ, ਤਾਂ ਮੈਂ ਤੈਨੂੰ ਬਦਾਮੀ ਕੇਸਰੀ ਕਾਹਵੇ ਨਾਲ ਲੱਦ ਦਿਆਂਗਾ ਜਾਂ ਗੁਲਾਬੀ ਚਾਹ ਪਿਲਾਵਾਂਗਾ, ਤਿਲਵੜਿਆਂ ਦੇ ਨਾਲ ਜਾਂ ਵਾਰੀ ਮੋਠ ਜਾਂ ਹੋਗੜੇ ...

‘ਨਹੀਂ, ਛੱਡ ਰਹਿਣ ਦੇ..’

‘ਜੰਨਤੇ ਕਸ਼ਮੀਰ, ਕਸ਼ਯਪ ਰਿਸ਼ੀ ਦੀ ਤਪ ਭੂਮੀ, ਕੱਲਹਣ ਦੀ ਗਜ ਤਰੰਗਿਨੀ, ਕਾਲੀਦਾਸ ਦੀ ਮੇਘਦੂਤ, ਮੁਗ਼ਲਾਂ ਦੀ ਅਰਾਮਗਾਹ, ਸ਼ੰਕਰਾਚਾਰੀਆ ਦੀ ਸਾਧਨਾ ਪੀਠ ਅਤੇ ਕੇਸਰ, ਟੇਸੂ, ਗੁਲਾਣਾ...ਕੀ ਕੀ ਗਿਣਾਵਾਂ? ਨਹੀਂ ਛੁੱਟਦਾ ਇਹ ਸਭ।’ ਉਸਨੇ ਪਹਿਲੀ ਵਾਰ ਉਸਨੂੰ ਨਾਂ ਨਾਲ ਸੱਦਿਆ।

‘ਤੂੰ ਜਾਣਦੀ ਹੈਂ, ਅੱਜ ਵੀ ਜਦੋਂ ਝੀਲ ਦੇ ਪਾਣੀ ਵਿਚ ਸ਼ਿਕਾਰਾ ਉਤਾਰਿਆ ਜਾਂਦਾ ਹੈ, ਸਾਰੇ ਰਿਸ਼ੀਆਂ- ਮੁਨੀਆਂ ਦੀ ਪੂਜਾ ਕੀਤੀ ਜਾਂਦੀ ਹੈ ...।’

ਇਸੇ ਤਰ੍ਹਾਂ ਕਦੇ ਉਹ ਉਦਾਸ, ਕਦੇ ਹੱਸਦਾ ਆਪਣੀ ਫਰਾਟੇਦਾਰ ਅੰਗਰੇਜ਼ੀ ਨਾਲ ਕਸ਼ਮੀਰ ਦੇ ਇਤਿਹਾਸ ਬਾਰੇ ਗੱਲਾਂ ਦੱਸਦਾ।

*****

ਸੋਹਣੀ ਉਸ ਨੂੰ ਮਿਲਣ ਲਈ ਉਤਸ਼ਾਹਤ ਹੁੰਦੀ ਗਈ।

ਸੋਹਣੀ ਸੋਚਦੀ ਹੈ- ‘ਇਹ ਕਿਹੋ ਜਿਹਾ ਹੋਵੇਗਾ, ਉਹ ਜਿਹੜਾ ਸਵਰਗ ਦੀ ਗੱਲ ਕਰਦਾ ਹੈ ਤੇ ਧਰਤੀ ‘ਤੇ ਰਹਿੰਦਾ ਹੈ ?’

ਸੋਹਣੀ ਨੇ ਦੱਸਿਆ ਸੀ ਕਿ ‘ਮੈਂ ਇਸ ਧਰਤੀ ‘ਤੇ ਰੀਂਗਦੀ ਇਕ ਜੀਅ ਹਾਂ ਬਸ ! ਮੈਂ ਬਸ ਜੀਅ ਰਹੀ ਹਾਂ ..।’

‘ਮੈਂ ਖ਼ੁਸ਼ ਹਾਂ। ਬੰਜਰ ਧਰਤੀ ‘ਤੇ ਬੀਜ ਲਗਾਉਣ ਵਾਲਾ ਭੱਜ ਗਿਆ ਸੀ, ਇਸ ਲਈ ਕੋਈ ਫੁੱਲ ਨਾ ਖਿੜਿਆ’। ਉਹ ਵੀ ਖਿੜਖਿੜਾ ਕੇ ਹੱਸਦੀ ਹੈ।

‘ਬੀਜ ਲਗਾਉਣ ਵਾਲਾ ਕਿਉਂ ਨਹੀਂ ਲੱਭਿਆ? ਚੱਲ ਸਾਥੀ ਹੀ ਲੈ ਲੈਂਦੀ’ – ਉਹ ਕਹਿੰਦਾ ਹੈ। ਉਸੇ ਵੇਲੇ ਸੋਹਣੀ ਚੁੱਪ ਵੱਟ ਲੈਂਦੀ ਹੈ।

*****

ਦਸ-ਪੰਦਰਾਂ ਦਿਨਾਂ ਬਾਅਦ ਸ਼ਾਈਨੀ ਦਾ ਫਿਰ ਫ਼ੋਨ ਆਉਂਦਾ ਹੈ। ਉਸਨੇ ਸਮਾਂ ਵੇਖਿਆ, ਰਾਤ ਦਾ ਆਖ਼ਰੀ ਪਹਿਰ ਸੀ। ਦੋ- ਤਿੰਨ ਵਾਰ ਫੋਨ ਦੀ ਘੰਟੀ ਵੱਜਦੀ ਹੈ। ਦੁਖੀ ਹੋ ਕੇ ਉਸਨੇ ਚੁੱਕਿਆ।

‘ਇਹ ਕੀ ਹੈ ਸ਼ਾਈਨੀ, ਮੈਂ ਸੌਂ ਰਹੀ ਹਾਂ ...।’

‘ਮੇਰੀ ਨੀਂਦ ਉਡਾ ਕੇ ਤੂੰ ਕਿਵੇਂ ਸੌਂ ਸਕਦੀ ਹੈਂ? ਅੱਜਕੱਲ੍ਹ ਮੈਂ ਤੇਰੇ ਖਿਆਲਾਂ ਵਿਚ ਹੀ ਗੁੰਮਿਆ ਹੋਇਆਂ ਹਾਂ। ਤੂੰ ਇਕੱਲੀ ਹੈਂ ..ਮੈਂ ਵੀ ਤਾਂ ਕਿਸੇ ਦੀ ਤਲਾਸ਼ ਕਰ ਰਿਹਾ ਹਾਂ ...’, ਉਸਨੇ ਬੋਝਲ ਨੀਂਦ ਦੇ ਝਰੋਖਿਆਂ ਵਿਚੋਂ ਤੱਕਿਆ।

‘ਇਹ ਤੂੰ ਕੀ ਕਹਿ ਰਿਹਾ ਹੈਂ, ਅਸੀਂ ਦੋਸਤ ਹਾਂ। ਮੈਂ ਤੁਹਾਥੋਂ ਚਾਰ ਪੰਜ ਵਰ੍ਹੇ ਵੱਡੀ ਹਾਂ...।’ – ਉਸਦਾ ਪਤੀ ਉਸ ਤੋਂ ਤਿੰਨ ਸਾਲ ਛੋਟਾ ਸੀ। ਉਸ ਦੀ ਜ਼ੁਬਾਨ ਲੜਖੜਾ ਜਾਂਦੀ ਹੈ।

‘ਫੇਰ ਕੀ ਹੋਇਆ? ਮੈਨੂੰ ਤੇਰੇ ਨਾਲ ਥੋੜ੍ਹਾ ਲਗਾਅ ਜਿਹਾ ਹੋ ਗਿਆ ਹੈ। ਜੇ ਮੈਂ ਤੇਰੇ ਨਾਲ ਗੱਲ ਨਹੀਂ ਕਰਦਾ ਤਾਂ ਮੈਨੂੰ ਚੈਨ ਨਹੀਂ ਪੈਂਦੀ ..ਵਾਂਟ ਟੂ ਟੈੱਲ..ਮੇਰੀ ਜ਼ਿੰਦਗੀ ਵਿਚ ਹੁਣ ਕੋਈ ਨਹੀਂ ...’, ਉਹ ਸਪਸ਼ਟ ਦੱਸਦਾ ਹੈ।

‘ਇਹ ਲਗਾਅ ਨਹੀਂ ਪਾਗਲਪਨ ਹੈ...ਆਪਣਾ ਕੋਈ ਹਾਣ ਕਿਉਂ ਨਹੀਂ ਲੱਭ ਲੈਂਦਾ?..ਵਿਹਲੜ ..ਖੇਡਣਾ ਚਾਹੁੰਦਾ ਹੈ। ਸਟੂਪਿਡ...।’

‘ਸੋਹਣੀ ...ਜਸਟ ਓਪਨ ਯੂਅਰ ਹਾਰਟ। ਦਿਮਾਗ਼ ਦਾ ਦੀਵਾ ਨਾ ਜਗਾ, ਦਿਲ ਵਿਚ ਰੋਸ਼ਨੀ

ਕਰ। ਸਾਨੂੰ ਇਕ ਦੂਜੇ ਦੀ ਜ਼ਰੂਰਤ ਹੈ। ਆਓ, ਤੂੰ ਪਲਾਨ ਤਾਂ ਕਰ, ਤੈਨੂੰ ਸ਼ਿਕਾਰੇ ਵਿਚ ਘੁਮਾਵਾਂ ਕਦੇ ...ਵੀ ਬੋਥ ਨੀਡ ਕੰਪਨੀ...।' ਹੱਸਦਾ ਹੈ ...।

'ਤੂੰ ਕਿਉਂ ਨਹੀਂ ਆਉਂਦਾ? ਇਹ ਕਾਹਲੀ ਕਿਉਂ? ਤੂੰ ਸਾਰੀਆਂ ਸੀਮਾਵਾਂ ਪਾਰ ਕਰਕੇ ਉੱਡ ਰਿਹਾ ਹੈਂ ..?'

ਸ਼ਾਈਨੀ ਨੇ ਆਪਣੀ ਅਸਮਰਥਾ ਦਰਸਾਈ - ਕੀ ਹੈ ਇਹ ਕਿ ਉਹ ਜੰਮੂ ਆ ਕੇ ਕਿਉਂ ਸ੍ਰੀਨਗਰ ਵਾਪਸ ਚਲਾ ਜਾਂਦਾ ਹੈ ? ਸੋਹਣੀ ਨੂੰ ਅਜੀਬ ਜਿਹਾ ਲੱਗਿਆ। ਉਹ ਡੂੰਘੀ ਨੀਂਦ ਵਿਚ ਸੌਂ ਜਾਂਦੀ ਹੈ।

*****

ਦੋ ਤਿੰਨ ਦਿਨ ਬਾਅਦ, ਰਾਤ ਦੇ ਦੋ ਵਜੇ, ਮੋਬਾਈਲ ਵਜਦਾ ਹੈ। ਸ਼ਾਈਨੀ ਦੀ ਆਵਾਜ਼ ਵਿਚ ਇਕ ਘਬਰਾਹਟ ਸੀ।

'ਪਲੀਜ਼ ਤੈਨੂੰ ਅੰਬਰਸਰ ਕੋਈ ਜਾਣਦਾ ?'

'ਮਤਲਬ ..?'

'ਕੋਈ ਅੱਖਾਂ ਦਾ ਸਪੈਸ਼ਲਿਸਟ...? ਮੇਰਾ ਛੋਟਾ ਭਰਾ ਹੈ ਨਾ, ਹੀ ਇਜ਼ ਸਫਰਿੰਗ ਫਰਾਮ ਡਾਊਨ ਸਿੰਡਰੋਮ...ਹੁਣ ਅਚਾਨਕ ਉਸਦੀ ਪੂਰੀ ਰੋਸ਼ਨੀ ਜਿਵੇਂ ਗ਼ਾਇਬ ਹੋ ਗਈ ਹੈ। ਮਾਈ ਪੂਅਰ ਚਾਈਲਡ.....'। ਅਤੇ ਉਹ ਸੁਬਕਦੇ ਰੋਣ ਲੱਗ ਪਿਆ।

ਸੋਹਣੀ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕੀ ਕਹੇ। ਜੰਮੂ ਦੇ ਡਾਕਟਰਾਂ ਨੂੰ ਦਿਖਾ ਕੇ ਪਰੇਸ਼ਾਨ ਹੋ ਗਿਆ ਸੀ। ਕਿਸੇ ਨੇ ਉਸਨੂੰ ਡਾਕਟਰ ਦਲਜੀਤ ਸਿੰਘ ਦੇ ਹਸਪਤਾਲ ਵਿਚ ਦਿਖਾਉਣ ਲਈ ਕਿਹਾ ਸੀ।

'ਠੀਕ ਹੈ, ਮੈਂ ਕੱਲ ਸਵੇਰੇ ਪੁੱਛ ਕੇ ਦੱਸਦੀ ਹਾਂ ...ਜਾਣਕਾਰ ਤਾਂ ਹੈਨ ...ਸਵੇਰ ਹੋਣ ਦੇ ..'

ਸੋਹਣੀ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਕੋਈ ਵੱਡਾ ਪੱਥਰ ਜ਼ੋਰ ਨਾਲ ਛਾਤੀ 'ਤੇ ਪਿਆ ਹੋਵੇ। ਸ਼ਾਈਨੀ ਨੇ ਕਦੇ ਵੀ ਇਸ ਤਰ੍ਹਾਂ ਦਾ ਕੁੱਝ ਨਹੀਂ ਸੀ ਦੱਸਿਆ, ਨਾ ਹੀ ਕਦੇ ਕੋਈ ਉਦਾਸੀ ਵਾਲੀ ਗੱਲ ਸਾਂਝੀ ਕੀਤੀ ਸੀ।

ਉਸਨੇ ਇਕ ਹਿਚਕੀ ਵਿਚ ਦੱਸਿਆ ਕਿ -'ਸੋਹਣੀ ਮੇਰੇ ਆਲ਼ੇ ਦੁਆਲ਼ੇ ਹਨੇਰਾ ਹੈ, ਦਹਿਸ਼ਤਗਰਦਾਂ ਤੋਂ ਡਰ ਕੇ ਮੇਰੇ ਮਾਂ- ਬਾਪ ਜੰਮੂ ਰੋਸ਼ਨੀ ਦੀ ਭਾਲ਼ ਵਿਚ ਰਹਿ ਰਹੇ ਹਨ। ਮੈਂ ਚੁੱਪ-ਚਾਪ ਤਾਰਿਆਂ ਨੂੰ ਗਿਣਦਾ ਹਾਂ ਅਤੇ ਇਕੱਲੇ ਦਿਨ ਰਾਤ ਸਫ਼ਰ ਕਰਦਾ ਹਾਂ। ਮੈਂ ਬ੍ਰਹਿਮੰਡ ਦੇ ਦਾਰਸ਼ਨਿਕਾਂ ਨਾਲ ਕੀ ਕਰਾਂ...? ਮੈਂ ਤਾਂ ਜੀਉਂਦਾ ਹਾਂ, ਪਰ ਆਪਣੇ ਆਲ਼ੇ ਦੁਆਲ਼ੇ ਦੇ ਇਨ੍ਹਾਂ ਟਿਮਟਿਮਾਂਦੇ ਦੀਵਿਆਂ ਨੂੰ ਕਿਵੇਂ ਬਚਾ ਕੇ ਰੱਖਾਂ, ਜੋ ਬੁਝ ਜਾਣਗੇ ...।'

ਉਸਦਾ ਪਰਿਵਾਰ ਸੰਕਟ ਵਿਚ ਸੀ। ਉਸਦੇ ਛੋਟੇ ਭਰਾ ਦੇ ਡਾਊਨ ਸਿੰਡਰੋਮ ਕਾਰਨ ਨਹੀਂ, ਬਲਕਿ ਅਚਾਨਕ ਉਸਦੀਆਂ ਅੱਖਾਂ ਦੇ ਅੱਗੇ ਹਨੇਰਾ ਛਾ ਜਾਣ ਕਾਰਨ, ਉਹ ਹਨੇਰੇ ਵਿਚ ਚਲਾ ਗਿਆ ਸੀ।

*****

ਸੋਹਣੀ ਨੇ ਅੰਮ੍ਰਿਤਸਰ ਵਿਖੇ ਆਪਣੇ ਜਾਣ-ਪਛਾਣ ਦੇ ਡਾਕਟਰਾਂ ਨਾਲ ਗੱਲ ਕੀਤੀ ਅਤੇ ਤਾਰੀਖ ਨਿਰਧਾਰਤ ਕੀਤੀ। ਸ਼ਾਈਨੀ ਨੇ ਕਿਹਾ, ਭਰਾ ਤਾਂ ਨਹੀਂ ਆ ਸਕਦਾ, ਪਰ ਮੈਂ ਉਸਦੀ ਮੈਡੀਕਲ ਰਿਪੋਰਟਾਂ ਦੀਆਂ ਫੋਟੋ ਕਾਪੀਆਂ ਨਾਲ ਲੈ ਆਵਾਂਗਾ। ਭਰਾ ਬਹੁਤ ਸੰਵੇਦਨਸ਼ੀਲ ਹੈ। ਉਹ ਜੰਮੂ ਤੋਂ ਅੰਮ੍ਰਿਤਸਰ ਦਾ ਸਫਰ ਕਿਵੇਂ ਕਰੇਗਾ? ਉਹ ਨਿਰਾਸ਼ ਜਿਹਾ ਹੋ ਗਿਆ।

ਉਹ ਵੀ ਜਿਵੇਂ ਉਸਦੇ ਸਾਰੇ ਦਰਦ ਨੂੰ ਵੰਡਣਾ ਚਾਹੁੰਦੀ ਸੀ। ਉਹ ਵੇਖਣਾ ਚਾਹੁੰਦੀ ਸੀ ਕਿ ਉਸਦਾ ਚਿਹਰਾ ਕਿਸ ਤਰ੍ਹਾਂ ਦਾ ਹੋਵੇਗਾ, ਜੋ ਐਨੇ ਸਾਰੇ ਦੁੱਖਾਂ ਦੇ ਬਾਵਜੂਦ ਰੋਮਾਂਸ ਵਿਚ ਸਾਹ ਲੈ ਰਿਹਾ ਹੈ। ਉਸਦੀ ਨਬਜ਼ ਜਿਵੇਂ ਹੋਰਾਂ ਨੂੰ ਜ਼ਿੰਦਗੀ ਪ੍ਰਦਾਨ ਕਰ ਰਹੀ ਸੀ। ਉਸਦੇ ਪ੍ਰਤੀ ਜੋ ਵੀ ਨਕਾਰਾਤਮਕ ਵਿਚਾਰ ਸਨ, ਉਹ ਸਾਰੇ ਅਸਮਾਨ ਤੋਂ ਡਿਗਦੇ ਤੁਪਕਿਆਂ ਨਾਲ ਧੋਤੇ ਗਏ। ਉਸ ਨੂੰ ਮਿਲਣ ਦੀ

ਤੀਬਰ ਇੱਛਾ ਜਾਗ ਗਈ।

ਸਵੇਰੇ 6 ਵਜੇ ਉਹ ਜੰਮੂ ਤੋਂ 'ਵੋਲਵੋ' ਬੱਸ ਵਿਚ ਅੰਮ੍ਰਿਤਸਰ ਲਈ ਰਵਾਨਾ ਹੋਇਆ।

ਉਹ ਵੀ ਸਵੇਰੇ 6 ਵਜੇ ਚੰਡੀਗੜ੍ਹ ਵੋਲਵੋ ਤੋਂ ਅੰਮ੍ਰਿਤਸਰ ਲਈ ਰਵਾਨਾ ਹੋਈ। ਇਕੋ ਸਮੇਂ ਅਤੇ ਅੱਗੇ ਪਿੱਛੇ। ਥੋੜ੍ਹੀ ਥੋੜ੍ਹੀ ਦੇਰ ਬਾਅਦ ਦੋਵੇਂ ਇਕ ਦੂਜੇ ਨੂੰ ਫ਼ੋਨ 'ਤੇ ਪੁੱਛਦੇ ਰਹੇ। ਉਹ ਕਿੱਥੇ ਪਹੁੰਚ ਗਏ ਹਨ? ਉਹ ਬਹੁਤ ਥੱਕਿਆ ਹੋਇਆ ਸੀ ਅਤੇ ਸੌਂ ਗਿਆ। ਨੀਂਦ ਤਾਂ ਉਦੋਂ ਹੀ ਉਡ ਗਈ ਸੀ ਜਦੋਂ ਉਸਨੇ ਮਾਸੂਮੀਅਤ ਨਾਲ ਆਪਣੇ ਭਰਾ ਅਤੇ ਮਾਪਿਆਂ ਦੇ ਦਰਦ ਨੂੰ ਆਪਣੇ ਮੋਢੇ 'ਤੇ ਚੁੱਕਣ ਬਾਰੇ ਗੱਲ ਕੀਤੀ। ਅੱਜ ਦਾ ਸ਼ਰਵਣ ਕੁਮਾਰ ਸੀ ਉਹ।

ਸੁਫਨਿਆਂ ਬਗ਼ੈਰ ਕਸ਼ਮੀਰੀ ਨੌਜਵਾਨ, ਬਸ ਠੋਕਰਾਂ ਖਾਂਦਾ ਅੱਗੇ ਵਧ ਰਿਹਾ ਸੀ। ਅਸਥਾਈ ਨੌਕਰੀ, ਔਰਬਿੰਦੋ, ਵਿਵੇਕਾਨੰਦ ਅਤੇ ਬਹੁਤ ਸਾਰੇ ਚਿੰਤਕਾਂ ਨੂੰ ਆਪਣੇ ਮੱਥੇ ਦੀ ਤੀਜੀ ਅੱਖ ਵਿਚ ਸਮੇਟੇ, ਸਥਾਈ- ਅਸਥਾਈ, ਇਨਸਾਫ- ਬੇਇਨਸਾਫੀ ਵਿਚ ਡੁੱਬਦੇ ਆਪਣੇ ਸੂਬੇ, ਇਲਾਕੇ, ਆਪਣੇ ਸਟੇਟ ਦੀ ਭਲਾਈ ਲਈ ਇਕ ਲੰਮੀ ਲੜਾਈ ਲੜ ਰਿਹਾ ਸੀ।

*****

ਅੰਮ੍ਰਿਤਸਰ ਦਾ ਬੱਸ ਸਟੈਂਡ – ਮਾਈ ਗਾਡ! 'ਕੱਲੀ ਤੀਵੀਂ ਤੇ ਉਡੀਕ' – ਅਗਾਂਹ ਪਿਛਾਂਹ ਚੱਕਰ ਲਾਉਂਦੇ ਸੁੰਘਦੇ ਚੰਗੇ ਭਲੇ ਦਿਸਣ ਵਾਲੇ ਨੌਜਵਾਨ। ਹੈਰਾਨ – ਇਹ ਛਿਣ ਕਿਸੇ ਤਰ੍ਹਾਂ ਗੁਜ਼ਰ ਜਾਵੇ – ਵੇ ਰੱਬਾ ਉਹ ਛੇਤੀ ਈ ਬਹੁੜ ਪਵੇ – ਸ਼ਾਈਨੀ ! ਉਸਨੇ ਇੱਥੇ ਹੀ ਤਾਂ ਆਉਣਾ ਸੀ ..? ਇਕ ਕਾਨੇ ਵਰਗਾ ਲੰਮਾ ਜਿਹਾ ਨੌਜਵਾਨ ਦੋ ਤਿੰਨ ਵਾਰ ਉਹਦੇ ਮੂਹਰੇ ਤੋਂ ਲੰਘਿਆ। ਪਹਿਲੀ ਵਾਰ ਹੀ ਉਸਨੇ ਸੋਹਣੀ ਨੂੰ ਮਿਲ਼ਨਾ ਸੀ। ਕੁੱਝ ਕੁੱਝ ਉਹ ਸ਼ਾਈਨੀ ਵਰਗਾ ਹੀ ਜਾਪਿਆ ਕਿ ਉਸੇ ਵੇਲੇ ਉਸਨੇ ਉਸਨੂੰ 'ਵਾਜ ਦਿੱਤੀ –

'ਕਿੰਨੀ ਦੇਰ ਤੋਂ ਉਡੀਕ ਰਹੀ ਹੈਂ ?' ਉਸਨੇ ਪਿਛਾਂਹ ਪਰਤ ਕੇ ਵੇਖਿਆ। ਉਹੀਓ ਨੌਜਵਾਨ ਸੀ, ਉਸਨੇ ਵੀ ਸੋਹਣੀ ਦੀ ਫੋਟੋ ਹੀ ਵੇਖੀ ਸੀ ...।

'...ਤਾਂ ਅੱਜ ਫੋਟੋ ਦਾ ਫੋਟੋ ਨਾਲ ਮੇਲ ਹੋ ਰਿਹਾ ਸੀ?

ਉਹ ਹੱਸੀ ..। ਉਹ ਵੀ ਕੁੱਝ ਸੋਚ ਕੇ ਹੱਸਿਆ।

ਉਹ ਆਮ ਕਸ਼ਮੀਰੀਆਂ ਤੋਂ ਹਟ ਕੇ ਸੀ। ਲੰਮੀ ਤਿੱਖੀ ਨੱਕ, ਰੰਗ ਮਾੜਾ ਜਿਹਾ ਗੰਦਮੀ, ਦੰਦ ਕਪਾਹ ਵਰਗੇ ਸਫ਼ੈਦ, ਬੁੱਲ੍ਹ ਪਤਲੇ, ਵਾਲ਼ ਜਿਵੇਂ ਕੈਂਚੀ ਮਾਰੀ ਹੋਵੇ, ਕੰਨ ਸੁਚੇਤ ਅਤੇ ਅੱਖਾਂ 'ਚ ਇਕ ਵਿਸ਼ੇਸ਼ ਚਮਕ।

'ਤੂੰ ਤਾਂ ਮੇਰੇ ਬਰਾਬਰ ਦੀ ਲਗਦੀ ਹੈਂ – ਟੀਪੀਕਲ ਪੰਜਾਬੀ..ਸ਼ਾਈਨੀ ਨੇ ਉਸਦੀਆਂ ਅੱਖਾਂ 'ਚ ਅੱਖਾਂ ਪਾ ਕੇ ਵੇਖਿਆ।

'.. ਤੇ ਤੂੰ ਤਾਂ ਮਿਕਸ ਬਰੀਡ ਲਗਦਾਂ ..।'

ਉਹ ਤ੍ਰਭਕਿਆ, ' ਮਤਲਬ ..।'

'ਮਤਲਬ – ਮੈਂ ਸਮਝੀ ਸਾਂ ਕਿ ਤੂੰ ਗੋਰਾ- ਚਿੱਟਾ ਹੋਵੇਂਗਾ?

ਤੂੰ ਤਾਂ ਬਾਹਮਣ ਹੋ ਕੇ ਵੀ ਬਨੀਆ ਲਗਦਾਂ..ਕੀ ਗੱਲ ਹੈ?'..ਉਹ ਖਿੜਖਿੜਾਈ। ਉਹ ਚੁੱਪ-ਚਾਪ ਅਗਾਂਹ ਵਧਿਆ।

ਸਮਾਂ ਨਹੀਂ ਸੀ। ਉਨ੍ਹਾਂ ਦੋਹਾਂ ਨੇ ਵਾਪਸ ਵੀ ਜਾਣਾ ਸੀ ਅਤੇ ਤਿੰਨ ਚਾਰ ਅੱਖਾਂ ਦੇ ਹਸਪਤਾਲਾਂ 'ਚ ਸਾਰੀਆਂ ਰਿਪੋਰਟਾਂ ਵੀ ਵਿਖਾਉਣੀਆਂ ਸਨ।

ਬਾਜ਼ਾਰ ਬਿਲਕੁਲ ਸੁਨਮਸਾਂ ਸੀ। ਉਹ ਹੈਰਾਨ ਹੋਈ ਅੰਮ੍ਰਿਤਸਰ ਦੀ ਰੌਣਕ ਕਿੱਥੇ ਗਈ ..? ਪੁੱਛਣ 'ਤੇ ਪਤਾ ਚੱਲਿਆ – ਅੱਜ 'ਘੱਲੂਘਾਰਾ ਦਿਹਾੜਾ' ਹੈ। ਓਹ! ਉਹ ਦੋਹੇਂ ਡਰ ਗਏ। ਚਾਰੇ ਪਾਸੇ ਪੁਲਿਸ ਹੀ ਪੁਲਿਸ ....।

ਉਹ ਦੋਵੇਂ ਇਕ ਦੂਜੇ ਤੋਂ ਵਿੱਥ ਪਾ ਕੇ, ਆਪਣੇ 'ਅਦ੍ਰਿਸ਼ ਓਰਾ' ਵਿਚ ਬੰਨ੍ਹੇ ਹੋਏ, ਇੱਥੋਂ ਉੱਥੇ, ਕਦੇ ਆਟੋ, ਕਦੇ ਰਿਕਸ਼ਾ 'ਤੇ ਜਾਂਦੇ ਅਤੇ ਹਸਪਤਾਲ ਤੋਂ ਠੀਕ ਤਿੰਨ ਵਜੇ ਫ੍ਰੀ ਹੋ ਗਏ।

ਕਿਤੇ ਕੋਈ ਚਾਹ-ਢਾਬਾ, ਦੁਕਾਨ ਜਾਂ ਮਾਲ ਨਹੀਂ ਸੀ। ਅੱਜ ਸਾਰਾ ਕੁਸ਼ ਬੰਦ ਸੀ। ਦੋਹਾਂ ਨੇ ਹੁਣ ਤਕ ਨਾ ਕੁੱਝ ਖਾਧਾ ਨਾ ਪੀਤਾ। ਇਕ ਦੂਜੇ ਨੂੰ ਵੇਖਣ ਦੀ ਲਾਲਸਾ ਵਿਚ, ਉਹ ਦੋਹੇਂ ਇਕ ਦੂਜੇ ਤੋਂ ਨਜ਼ਰਾਂ ਚੁਰਾ ਰਹੇ ਸਨ।

ਸ਼ਾਈਨੀ ਬਹੁਤ ਖ਼ਾਮੋਸ਼ ਸੀ ਤੇ ਰਹੱਸਮਈ ਲੱਗ ਰਿਹਾ ਸੀ। ਉਹ ਹੀ ਕਦੇ ਕਦੇ ਵਿਚ ਦੀ ਹੱਸ ਪੈਂਦੀ ਜਾਂ ਕੋਈ ਮਜ਼ਾਕੀਆ ਗੱਲ ਛੇੜ ਦਿੰਦੀ।

'ਕਿੰਨੀਆਂ ਸਾਰੀਆਂ ਗੱਲਾਂ ਕਰਨੀਆਂ ਹਨ' - ਉਹ ਸੋਚ ਕੇ ਆਈ ਸੀ। ਪਰ, ਸਵੇਰ ਦੀਆਂ ਕਿਰਣਾਂ ਸ਼ਾਮ ਵੇਲੇ ਮੱਧਮ ਪੈ ਗਈਆਂ ਸਨ। ਉਸਨੂੰ ਪਤਾ ਸੀ - ਅਜਨਬੀ ਹੀ, ਅਜਨਬੀ ਰਾਹਾਂ 'ਤੇ ਮਿਲਦੇ ਨੇ, ਇਕ ਸੰਨਾਟਾ ਬੁਣਨ ਲਈ, ਕੁੱਝ ਛਿਣਾਂ ਲਈ ਅਤੇ ਮੁੜ ਪੈਂਦੇ ਨੇ, ਇਕ ਦੂਜੇ ਲਈ ਅਜਨਬੀ ਬਣ ਕੇ - ਅਜਨਬੀ ਰਾਹਾਂ 'ਤੇ ...।

ਜੁਦਾ ਹੋਣ ਦਾ ਸਮਾਂ ਆ ਗਿਆ ਸੀ। ਸ਼ਾਈਨੀ ਨੇ ਸ਼ਾਮ ਦੇ 4.30 ਵਜੇ ਏਅਰ ਕੰਨਡੀਸ਼ਨਡ ਬਸ ਫੜਨੀ ਸੀ। ਸੋਹਣੀ ਦੀ ਵੀ ਅਖੀਰਲੀ 'ਵੋਲਵੋ ਬਸ' 4.30 ਵਜੇ ਹੀ ਨਿਕਲਣੀ ਸੀ। ਕਾਹਲ 'ਚ ਸਨ ਦੋਹੇਂ। ਉਨ੍ਹਾਂ ਦੋਹਾਂ ਨੂੰ ਹੀ ਸਮਝ ਨਹੀਂ ਸੀ ਪੈ ਰਹੀ ਕਿ ਹੁਣ ਕੀ ਗੱਲਾਂ ਕੀਤੀਆਂ ਜਾਣ...ਇਹੋ ਛਿਣ ਸੀ ...ਫ਼ੈਸਲੇ ਦਾ ਛਿਣ ... 'ਕੀ ਹਨ ਉਹ ਦੋਹੇਂ ਇਕ ਦੂਜੇ ਦੇ'...??

ਸ਼ਿਕਾਰਾ, ਕਸ਼ਮੀਰ ਦੀਆਂ ਵਾਦੀਆਂ 'ਤੇ ਬਰਫ਼ੀਲੀ ਚਮਕਦੀ ਸੂਰਜ ਦੀ ਲੋਅ ਜਾਂ ਜੰਮੂ ਦੀ ਝੁਲ਼ਸ ਦੇਣ ਵਾਲੀ ਸੂਰਜ ਦੀ ਤਿੱਖੀ ਕਟਾਰ ਵਰਗੀ ਧੂੰਅ ਧੂੰਅ ਕਰਦੀ ਅੱਗ ...।

*****

ਉਦੋਂ ਹੀ ਸ਼ਾਈਨੀ ਨੇ ਕਿਹਾ -'ਚਲੋ ਮੈਂ ਬੱਸ ਤਕ ਛੱਡ ਆਉਨਾਂ ...'।

'ਲੈ- ਇੱਥੋ ਸ਼ੇਰਾਂ ਵਾਲੇ ਗੇਟ ਤੋਂ ਹੀ ਸਾਰੀਆਂ ਬੱਸਾਂ ਤੁਰਦੀਆਂ ਹਨ ...।'

'ਤਾਂ, ਪਹਿਲਾਂ ਆਪਣੀ ਬੱਸੇ ਬੈਠ ਜਾਓ...।'

*****

ਹੁਣ ਉਹ ਹੋਰ ਵੀ ਅਜਨਬੀ ਹੋ ਗਏ। ਉਨ੍ਹਾਂ ਦੋਹਾਂ ਨੇ ਇਕ ਦੂਜੇ ਨੂੰ ਹੈਰਾਨ ਹੋ ਕੇ ਵੇਖਿਆ। ਫ਼ੋਨ 'ਤੇ ਗੱਲਾਂ ਕਰਦੇ ਕਈ ਵਾਰ 'ਫਲਾਇੰਗ ਕਿੱਸ', ਮੁਹੱਬਤ ਦੀਆਂ ਰਹੱਸ ਭਰੀਆਂ ਗੱਲਾਂ, 'ਕੱਲੇ ਹੋਣ ਦੇ ਦੁੱਖ ਅਤੇ ਤਨਹਾਈ ਦੀ ਖ਼ਾਮੀਆਂ ਨੂੰ ਵੰਡਿਆ ਸੀ - ਪਰੰਤੂ ਜਦੋਂ ਹੁਣ ਉਹ ਦੋਹੇਂ ਇਕ ਦੂਜੇ ਦੇ ਆਹਮੋ ਸਾਹਮਣੇ ਹਨ...ਤਾਂ..ਤਾਂ ..ਆਉਣ 'ਤੇ, ਮਿਲਣ 'ਤੇ ਉਨ੍ਹਾਂ ਇਕ ਦੂਜੇ ਨਾਲ ਘੁੱਟ ਕੇ ਜੱਫੀ ਤਾਂ ਕੀ ਪਾਉਣੀ, ਸਗੋਂ ਇਕ ਦੂਜੇ ਦੇ ਹੱਥਾਂ ਨੂੰ ਛੋਹਿਆ ਤੀਕ ਨਹੀਂ ਸੀ।

ਕਲਪਨਾ ਦੇ ਸ਼ਿਕਾਰੇ 'ਚ ਉਹ ਦੋਹੇਂ ਕਸ਼ਮੀਰ ਅਤੇ ਮੁਲਕ ਦੀਆਂ ਰਾਜਨੀਤਕ, ਸਮਾਜਕ ਸਮੱਸਿਆਵਾਂ ਅਤੇ ਉਲਝਣਾਂ ਨੂੰ ਆਪਣੇ ਆਪਣੇ ਢੰਗ ਨਾਲ ਉਲ਼ਝਾਂਦੇ ਜਾਂ ਸੁਲ਼ਝਾਂਦੇ ਰਹੇ ਸੀ।

ਇਕ ਕਸ਼ਮਕਸ਼ ਸੀ - ਉਹ ਦੋਹੇਂ ਇਕ ਦੂਜੇ ਨੂੰ ਛੂਹ ਵੀ ਨਾ ਸਕੇ ...।

ਸੋਹਣੀ ਬੱਸ 'ਚ ਬੈਠੀ ਬਾਰੀ ਥਾਂਈਂ ਸ਼ਾਈਨੀ ਨੂੰ ਹੌਲ਼ੇ ਹੌਲ਼ੇ ਕਦਮ ਪੁੱਟਦੇ, ਦੂਰ ਜਾਂਦੇ ਵੇਖਦੀ ਰਹੀ। ਉਹ ਵੀ ਉਸਨੂੰ ਮੁੜ ਮੁੜ ਕੇ ਪਿਛਾਂਹ ਵਿਹੰਦਾ ਰੁਕ ਰੁਕ ਜਾਂਦਾ।

ਅਚਾਨਕ 'ਸੋਹਣੀ' ਤੇਜ਼ੀ ਨਾਲ ਬੱਸ ਤੋਂ ਲੱਥੀ ਤੇ ਸ਼ਾਈਨੀ ਨੂੰ ਚੀਖ ਕੇ 'ਵਾਜ ਮਾਰੀ।

ਸ਼ਾਈਨੀ ਵੀ ਜਿਵੇਂ ਨੱਠਦਾ ਉਹਦੇ ਕੋਲ ਆਇਆ। "ਕੀ ਹੋਇਆ,ਕੁੱਝ ਰਹਿ ਗਿਆ ..।"

"ਹਾਂ- ਤੈਨੂੰ ਛੂਹ ਕੇ ਤਾਂ ਵੇਖਿਆ ਹੀ ਨਹੀਂ - ਰੁਕ ਤੈਨੂੰ ਛੂਹ ਤਾਂ ਲਵਾਂ...।"

...ਅਤੇ ਕਦੇ ਨਾ ਵਿੱਛੜਨ ਲਈ ਸ਼ਾਈਨੀ ਨੇ ਸੋਹਣੀ ਨੂੰ ਘੁੱਟ ਕੇ ਹਿੱਕ ਨਾਲ ਲਾ ਲਿਆ। ...ਅੱਡ ਹੁੰਦੇ ਹੀ ਆਪਣੀ ਆਪਣੀ ਬੱਸ ਵੱਲ ਤੁਰ ਪਏ।

"ਫ਼ੋਨ ਕਰਨਾ ", ਦੋਹਾਂ ਨੇ ਇਕੋ ਸਮੇਂ ਕਿਹਾ ਅਤੇ ਮੁਸਕਰਾ ਪਏ ...।

ਬੇਅੰਤ ਤ੍ਰਿਪਤੀ ਦੀ ਸੁਗੰਧ 'ਚ ਗੁੰਮ ਹੋਏ ਉਹਨਾਂ ਦੋਹਾਂ ਦੇ ਚਿਹਰੇ ਦਮਕ ਰਹੇ ਸਨ।000

*(ਫੋਨ: +1-416-839-3874*

***ਈਮੇਲ:* nirmaljsrana@gmail.com)**

# ਸਿੱਕੇਬੰਦ ਕਾਮਰੇਡ ਸੀ ਕ੍ਰਿਸ਼ਨ ਭਾਰਦਵਾਜ: ਸ਼ਬਦ ਚਿੱਤਰ: ਬਲਬੀਰ ਪਰਵਾਨਾ

ਜੁਲਾਈ-ਅਗਸਤ 1996 ਦੀ ਗੱਲ ਹੈ। ਉਦੋਂ ਬੜੇ ਮੀਂਹ ਪਏ। ਜਲੰਧਰ ਸ਼ਹਿਰ ਪਾਣੀਓਂ-ਪਾਣੀ। ਤੀਸਰੇ-ਚੌਥੇ ਦਿਨ ਮੀਂਹ ਹਟਿਆ ਤਾਂ ਕਾਮਰੇਡ ਨੌਨਿਹਾਲ ਸਿੰਘ ਦਫ਼ਤਰ ਆਏ। ਉਹ ਅਕਸਰ ਹੀ ਹਫ਼ਤੇ, ਦਸੀਂ ਦਿਨੀਂ 'ਨਵਾਂ ਜ਼ਮਾਨਾ' 'ਚ ਗੇੜਾ ਮਾਰਦੇ। ਦਫ਼ਤਰ 'ਚ ਉਨ੍ਹਾਂ ਦੇ ਬਹਿਣ ਦੇ ਆਮ ਟਿਕਾਣੇ ਹੁੰਦੇ; ਆਨੰਦ ਜੀ ਦਾ ਕਮਰਾ ਜਾਂ ਫਿਰ ਕ੍ਰਿਸ਼ਨ ਭਾਰਦਵਾਜ ਤੇ ਜਤਿੰਦਰ ਪਨੂੰ ਕੋਲ। ਉਸ ਦਿਨ ਆਨੰਦ ਜੀ ਕਿਤੇ ਬਾਹਰ ਗਏ ਹੋਏ ਸਨ। ਕਾਮਰੇਡ ਪਨੂੰ ਤੇ ਭਾਰਦਵਾਜ ਵੀ ਦਫ਼ਤਰ 'ਚ ਨਹੀਂ ਸਨ। ਰਿਸ਼ੈਪਸ਼ਨ ਤੋਂ ਉਨ੍ਹਾਂ ਭਾਰਦਵਾਜ ਨੂੰ ਫੋਨ ਕਰਾਇਆ ਤਾਂ ਅੱਗੋਂ ਉਸਨੇ ਦੱਸਿਆ, "ਸਾਰਾ ਘਰ ਚੋਅ ਰਿਹਾ... ਮੈਂ ਤਾਂ ਸਾਮਾਨ ਇਧਰ-ਉਧਰ ਕਰਨ 'ਚ ਲੱਗਾ ਹੋਇਆਂ... ਕਿਸੇ ਤਰ੍ਹਾਂ ਭਿੱਜਣ ਤੋਂ ਬਚਾਇਆ ਜਾ ਸਕੇ।" ਸੁਣ ਕੇ ਉਨ੍ਹਾਂ ਦਾ ਭਾਰਦਵਾਜ ਦੇ ਘਰ ਜਾਣ ਦਾ ਪ੍ਰੋਗਰਾਮ ਬਣ ਗਿਆ। ਪੰਡਿਤ ਮਨੋਹਰ ਲਾਲ ਤੇ ਮੈਨੂੰ ਉਨ੍ਹਾਂ ਨੇ ਨਾਲ ਬਹਾ ਲਿਆ। ਬਸਤੀ ਗੁਜ਼ਾਂ ਦੇ ਬੋਹੜ ਵਾਲੇ ਚੌਂਕ 'ਚੋਂ ਦੱਖਣ-ਵੰਨੀ ਮੁੜਦੀ ਗਲੀ 'ਚ ਲਗਭਗ ਸਿਰੇ 'ਤੇ ਜਾ ਕੇ ਸੀ ਉਨ੍ਹਾਂ ਦਾ ਘਰ। ਘਰ ਮੂਹਰੇ ਜਾ ਕੇ ਗਲੀ ਵੱਲ ਦਾ ਬੂਹਾ ਖੜਕਾਉਣ ਦੀ ਲੋੜ ਨਾ ਪਈ ਕਿ ਉਹ ਚੌਪਟ ਖੁੱਲ੍ਹਾ ਸੀ। ਅਸੀਂ ਉਵੇਂ ਰਵਾਂ-ਰਵੀਂ ਅੰਦਰ ਲੰਘ ਗਏ। ਅੰਦਰ ਦੇਖਿਆ ਦ੍ਰਿਸ਼ ਅਜੇ ਵੀ ਹੂਬਹੂ ਯਾਦ ਹੈ।

ਬਾਲਿਆਂ ਵਾਲੀ ਛੱਤ ਲਗਪਗ ਸਾਰੀ ਹੀ ਚੋਅ ਰਹੀ ਸੀ। ਕੋਨਿਆਂ ਕੋਲ, ਜਿਥੋਂ ਚੋਆ ਅਜੇ ਨਹੀਂ ਸੀ ਸ਼ੁਰੂ ਹੋਇਆ, ਉਸ ਥਾਂ ਬੈੱਡ ਟੇਢੇ ਕਰਕੇ ਉਨ੍ਹਾਂ 'ਤੇ ਬਿਸਤਰਿਆਂ ਦੇ ਢੇਰ ਲਾਏ ਹੋਏ ਸਨ ਭਿੱਜਣ ਤੋਂ ਬਚਾਉਣ ਲਈ। ਇਕ ਥਾਂ ਕੁਝ ਸਾਮਾਨ 'ਕੱਠਾ ਕਰ ਉਪਰ ਦਿੱਤੀ ਤਰਪਾਲ। ਸਾਮਾਨ ਇਧਰ-ਉਧਰ ਕਰਨ ਦੀ ਹਿਲਜੁੱਲ 'ਚ ਉਹ ਆਪ ਸਾਰੇ ਭਿੱਜੇ ਹੋਏ। ਮੂੰਹ 'ਤੇ ਘਿਰ ਆਈਆਂ ਚੋਏ ਦੀਆਂ ਬੂੰਦਾਂ ਨੂੰ ਹੱਥ ਨਾਲ ਪੂੰਝ ਕੇ ਸਾਫ਼ ਕਰਦਿਆਂ ਉਨ੍ਹਾਂ ਦੱਸਿਆ, "ਪਿਛਲੇ ਦੋ ਦਿਨਾਂ ਤੋਂ ਇਸੇ ਜੁਗਾੜ 'ਚ ਲੱਗਾ ਹੋਇਆਂ ਕਿ ਕਿਸੇ ਤਰ੍ਹਾਂ ਸਾਮਾਨ ਨੂੰ ਭਿੱਜਣ ਤੋਂ ਬਚਾਇਆ ਜਾ ਸਕੇ। ਕਦੀ ਖਿਸਕਾ ਕੇ ਕਿਸੇ ਕੋਨੇ 'ਚ ਤੇ ਕਦੀ ਖਿਸਕਾ ਕੇ ਕਿਸੇ ਕੋਨੇ...ਰਾਤੀਂ ਸੌਂ ਵੀ ਨਹੀਂ ਸਕਿਆ।" ਦੋ ਕਮਰਿਆਂ ਦਾ ਘਰ। ਅੱਗੇ ਤੰਗ ਜਿਹਾ ਵਿਹੜਾ। ਇਕ ਪਾਸੇ ਰਸੋਈ। ਵਿਹੜੇ ਦਾ ਕੱਚਾ-ਪੱਕਾ ਫਰਸ਼। ਮੀਂਹ ਭਾਵੇਂ ਹਟ ਚੁੱਕਾ ਸੀ ਪਰ ਕਮਰੇ ਅਜੇ ਵੀ ਚੋਅ ਰਹੇ ਸਨ। ਛੱਤ 'ਚ ਰਸਿਆ ਪਾਣੀ ਲਗਾਤਾਰ ਹੇਠਾਂ ਟਪਕਦਾ ਹੋਇਆ। ਗਿੱਲੇ ਸਿੰਮਦੇ ਹੇਠਲੇ ਫਰਸ਼। ਇਸ ਸਭ ਕੁਝ 'ਚ ਘਿਰੇ ਕਾਮਰੇਡ ਭਾਰਦਵਾਜ ਸਥਿਤੀਆਂ ਸਾਹਮਣੇ ਬੇਵੱਸ ਜਿਹੇ ਲੱਗੇ। ਅਸੀਂ ਵੀ ਇਧਰ-ਉਧਰ ਦੇਖਦੇ ਘੁੰਮਦੇ ਪ੍ਰੇਸ਼ਾਨ ਹੁੰਦੇ ਰਹੇ ਕਦੀ ਅੰਦਰਾਂ 'ਚ, ਕਦੀ ਬਾਹਰ ਵਿਹੜੇ ਨੂੰ।

"ਰੋਟੀ-ਪਾਣੀ ਖਾ ਲਿਆ ਸੀ ਕਿ ਲਿਆ ਕੇ ਦੇਈਏ!" ਚੋਂਦੀਆਂ ਛੱਤਾਂ ਤੇ ਕਮਰਿਆਂ 'ਚ ਖੜ੍ਹੇ ਪਾਣੀ ਨੂੰ ਦੇਖ ਕੇ ਨੌਨਿਹਾਲ ਹੁਰਾਂ ਨੇ ਪੁੱਛਿਆ। ਨੌਨਿਹਾਲ ਹੁਰਾਂ ਨਾਲ ਉਨ੍ਹਾਂ ਦੀ ਵਿਚਾਰਧਾਰਕ ਸਾਂਝ ਤਾਂ ਸੀ ਹੀ, ਯਾਰੀ ਵੀ ਸੀ। ਪਾਰਟੀ ਅੰਦਰਲੀ ਗੁੱਟਬੰਦੀ 'ਚ ਵੀ ਉਹ ਸ਼ਾਇਦ ਇਕ ਹੀ ਧੜੇ 'ਚ ਸਨ।

"ਤੁਹਾਨੂੰ ਲਗਦਾ ਮੈਂ ਭੁੱਖਾ ਰਹਿਣ ਵਾਲਾਂ..?..." ਉਨ੍ਹਾਂ ਨੇ ਆਪਣੇ ਗੜਕੇ ਵਾਲੇ ਅੰਦਾਜ਼ 'ਚ ਹੱਸ ਕੇ ਕਿਹਾ, "ਟਿਫ਼ਨ ਮੰਗਵਾ ਲਿਆ ਸੀ।" ਪਰ ਉਸ ਗੜਕੇ 'ਚ ਪਹਿਲਾਂ ਵਾਲੀ ਬੜਕ ਨਹੀਂ ਸੀ। ਕੁਝ ਹੋਰ ਇਧਰ-ਉਧਰ ਦੀਆਂ ਕਰ ਉੱਠ ਕੇ ਤੁਰਨ ਲੱਗੇ ਤਾਂ ਉਨ੍ਹਾਂ ਨੇ ਅਫ਼ਸੋਸ ਜ਼ਾਹਰ ਕੀਤਾ, "ਇਸ ਸਥਿਤੀ 'ਚ ਤੁਹਾਨੂੰ ਚਾਹ-ਪਾਣੀ ਨਹੀਂ ਪੁੱਛ ਸਕਿਆ... ਉਂਜ ਜੇ ਇਰਾਦਾ ਹੈ ਤਾਂ ਦੁਕਾਨ ਤੋਂ ਮੰਗਵਾ ਸਕਦਾਂ?" ਇਹ ਇਕੋ, ਪਹਿਲੀ ਤੇ ਆਖ਼ਰੀ ਵਾਰ, ਮੈਂ ਉਨ੍ਹਾਂ ਦੇ ਘਰ ਗਿਆ। ਕਾਮਰੇਡ ਕ੍ਰਿਸ਼ਨ ਭਾਰਦਵਾਜ, ਰੋਜ਼ਾਨਾ ਨਵਾਂ ਜ਼ਮਾਨਾ ਦੇ ਜਨਰਲ ਮੈਨੇਜਰ।

ਮੈਂ ਜਾਣਦਾ ਉਨ੍ਹਾਂ ਨੂੰ ਬਹੁਤ ਪਹਿਲਾਂ ਤੋਂ ਸੀ, ਉਸ ਤੋਂ ਵੀ ਪਹਿਲਾਂ ਤੋਂ, ਜਦੋਂ ਮਈ 1989 'ਚ ਇਸਦੇ ਸੰਪਾਦਕੀ-ਮੰਡਲ 'ਚ ਆ ਕੇ ਸ਼ਾਮਲ ਹੋਇਆ; ਸ਼ਾਇਦ ਕਿਤੇ 80ਵਿਆਂ ਦੇ ਸ਼ੁਰੂ ਤੋਂ ਹੀ। ਕਿਸੇ ਸਾਹਿਤਕ ਸਮਾਗਮ ਜਾਂ ਰਾਜਨੀਤਕ ਜਲਸੇ-ਮੁਜ਼ਾਹਰੇ ਦੇ ਬਹਾਨੇ ਜਲੰਧਰ ਆਉਣ ਦਾ ਸਬੱਬ ਬਣਦਾ ਤਾਂ ਜਿਨ੍ਹਾਂ ਥਾਵਾਂ 'ਤੇ ਜ਼ਰੂਰ ਹੀ ਗੇੜਾ ਮਾਰਦਾ, ਉਨ੍ਹਾਂ ਥਾਵਾਂ 'ਚ 'ਨਵਾਂ ਜ਼ਮਾਨਾ' ਦਾ ਦਫ਼ਤਰ ਵੀ ਸ਼ਾਮਲ ਸੀ। ਇਥੇ ਬਲਦੇਵ ਬਾਜਵਾ, ਲਖਵਿੰਦਰ ਜੌਹਲ, ਰੇਸ਼ਮ ਨੂੰ ਮਿਲਣ ਦੇ ਨਾਲ-ਨਾਲ ਸੁਰਜਨ ਜ਼ੀਰਵੀ ਹੁਰਾਂ ਦੇ ਰਾਜਨੀਤਕ/ਸਮਾਜਕ ਸੁਰ ਵਾਲੇ ਕਟਾਕਸ਼ਾਂ ਨਾਲ ਗੂੰਜਦਾ ਹਾਸਾ ਵੀ ਸੁਣਨ ਨੂੰ ਮਿਲਦਾ।

ਤੰਗ ਜਿਹੀ ਪੌੜੀ ਚੜ੍ਹ ਕੇ ਉਪਰ ਪੁੱਜਦਿਆਂ ਹੀ ਸਾਹਮਣੇ ਲੰਮੇ ਦਾ ਲੰਮਾ ਬਰਾਂਡਾ ਆਉਂਦਾ, ਅੱਠ ਨੌਂ ਫੁੱਟ ਦੇ ਲਗਪਗ ਚੌੜਾ, ਜਿਸਦੇ ਸੜਕ ਵੱਲ ਦੇ ਡਾਟ ਖੁੱਲ੍ਹੇ ਸਨ। ਬਰਾਂਡੇ ਦੇ ਸਾਹਮਣੇ ਪੱਛਮ-ਵੰਨੀ ਪਹਿਲਾਂ ਭਾਰਦਵਾਜ ਦਾ ਕਮਰਾ ਸੀ, ਅੱਗੇ ਖੁੱਲ੍ਹਾ ਵੱਡਾ ਹਾਲ ਜਿੱਥੇ ਕਲੈਰੀਕਲ ਸਟਾਫ਼ ਬਹਿੰਦਾ। ਇਸ ਤੋਂ ਅਗਾਂਹ ਨਿਊਜ਼-ਰੂਮ। ਇਨ੍ਹਾਂ ਤਿੰਨਾਂ ਦੇ ਦਰਵਾਜ਼ੇ ਇਸ ਬਰਾਂਡੇ 'ਚ ਖੁੱਲ੍ਹਦੇ। ਬਰਾਂਡੇ 'ਚੋਂ, ਸਿਰੇ ਤੋਂ ਜਾ ਕੇ ਇਕ ਹੋਰ ਹਾਲ ਕਮਰੇ 'ਚ ਇਸਦਾ ਅੰਤਲਾ ਦਰਵਾਜ਼ਾ ਆਉਂਦਾ, ਜਿਸ 'ਚ ਲਾਇਬਰੇਰੀ ਸੀ। ਕਿਤਾਬਾਂ ਦੀਆਂ ਅਲਮਾਰੀਆਂ ਦੀ ਪਾਰਟੀਸ਼ਨ ਕਰਕੇ, ਹਾਲ ਦੇ ਦੂਸਰੇ ਪਾਸੇ ਕਾਮਰੇਡ ਮਨੋਹਰ ਲਾਲ ਰਹਿੰਦਾ ਸੀ ਪਰਿਵਾਰ ਸਮੇਤ। ਇਸ ਤੋਂ ਦੱਖਣ-ਵੰਨੀ ਸੰਪਾਦਕ ਦਾ ਕਮਰਾ ਸੀ ਤੇ ਅਖੀਰ 'ਤੇ ਫਿਰ ਖੁੱਲ੍ਹਾ ਵਿਹੜਾ। ਇਹ ਸੀ ਉਦੋਂ 'ਨਵਾਂ ਜ਼ਮਾਨਾ' ਦਾ ਕੁੱਲ ਦਫ਼ਤਰ। ਇਸਦੇ ਹੇਠਾਂ ਗਰਾਊਂਡ-ਫਲੋਰ 'ਤੇ ਪ੍ਰੈਸ ਲੱਗੀ ਹੋਈ ਸੀ।

ਭਾਰਦਵਾਜ ਆਪਣੇ ਕਮਰੇ 'ਚ ਬੈਠੇ ਹੁੰਦੇ ਤਾਂ ਦਰਵਾਜ਼ਾ ਖੁੱਲ੍ਹਾ ਹੁੰਦਾ। ਉਤਰ ਵਾਲੀ ਕੰਧ ਵੱਲ ਪਿੱਠ ਕਰਕੇ ਉਨ੍ਹਾਂ ਦੀ ਕੁਰਸੀ ਹੁੰਦੀ। ਅਗਾਂਹ ਵੱਡਾ ਸਾਰਾ ਮੇਜ਼, ਜਿਸ 'ਤੇ ਅਕਸਰ ਹੀ ਫਾਈਲਾਂ ਦੀਆਂ ਕਈ ਤਹਿਆਂ ਪਈਆਂ ਹੁੰਦੀਆਂ। ਮੇਜ਼ ਦੇ ਦੂਸਰੇ ਪਾਸੇ ਚਾਰ-ਪੰਜ ਕੁਰਸੀਆਂ ਲੱਗੀਆਂ ਹੁੰਦੀਆਂ ਮਿਲਣ ਆਇਆਂ ਦੇ ਬਹਿਣ ਵਾਸਤੇ। ਖੜਕਵੀਂ ਆਵਾਜ਼। ਕਦੀ-ਕਦੀ ਉਨ੍ਹਾਂ ਕੋਲ ਵੀ ਬਹਿਣ ਦਾ ਮੌਕਾ ਬਣ ਜਾਂਦਾ ਜੇ ਉਹ ਰੁੱਝੇ ਨਾ ਹੁੰਦੇ ਜਾਂ ਉਨ੍ਹਾਂ ਕੋਲ ਕੋਈ ਆਇਆ ਨਾ ਹੁੰਦਾ।

ਮੈਂ 'ਨਵਾਂ ਜ਼ਮਾਨਾ' 'ਚ ਸਬ-ਐਡੀਟਰ ਵਜੋਂ ਆ ਕੇ ਸ਼ਾਮਲ ਹੋਇਆ ਤਾਂ ਉਨ੍ਹਾਂ ਦੇ ਕਈ ਹੋਰ ਰੂਪਾਂ ਦੇ ਦਰਸ਼ਨ ਹੋਣ ਲੱਗੇ। ਇਨ੍ਹਾਂ 'ਚੋਂ ਸਭ ਤੋਂ ਉਭਰਵਾਂ ਸੀ ਉਨ੍ਹਾਂ ਦਾ ਤਾਨਾਸ਼ਾਹ ਕਿਸਮ ਦਾ ਰਵੱਈਆ। ਕਾਮਰੇਡ ਆਨੰਦ ਉਨ੍ਹਾਂ ਦਿਨਾਂ 'ਚ ਰਾਜਸੀ ਸਰਗਰਮੀਆਂ ਕਰਕੇ ਦਫ਼ਤਰ ਅਕਸਰ ਘੱਟ ਆਉਂਦੇ। ਪਿਛੇ ਸੰਪਾਦਕੀ ਵਾਲੇ ਪਾਸੇ ਦਾ ਕੰਮ ਬਾਬਾ ਬੰਨੋਆਣਾ, ਸੁਰਜਨ ਜ਼ੀਰਵੀ ਜੀ ਦੇਖਦੇ। ਮੈਨੇਜਮੈਂਟ ਵਾਲੇ ਪਾਸੇ ਦਾ ਕ੍ਰਿਸ਼ਨ ਭਾਰਦਵਾਜ। ਆਪਣੇ ਪਾਸੇ ਤਾਂ ਕੀ, ਪਰ ਪੂਰੇ ਦਫ਼ਤਰ 'ਚ ਚਲਦੀ ਉਨ੍ਹਾਂ ਦੀ ਹੀ ਸੀ। ਕਿਸੇ ਨੇ ਐਡਵਾਂਸ ਲੈਣਾ ਹੁੰਦਾ, ਕਿਸੇ ਨੂੰ ਛੁੱਟੀ ਚਾਹੀਦੀ ਹੁੰਦੀ ਤਾਂ ਭਾਰਦਵਾਜ ਕੋਲ ਜਾਣ ਲੱਗਿਆ ਹਰ ਕੋਈ ਮਨ ਹੀ ਮਨ ਕਈ ਤਰ੍ਹਾਂ ਦੇ ਤੋੜ-ਭੰਨ ਕਰਦਾ। ਕਿਸੇ ਨੂੰ ਵੀ ਇਹ ਪੱਕਾ ਨਹੀਂ ਸੀ ਹੁੰਦਾ ਕਿ ਉਸਦੀ ਗੱਲ ਮੰਨ ਹੋ ਜਾਵੇਗੀ। ਸਗੋਂ ਕਈ ਤਾਂ ਜ਼ੀਰਵੀ ਰਾਹੀਂ ਜਾਂ ਬਾਬਾ ਬੰਨੋਆਣਾ ਰਾਹੀਂ ਆਪਣੀ ਗੱਲ ਪੁਚਾਉਣ ਦਾ ਯਤਨ ਕਰਦੇ।

ਠੀਕ ਦਸ ਵਜੇ ਉਨ੍ਹਾਂ ਦਾ ਜੈਦੀ ਮੋਟਰਸਾਈਕਲ ਦਫ਼ਤਰ ਸਾਹਮਣੇ ਆਣ ਖੜ੍ਹਾ ਹੁੰਦਾ। ਮੋਟਰਸਾਈਕਲ ਖੜ੍ਹਾ ਕਰ ਸਭ ਤੋਂ ਪਹਿਲਾਂ ਉਹ ਕੰਘੀ ਨਾਲ ਆਪਣੇ ਵਾਲ ਸੰਵਾਰਦੇ। ਸੁਖਵਿੰਦਰ, ਕਿਸ਼ਨ ਜਾਂ ਜਿਹੜਾ ਵੀ ਸੇਵਾਦਾਰ ਉਸ ਵੇਲੇ ਦਫ਼ਤਰ 'ਚ ਹੁੰਦਾ, ਮੋਟਰਸਾਈਕਲ ਦੀ ਆਵਾਜ਼ ਸੁਣ ਸਭ ਕੰਮ ਛੱਡ ਕੇ ਝੱਟ ਹੇਠਾਂ ਆ ਪੁੱਜਦਾ। ਉਨ੍ਹਾਂ ਦਾ ਬੈਗ ਤੇ ਰੋਟੀ ਵਾਲਾ ਡੱਬਾ ਲੈ ਉਹ ਉਪਰ ਆ ਜਾਂਦਾ। ਉਹ ਆਪ ਪ੍ਰੈਸ ਦਾ ਦਰਵਾਜ਼ਾ ਲੰਘ ਜਾਂਦੇ। ਹਰ ਪਾਸੇ ਘੋਖਵੀਂ ਨਿਗਾਹ ਮਾਰ ਪੌੜੀਆਂ ਚੜ੍ਹ ਕੇ ਆਪਣੇ ਕਮਰੇ 'ਚ ਆ ਉਸਦੀ ਸਫ਼ਾਈ ਦੇਖਦੇ ਤੇ ਫਿਰ ਸਾਰੇ ਦਫ਼ਤਰ ਦਾ ਗੇੜਾ ਮਾਰਦੇ। ਉਦੋਂ ਤੱਕ ਮੈਨੇਜਮੈਂਟ ਵਾਲੇ ਪਾਸੇ ਦੇ ਬਹੁਤੇ ਜਣੇ ਆ ਚੁੱਕੇ ਹੁੰਦੇ। ਸਭ ਪਾਸੀਂ ਉੱਡਦੀ-ਉੱਡਦੀ ਨਿਗਾਹ ਮਾਰ ਉਹ ਆਪਣੇ ਕਮਰੇ 'ਚ ਆ ਬੈਠਦੇ। ਨਾਲ ਹੀ ਰਿਸੈਪਸ਼ਨ 'ਤੇ ਕੁਝ ਨੰਬਰ ਦੇ ਦੇਂਦੇ ਫੋਨ ਮਿਲਾਉਣ ਵਾਸਤੇ। ਗੱਲ ਏਨੀ ਉੱਚੀ ਆਵਾਜ਼ 'ਚ ਕਰਦੇ ਕਿ ਉਨ੍ਹਾਂ ਦੇ ਕਮਰੇ ਤੋਂ ਅਗਾਂਹ, ਦੋ ਕਮਰੇ ਛੱਡ ਕੇ,

ਤੀਸਰੇ ਥਾਂ ਜਾ ਕੇ ਆਉਂਦਾ ਸੀ ਨਿਊਜ਼-ਰੂਮ, ਉਥੇ ਉਨ੍ਹਾਂ ਦੀਆਂ ਕੀਤੀਆਂ ਗੱਲਾਂ ਹੂਬਹੂ ਸੁਣ ਰਹੀਆਂ ਹੁੰਦੀਆਂ। ਕਈ ਵਾਰ ਜ਼ੀਰਵੀ ਉੱਠ ਕੇ ਜਾਂਦੇ, "ਭਾਰਦਵਾਜ ਜੀ, ਰਤਾ ਹੌਲੀ ਗੱਲ ਕਰੋ... ਅਸੀਂ ਵੀ ਕੰਮ ਕਰ ਰਹੇ ਹਾਂ। " ਸਿਰਫ਼ ਜ਼ੀਰਵੀ ਹੀ ਸਨ, ਜਿਹੜੇ ਉਨ੍ਹਾਂ ਨੂੰ ਇੰਜ ਟੋਕ ਦਿੰਦੇ ਜਾਂ ਟੋਕਣ ਦਾ ਜੇਰਾ ਰੱਖਦੇ ਸਨ ਤੇ ਜਿਨ੍ਹਾਂ ਦੀ ਗੱਲ ਉਹ ਸੁਣ ਵੀ ਲੈਂਦੇ। ਪਰ ਅਗਲੇ ਹੀ ਫੋਨ 'ਤੇ ਉਨ੍ਹਾਂ ਦੀ ਪਿੱਚ ਫਿਰ ਓਹੀ ਹੁੰਦੀ।

ਉਦੋਂ ਅਖ਼ਬਾਰ ਪਾਰਟੀ ਵੱਲੋਂ ਕੱਢਿਆ ਜਾਂਦਾ ਸੀ। ਅਖ਼ਬਾਰ ਦਾ ਆਰਥਕ ਘਾਟਾ ਵੀ ਪਾਰਟੀ ਵਲੋਂ ਹੀ ਪੂਰਾ ਕੀਤਾ ਜਾਂਦਾ। ਮਹੀਨੇ ਦੇ ਅਖ਼ੀਰ 'ਤੇ ਖਰਚਿਆਂ 'ਚੋਂ ਜਿੰਨੇ ਪੈਸੇ ਘਟ ਰਹੇ ਹੁੰਦੇ, ਉਹ ਚੰਡੀਗੜ੍ਹ ਸੂਬਾ ਦਫ਼ਤਰ 'ਚ ਦਸ ਦਿੱਤਾ ਜਾਂਦਾ ਤੇ ਮਹੀਨੇ ਦੇ ਪਹਿਲੇ ਦੋ ਚਾਰ ਦਿਨਾਂ 'ਚ ਇਨ੍ਹਾਂ ਪੈਸਿਆਂ ਲਈ ਉਹ ਚੰਡੀਗੜ੍ਹ ਪਾਰਟੀ ਹੈੱਡਕੁਆਟਰ ਜਾਂਦੇ। ਖਰਚ ਕੀਤਾ ਜਾਂਦਾ ਸੀ ਤਾਂ ਪਾਰਟੀ ਦਾ ਪੂਰਾ ਦਖਲ ਵੀ ਸੀ। ਅਕਸਰ ਹੀ ਸੂਬੇ ਦਾ ਕੋਈ ਨਾ ਕੋਈ ਆਗੂ ਆਇਆ ਰਹਿੰਦਾ। ਦੂਸਰੇ ਜ਼ਿਲ੍ਹਿਆਂ ਜਾਂ ਸ਼ਹਿਰਾਂ 'ਚੋਂ ਵੀ, ਜਿਸਦਾ ਜਲੰਧਰ ਗੇੜਾ ਲਗਦਾ, ਉਹ 'ਨਵਾਂ ਜ਼ਮਾਨਾ' ਆਉਣਾ ਆਪਣਾ ਅਧਿਕਾਰ ਸਮਝਦਾ। ਅਵਤਾਰ ਸਿੰਘ ਮਲਹੋਤਰਾ, ਪਿਆਰਾ ਸਿੰਘ ਦਿਓਸੀ, ਜੋਗਿੰਦਰ ਦਿਆਲ, ਭੁਪਿੰਦਰ ਸਾਂਬਰ, ਸਤਪਾਲ ਡਾਂਗ ਤਾਂ ਅਕਸਰ ਆਏ ਹੀ ਰਹਿੰਦੇ। ਪਾਰਟੀ ਦੀ ਸਰਗਰਮੀ ਵੀ ਕਾਫ਼ੀ ਹੁੰਦੀ ਸੀ। ਮਾਝੇ ਜਾਂ ਦੁਆਬੇ 'ਚ ਕਿਤੇ ਵੀ ਕੋਈ ਮੀਟਿੰਗ ਜਾਂ ਕਾਨਫਰੰਸ ਹੁੰਦੀ, ਉਥੇ ਜਾਂਦਿਆਂ-ਆਉਂਦਿਆਂ ਸੂਬਾ ਪਾਰਟੀ ਦੇ ਆਗੂ ਦਫ਼ਤਰ ਆ ਵੜਦੇ। ਸਥਾਨਕ ਆਗੂਆਂ 'ਚੋਂ ਕਾਮਰੇਡ ਕੁਲਵੰਤ ਸਿੰਘ, ਹੌਲਦਾਰ ਦਰਸ਼ਨ ਸਿੰਘ, ਚੈਨ ਸਿੰਘ ਚੈਨ, ਸੁਦਰਸ਼ਨ ਮਹਿਤਾ ਸਮੇਤ ਹੋਰ ਵੀ ਕਈ ਅਕਸਰ ਆਉਣ ਵਾਲਿਆਂ 'ਚੋਂ ਸਨ। ਇਨ੍ਹਾਂ ਦੀ ਪ੍ਰਾਹੁਣਚਾਰੀ, ਇਨ੍ਹਾਂ ਨਾਲ ਵਿਚਾਰ-ਚਰਚਾ ਵੀ ਉਨ੍ਹਾਂ ਦੇ ਕੰਮਾਂ 'ਚ ਸ਼ਾਮਲ ਹੁੰਦੀ। ਕਿਸਨੇ ਕੀ ਖਾਣਾ ਹੈ? ਉਸਦਾ ਸਮਾਂ ਕੀ ਹੈ, ਇਹ ਫ਼ਿਕਰ ਵੀ ਉਨ੍ਹਾਂ ਨੂੰ ਹੁੰਦਾ ਜਾਂ ਇਕ ਤਰ੍ਹਾਂ ਮੁਖ-ਫਿਕਰ ਹੀ ਇਹ ਹੁੰਦੇ ਕਿ ਅਖ਼ਬਾਰ ਦੇ ਸਾਰੇ ਵਾਧੇ-ਘਾਟੇ ਤਾਂ ਪਾਰਟੀ ਹੀ ਜਰਦੀ ਸੀ। ਪਾਰਟੀ ਨੀਤੀ ਤੋਂ ਇਧਰ-ਉਧਰ ਕੁਝ ਵੀ ਛਾਪਿਆ ਨਹੀਂ ਸੀ ਜਾ ਸਕਦਾ। ਇਸ ਲਈ ਮੈਨੇਜਰ ਦੇ ਕਰਨ ਵਾਲਾ ਮੁਖ ਕੰਮ; ਨਵੇਂ ਆਰਥਕ ਸਰੋਤ ਪੈਦਾ ਕਰਨੇ ਤੇ ਉਨ੍ਹਾਂ ਤੱਕ ਪਹੁੰਚ ਦੀ ਤਾਂ ਕੋਈ ਸੰਭਾਵਨਾ ਸੀ ਹੀ ਨਹੀਂ! ਹੋਰ ਤਾਂ ਹੋਰ, ਪੱਤਰਕਾਰ ਕਿਸਨੂੰ ਰੱਖਣਾ ਹੈ, ਇਹ ਉਸਦੀ ਇਸ਼ਤਿਹਾਰ ਇਕੱਠੇ ਕਰਨ ਦੀ ਸਮਰੱਥਾ ਜਾਂ ਲਿਖਣ ਦੀ ਯੋਗਤਾ 'ਤੇ ਨਿਰਭਰ ਨਾ ਹੋ ਕੇ, ਪਾਰਟੀ ਜਥੇਬੰਦੀ ਨਾਲ ਉਸਦੇ ਸੰਬੰਧਾਂ ਤੇ ਨੇੜਤਾ 'ਤੇ ਨਿਰਭਰ ਕਰਦਾ। ਇਸਦੀ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਮਝ ਸੀ, ਸਗੋਂ ਬਹੁਤ ਚੰਗੀ ਤਰ੍ਹਾਂ ਕਿ ਉਹ ਪਾਰਟੀ ਦੇ ਸੱਚੇ 'ਚ ਪੂਰੀ ਤਰ੍ਹਾਂ ਢਲੇ ਹੋਏ ਸਨ; ਇਕ ਤਰ੍ਹਾਂ ਸਿੱਕੇਬੰਦ ਕਾਮਰੇਡ।

ਲੀਡਰਾਂ ਨਾਲ ਗੱਲਬਾਤਾਂ ਕਰਦਿਆਂ ਵੀ ਪਰ ਉਹ ਦਫ਼ਤਰ 'ਚ ਆਪਣੀ ਬਾਜ਼ ਨਜ਼ਰ ਇਧਰ-ਉਧਰ ਨਾ ਹੋਣ ਦਿੰਦੇ। ਕੌਣ ਕਿੰਨੇ ਵਜੇ ਆਇਆ ਹੈ, ਕਦੋਂ ਜਾ ਰਿਹਾ, ਪੋਸਟ ਆਫਿਸ ਕੋਈ ਡਾਕ ਲੈਣ ਗਿਆ ਹੈ ਜਾਂ ਨਹੀਂ? ਬੈਂਕ 'ਚ ਕੌਣ ਗਿਆ। ਇਹ ਸਭ ਕੁਝ ਇੰਨੇ ਮਸ਼ੀਨੀ ਢੰਗ ਨਾਲ-ਨਾਲ ਹੁੰਦਾ ਕਿ ਜੇ ਚੈਕ ਪੰਜਾਹ ਰੁਪਏ ਦਾ ਹੈ ਤਾਂ ਵੀ ਸੇਵਾਦਾਰ ਨੇ ਉਸੇ ਦਿਨ ਬੈਂਕ 'ਚ ਲੈ ਕੇ ਜਾਣਾ ਹੈ। ਇਹ ਨਹੀਂ ਸੀ ਹੋ ਸਕਦਾ ਕਿ ਅਗਲੇ ਦਿਨ ਤੱਕ ਉਡੀਕ ਲਿਆ ਜਾਵੇ। ਹੋਰ ਚੈਕ ਆ ਜਾਣ ਤਾਂ ਉਨ੍ਹਾਂ ਨਾਲ ਉਹ ਵੀ ਜਮਾਂ ਹੋ ਜਾਵੇ। ਜਾਣ ਆਉਣ ਦਾ ਪੱਕਾ ਸਮਾਂ ਸੀ। ਜੇ ਉਸ ਵੇਲੇ ਸੇਵਾਦਾਰ ਨਹੀਂ ਗਿਆ ਜਾਂ ਹੋਰ ਕਿਸੇ ਤੋਂ ਕੋਈ ਕੁਤਾਹੀ ਹੋ ਰਹੀ ਹੁੰਦੀ ਤਾਂ ਉਸੇ ਵੇਲੇ ਹੀ ਅਗਲੇ ਦੀ ਝਾੜਝੰਬ ਕਰ ਦਿੰਦੇ। ਉਹ ਵੀ ਇੰਨੀ ਉੱਚੀ ਆਵਾਜ਼ 'ਚ ਕਿ ਪੂਰੇ ਦਫ਼ਤਰ ਨੂੰ ਪਤਾ ਲੱਗ ਜਾਂਦਾ। ਕੁਤਾਹੀ ਦੇ ਮਾਮਲੇ 'ਚ ਕਿਸੇ ਦੀ ਵੀ ਲਿਹਾਜ਼ ਨਹੀਂ ਸੀ ਕਰਦੇ।

ਮੈਨੂੰ ਆਏ ਨੂੰ ਅਜੇ ਛੇ ਕੁ ਮਹੀਨੇ ਹੀ ਹੋਏ ਸਨ ਕਿ ਦਫ਼ਤਰ 'ਚ ਨਵੀਆਂ ਤਰਥੱਲੀਆਂ ਦਾ ਦੌਰ ਸ਼ੁਰੂ ਹੋ ਗਿਆ। ਅੱਤਵਾਦ ਦੇ ਸਿਖਰ ਵਾਲਾ ਦੌਰ ਵੀ ਸੀ ਇਹ। ਖਾਲਿਸਤਾਨੀਆਂ ਨੇ ਆਪਣੇ ਵਿਰੁੱਧ ਲਿਖਣ ਵਾਲੇ ਪੱਤਰਕਾਰਾਂ ਤੇ ਅਖ਼ਬਾਰਾਂ ਦੇ ਏਜੰਟਾਂ/ਹਾਕਰਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਸੀ। ਅਖ਼ਬਾਰਾਂ ਤੇ ਦੂਸਰੇ ਮੀਡੀਆ ਨੂੰ ਅਨੁਸ਼ਾਸਨੀ ਕੋਡ ਜਾਰੀ ਹੋਣ ਲੱਗੇ ਕਿ ਫਲਾਣੇ-ਫਲਾਣੇ ਲਫ਼ਜ਼ ਨਹੀਂ ਲਿਖਣੇ।

'ਨਵਾਂ ਜ਼ਮਾਨਾ' ਨੇ ਉਨ੍ਹਾਂ ਦੇ ਇਸ ਕੋਡ ਸਾਹਮਣੇ ਨਾ ਝੁਕਣ ਦਾ ਫੈਸਲਾ ਕੀਤਾ। ਕੁਝ ਥਾਵਾਂ 'ਤੇ ਹਾਕਰ ਅਤੇ ਏਜੰਟ ਮਾਰੇ ਜਾਣ ਨਾਲ, ਅਖ਼ਬਾਰ ਦੀਆਂ ਏਜੰਸੀਆਂ ਬੰਦ ਹੋਣ ਲੱਗੀਆਂ। ਕੁਝ ਥਾਵਾਂ 'ਤੇ ਹਾਕਰਾਂ ਨੇ ਵੰਡਣ ਲਈ ਲਿਜਾਣਾ ਬੰਦ ਕਰ ਦਿੱਤਾ, ਖਾਸ ਕਰਕੇ ਪੇਂਡੂ ਇਲਾਕਿਆਂ 'ਚ। ਦਫ਼ਤਰ 'ਚ ਸੀ.ਆਰ.ਪੀ. ਦੀ ਸਕਿਊਰਟੀ ਲੱਗ ਗਈ। ਪੁਲੀਸ ਨੇ ਸਟਾਫ਼ ਨੂੰ ਵੀ ਹਥਿਆਰਾਂ ਦੀ ਪੇਸ਼ਕਸ਼ ਕੀਤੀ। ਸੰਪਾਦਕੀ ਸਟਾਫ਼ ਚੋਂ ਜ਼ੀਰਵੀ, ਦਿਲਬਾਗ ਬਾਘਾ, ਸਤਨਾਮ ਚਾਨਾ, ਕ੍ਰਿਸ਼ਨ ਭਾਰਦਵਾਜ ਨੇ ਰਿਵਾਲਵਰ ਲੈ ਲਏ। ਆਨੰਦ ਜੀ ਕੋਲ ਪਹਿਲਾਂ ਹੀ ਸੀ.ਆਰ.ਪੀ ਦੀ ਸਕਿਊਰਿਟੀ ਸੀ। ਫਿਰ ਇਹ ਰੂਟੀਨ ਹੋ ਗਿਆ; ਸਕਿਊਰਿਟੀ ਵਾਲੀ ਗੱਡੀ ਉਪਰੋਕਤ ਸਟਾਫ਼ ਮੈਂਬਰਾਂ ਨੂੰ ਘਰੋਂ ਲੈ ਕੇ ਆਉਂਦੀ ਤੇ ਸ਼ਾਮੀ ਉਹ ਗੱਡੀ ਹੀ ਉਨ੍ਹਾਂ ਨੂੰ ਘਰਾਂ 'ਚ ਛੱਡਣ ਲਈ ਵੀ ਜਾਂਦੀ। ਹੁਣ ਭਾਰਦਵਾਜ ਜ਼ੁੰਮੇ ਇਹ ਸਕਿਊਰਿਟੀ ਵਾਲੀ ਗੱਡੀ ਦੀ ਮੈਨੇਜਮੈਂਟ ਦਾ ਕੰਮ ਵੀ ਹੋ ਗਿਆ ਕਿ ਕਿਸਨੂੰ ਕਦੋਂ ਲੈਣ ਜਾਣਾ ਹੈ ਤੇ ਕਦੋਂ ਛੱਡਣ। ਗੱਡੀ ਇਕ ਸੀ ਜਿਸ ਕਰਕੇ ਇਹ ਕੰਮ ਕਾਫੀ ਸਿਰਦਰਦੀ ਵਾਲਾ ਹੋ ਨਿਬੜਿਆ। ਕਈ ਵਾਰ ਇਕੋ ਵੇਲੇ ਦੋ ਜਣਿਆ ਨੂੰ ਗੱਡੀ ਚਾਹੀਦੀ ਹੁੰਦੀ! ਇਸ ਨਾਲ ਕਈ ਬਖੇੜੇ ਖੜ੍ਹੇ ਹੋਣ ਲੱਗੇ।

ਅਖ਼ਬਾਰ ਦੀ ਸਰਕੂਲੇਸ਼ਨ ਤੇ ਆਰਥਕ ਸਰੋਤ ਭਾਵੇਂ ਪਹਿਲਾਂ ਵੀ ਕੋਈ ਬਹੁਤੇ ਚੰਗੇ ਨਹੀਂ ਸਨ ਪਰ ਹੁਣ ਉਹ ਹੋਰ ਵੀ ਸੁੰਗੜਣ ਲੱਗੇ। ਸਮੁੱਚੀ ਲਹਿਰ ਹੀ ਸਖ਼ਤ ਦਬਾਅ ਹੇਠ ਸੀ। ਉਸਨੂੰ ਆਪਣੀ 'ਹੋਂਦ' ਦੀ ਲੜਾਈ ਲੜਨੀ ਪੈ ਰਹੀ ਸੀ। ਸਰਗਰਮੀਆਂ ਲਗਪਗ ਨਾਂਹ ਦੇ ਬਰਾਬਰ ਤੇ ਸੁੰਗੜਦੇ ਜਾਂਦੇ ਆਰਥਕ ਸਰੋਤ। ਇਸ ਸਥਿਤੀ 'ਚ ਪਾਰਟੀ ਲਈ ਅਖ਼ਬਾਰ ਨੂੰ ਪੈ ਰਿਹਾ ਘਾਟਾ ਪੂਰਾ ਕਰਨਾ ਸੰਭਵ ਨਾ ਰਿਹਾ ਤੇ ਉਸਨੇ ਇਸਨੂੰ ਬੰਦ ਕਰਨ ਦਾ ਫੈਸਲਾ ਕਰ ਲਿਆ। ਸੂਬਾ ਪਾਰਟੀ ਦਾ ਇਹ ਫੈਸਲਾ ਸੁਣਾਉਣ ਲਈ ਦਸੰਬਰ 1989 ਦੇ ਅੱਧ ਜਿਹੇ 'ਚ, ਸੂਬੇ ਦਾ ਸਹਾਇਕ ਸਕੱਤਰ ਕਾਮਰੇਡ ਜੋਗਿੰਦਰ ਭਸੀਨ 'ਨਵਾਂ ਜ਼ਮਾਨਾ' ਦਫ਼ਤਰ ਆਇਆ। ਨਾਲ ਹੀ ਉਸਨੇ ਪਾਰਟੀ ਵਲੋਂ ਇਹ ਵੀ ਦੱਸਿਆ ਕਿ ਜੇ ਕਾਮਰੇਡ ਜਗਜੀਤ ਸਿੰਘ ਆਨੰਦ ਜਾਂ ਟਰੱਸਟ ਆਪਣੇ ਆਰਥਕ ਬਲਬੂਤੇ 'ਤੇ ਜਾਰੀ ਰੱਖ ਸਕਦੇ ਹਨ ਤਾਂ ਭਾਵੇਂ ਜਾਰੀ ਰੱਖਣ! ਟਰੱਸਟ ਪਹਿਲਾਂ ਵੀ ਸੀ, ਜਦੋਂ ਪਾਰਟੀ ਇਸਦੇ ਖਰਚੇ ਪੂਰੇ ਕਰ ਰਹੀ ਸੀ, ਪਰ ਉਦੋਂ ਇਹ ਰਸਮੀ ਖਾਨਾਪੂਰਤੀ ਹੀ ਸੀ, ਕਾਗਜ਼ਾਂ ਦਾ ਢਿੱਡ ਭਰਨ ਲਈ। ਨਵੀਂ ਸਥਿਤੀ 'ਚ ਟਰੱਸਟ, ਜਿਸਦਾ ਨਾਂ 'ਅਰਜਨ ਸਿੰਘ ਗੜਗੱਜ ਫਾਊਂਡੇਸ਼ਨ' ਸੀ, ਸਰਗਰਮ ਹੋ ਗਿਆ। ਪ੍ਰਧਾਨ ਕਾਮਰੇਡ ਕਰਮ ਸਿੰਘ ਮਾਨ ਤੇ ਇਸਦੇ ਪ੍ਰਭਾਵੀ ਮੈਂਬਰਾਂ 'ਚ ਕਾਮਰੇਡ ਆਨੰਦ, ਭਾਰਦਵਾਜ, ਨੌਨਿਹਾਲ ਸਿੰਘ, ਕੁਲਵੰਤ ਸਿੰਘ ਐਮ.ਐਲ.ਏ., ਤੁਲਸੀ ਰਾਮ ਤਨਦੇਹੀ ਨਾਲ ਯਤਨ ਕਰਨ ਲੱਗੇ ਅਖ਼ਬਾਰ ਦੇ ਚਲਦੀ ਰੱਖਣ ਲਈ। ਫਾਊਂਡੇਸ਼ਨ ਅਮਲੀ ਅਰਥਾਂ 'ਚ ਮਾਲਕ ਬਣੀ ਤਾਂ ਪਹਿਲਾਂ ਵਾਲੇ ਪਾਰਟੀ ਸਮੀਕਰਨਾਂ ਦੀ ਥਾਂ, ਦਫ਼ਤਰ 'ਚ ਨਵੀਂ ਤਰ੍ਹਾਂ ਦੇ ਜਲਜਲਿਆਂ ਦਾ ਦੌਰ ਸ਼ੁਰੂ ਹੋ ਗਿਆ। ਨਿੱਤ ਨਵੀਂ ਸਮੱਸਿਆ ਖੜ੍ਹੀ ਹੁੰਦੀ, ਉਸਦਾ ਸਾਹਮਣਾ ਕਰਨ ਲਈ ਨਵੀਂ ਤਰ੍ਹਾਂ ਦੀ ਨੀਤੀ ਦੀ ਲੋੜ ਵੀ। ਨਿਸ਼ਚਿਤ ਭੂਮਿਕਾਵਾਂ ਤੇ ਬੰਨੇ-ਬੰਨਾਏ ਰੂਟੀਨ ਟੁੱਟਣ ਲੱਗੇ। ਹਰ ਇਕ ਦੀਆਂ ਨਵੀਆਂ ਭੂਮਿਕਾਵਾਂ ਚਿਹਨਿਤ/ਨਿਸ਼ਚਿਤ ਹੋਣ ਲੱਗੀਆਂ। ਇਸ ਉੱਥਲ-ਪੁੱਥਲ 'ਚ ਪਰ ਕਾਮਰੇਡ ਭਾਰਦਵਾਜ ਪਛੜਣ ਲੱਗੇ, ਕਿ ਉਹ ਤਾਂ ਉਸ ਮੱਧ ਵਰਗੀ ਯੋਧੇ ਵਰਗੇ ਹਨ ਜਿਸਨੂੰ ਆਪਣੀ ਤਲਵਾਰ 'ਤੇ ਮਾਣ ਹੁੰਦਾ ਤੇ ਆਪਣੀ ਦਲੇਰੀ 'ਤੇ ਵੀ। ਉਹ ਮਾਰ ਸਕਦਾ ਜਾਂ ਮਰ ਸਕਦਾ; ਪਰ ਸਮੇਂ ਦੀ ਨਜ਼ਾਕਤ ਨੂੰ ਸਮਝਣਾ ਤੇ ਉਸ ਅਨੁਸਾਰ ਬਦਲਵੇਂ ਪੈਂਤੜੇ ਲੈਣਾ, ਜਿਸਦੇ ਵੱਸ 'ਚ ਨਹੀਂ ਹੁੰਦਾ ਜਾਂ ਉਸਨੂੰ ਆਉਂਦਾ ਨਹੀਂ। ਆਰਥਕ ਸਰੋਤ ਪੈਦਾ ਕਰਨ ਲਈ ਨਵੇਂ ਪੱਤਰਕਾਰ ਰੱਖਣ ਦਾ ਸਿਲਸਿਲਾ ਸ਼ੁਰੂ ਹੋਣ ਲੱਗਾ। ਸੱਤਾ ਜਾਂ ਰਾਜਨੀਤਕ ਰਸੂਖ ਵਰਤ ਕੇ ਇਸ਼ਤਿਹਾਰ ਲੈਣ ਦੇ ਯਤਨ ਵੀ। ਪਿਛਲਾ ਕੰਮ ਕਾਮਰੇਡ ਆਨੰਦ ਬਾਖੂਬੀ ਕਰ ਲੈਂਦੇ ਸਨ ਜਾਂ ਕੁਝ ਹੱਦ ਤੱਕ ਜਤਿੰਦਰ ਪਨੂੰ। ਪੱਤਰਕਾਰਾਂ ਦਾ ਜ਼ੁੰਮਾ ਭਾਰਦਵਾਜ ਹੁਰਾਂ ਵੱਲ ਸਰਕਿਆ। ਸਿੱਧੀ ਤੇ ਸਪਾਟ ਗੱਲ ਕਰਨ ਦੇ ਆਦੀ ਭਾਰਦਵਾਜ ਇਸ 'ਚ ਪੂਰੀ ਤਰ੍ਹਾਂ ਰਚ ਨਾ ਸਕੇ ਕਿ ਉਨ੍ਹਾਂ 'ਚ ਲਚਕੀਲਾਪਣ ਸੀ ਨਹੀਂ। ਪੁਰਾਣੀ ਪ੍ਰੈਸ ਬੰਦ ਕਰਕੇ ਆਫ਼ਸੈਟ ਲਾਉਣ ਦੀ ਪਲਾਨਿੰਗ ਹੋਈ। ਇਸ ਲਈ ਪੁਰਾਣੀ ਸਿੱਕੇ ਵਾਲੀ ਕੰਪੋਜ਼ਿੰਗ ਬੰਦ ਕਰਕੇ ਕੰਪਿਊਟਰ ਕੰਪੋਜ਼ਿੰਗ ਵੱਲ ਆਉਣਾ ਪੈਣਾ ਸੀ। ਉਸ ਕੰਪੋਜ਼ਿੰਗ ਵਾਲੇ ਸਟਾਫ਼ ਨੂੰ ਕੱਢਣ ਦੇ ਢੰਗ ਤਰੀਕਿਆਂ ਨਾਲ ਸ਼ਾਇਦ

ਭਾਰਦਵਾਜ ਸਹਿਮਤ ਨਹੀਂ ਸਨ ਕਿ ਉਸਨੇ ਆਪਣੀ ਜਨਰਲ ਮੈਨੇਜਰੀ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦੀ ਥਾਂ ਇਹ ਕੰਮ ਪ੍ਰਿਥੀਪਾਲ ਸਿੰਘ ਸੰਧੂ ਵਲ ਸਰਕ ਗਿਆ। ਇਸ ਨਾਲ ਹੀ ਦਫ਼ਤਰ 'ਚ ਉਨ੍ਹਾਂ ਦੀਆਂ ਸ਼ਕਤੀਆਂ ਸਿਮਟਣ ਲੱਗੀਆਂ। ਨਵੇਂ ਢਾਂਚੇ 'ਚ ਉਹ ਵਧੇਰੇ ਤੋਂ ਵਧੇਰੇ ਨੁਕਰੇ ਲਗਦੇ ਗਏ। ਇਸਦਾ ਉਨ੍ਹਾਂ ਦੀ ਮਾਨਸਿਕਤਾ 'ਤੇ ਕੀ ਅਸਰ ਹੁੰਦਾ ਰਿਹਾ, ਇਸਨੂੰ ਪਰ ਉਹ ਉਭਾਸਰਨ ਨਾ ਦੇਂਦੇ! ਜਿਹੜਾ ਵੀ ਫੈਸਲਾ ਸਟਾਫ਼ ਮੀਟਿੰਗ 'ਚ ਲੈ ਲਿਆ ਗਿਆ, ਉਸਨੂੰ ਲਾਗੂ ਕਰਨ ਲਈ ਪੂਰੀ ਤਨਦੇਹੀ ਨਾਲ ਜੁੱਟ ਜਾਂਦੇ। ਕੋਈ ਪੁਰਾਣਾ ਕਾਮਰੇਡ ਮਿਲਣ ਲਈ ਆਉਂਦਾ ਤਾਂ ਉਹ ਬੜੇ ਆਰਾਮ ਨਾਲ ਕਹਿ ਦੇਂਦੇ, "ਮੈਂ ਹੁਣ ਜੀ.ਐਮ. ਨਹੀਂ ਰਿਹਾ।" ਉਨ੍ਹਾਂ ਕੋਲ ਕੰਮ ਘੱਟ ਗਏ ਸਨ ਪਰ ਉਹ ਪੂਰੇ ਸਮੇਂ ਸਿਰ ਦਫਤਰ ਆਉਂਦੇ ਤੇ ਠੀਕ ਪੰਜ ਵਜੇ ਦਫ਼ਤਰ ਦੀਆਂ ਪੌੜੀਆਂ ਉਤਰਦੇ, ਭਾਵੇਂ ਕੋਈ ਉਨ੍ਹਾਂ ਦੇ ਆਉਣ-ਜਾਣ ਦੇ ਸਮੇਂ ਨਾਲ ਆਪਣੀ ਘੜੀ ਦਾ ਟਾਇਮ ਮਿਲਾ ਕੇ ਸਹੀ ਕਰ ਲਵੇ! ਦਫ਼ਤਰ ਦੀ ਇਸ ਉੱਥਲ-ਪੁਥਲ ਨੂੰ ਲੈ ਕੇ ਮੈਂ ਇਕ ਕਹਾਣੀ ਲਿਖੀ 'ਗਲੇਸ਼ੀਅਰ'। ਇਹ 'ਅੱਖਰ' ਦੇ ਜਨਵਰੀ-ਮਾਰਚ 2010 'ਕਹਾਣੀ ਵਿਸ਼ੇਸ਼ ਅੰਕ' 'ਚ ਛਪੀ ਤਾਂ ਕੁਝ ਨੇ ਇਸਨੂੰ ਚੰਗੀ ਕਿਹਾ, ਕੁਝ ਨੇ ਮਾੜੀ ਵੀ। ਇਧਰੋਂ-ਉਧਰੋਂ ਚਰਚਾ ਨੂੰ ਸੁਣ ਕੇ, ਕਈਆਂ ਨੇ ਇਸਨੂੰ ਮੰਗ ਕੇ ਵੀ ਪੜ੍ਹਿਆ, ਪਰ ਅਫ਼ਸੋਸ, ਉਦੋਂ ਤੱਕ ਭਾਰਦਵਾਜ ਇਸ ਦੁਨੀਆਂ ਨੂੰ ਅਲਵਿਦਾ ਕਹਿ ਚੁੱਕੇ ਸਨ, ਜਿਹੜੇ ਇਸ ਕਹਾਣੀ ਦੇ ਇਕ ਬੜੇ ਹੀ ਸ਼ਕਤੀਸ਼ਾਲੀ ਪਾਤਰ ਹਨ। ਖੈਰ...ਉਹ ਕਾਮਰੇਡਾਂ ਦੀ ਉਸ ਪੀੜ੍ਹੀ 'ਚੋਂ ਸਨ, ਜਿਨ੍ਹਾਂ ਲਈ ਪਾਰਟੀ ਹੀ ਸਭ ਕੁਝ ਹੁੰਦੀ ਹੈ, ਮੀਟਿੰਗ 'ਚ ਲਿਆ ਫੈਸਲਾ ਸਭ ਤੋਂ ਉਪਰ; ਆਪਣੀ ਕਿਸੇ ਵੀ ਭਾਵਨਾ ਜਾਂ ਧਾਰਨਾ ਤੋਂ ਵੀ ਉੱਪਰ। ਉਨ੍ਹਾਂ ਨੇ ਪਾਰਟੀ ਦੇ ਜਥੇਬੰਦਕ ਢਾਂਚੇ ਤੇ ਕਮਿਊਨਿਸਟ ਫਲਸਫ਼ੇ ਨੂੰ ਸ਼ਾਇਦ ਹੀ ਕਦੀ ਵੱਖ-ਵੱਖ ਕਰਕੇ ਸੋਚਿਆ ਹੋਵੇ ਜਾਂ ਮਨ ਦੇ ਕਿੰਤੂ-ਪ੍ਰੰਤੂ ਕਦੀ ਬਾਹਰ ਆਉਣ ਦਿੱਤੇ ਹੋਣ! ਸੂਬਾ ਕਮੇਟੀ ਦੇ ਮਤੇ ਤੇ ਫੈਸਲੇ ਉਨ੍ਹਾਂ ਲਈ ਮਾਰਕਸਵਾਦ ਦੀ ਸਭ ਤੋਂ ਸਹੀ ਤੇ ਸਟੀਕ ਵਿਆਖਿਆ ਹੁੰਦੇ। ਉਨ੍ਹਾਂ ਨੂੰ ਪਾਰਟੀ 'ਚ ਅੰਧ-ਸ਼ਰਧਾ ਸੀ ਤੇ ਪਾਰਟੀ ਨੂੰ ਉਨ੍ਹਾਂ 'ਤੇ ਪੂਰਨ ਭਰੋਸਾ। ਇਸੇ ਕਰਕੇ ਉਹ ਅਕਸਰ ਹੀ ਪੰਜਾਬ ਸੀ.ਪੀ.ਆਈ. ਦੀ ਸੂਬਾ ਕੌਂਸਲ ਦੇ ਮੈਂਬਰ ਰਹੇ ਤੇ ਕਈ ਵਾਰ ਕੰਟਰੋਲ ਕਮਿਸ਼ਨ ਦੇ ਮੈਂਬਰ ਵੀ। ਪਾਰਟੀ ਵਲੋਂ ਐਲਾਨੇ ਰਾਹ 'ਤੇ ਅੰਨ੍ਹੇਵਾਹ ਤੁਰੀ ਜਾਣਾ, ਸਮੇਂ-ਸਮੇਂ 'ਤੇ ਪਾਰਟੀ ਵਲੋਂ ਜਾਰੀ ਦਸਤਾਵੇਜ਼ਾਂ ਨੂੰ ਅੱਧੇ-ਅਧੂਰੇ ਢੰਗ ਨਾਲ ਪੜ੍ਹ ਛੱਡਣਾ; ਇਸ ਤੋਂ ਬਿਨਾਂ ਮਾਰਕਸਵਾਦ ਬਾਰੇ ਕੋਈ ਸੰਜੀਦਾ ਕਿਤਾਬ ਸ਼ਾਇਦ ਹੀ ਉਨ੍ਹਾਂ ਨੇ ਨਿੱਠ ਕੇ ਪੜ੍ਹੀ ਹੋਵੇ! ਉਂਜ ਵੀ ਇਹ ਕਮਿਊਨਿਸਟ ਪਾਰਟੀਆਂ 'ਚ ਆਮ ਰੁਝਾਨ ਸੀ, 'ਅਮਲੀ ਸਰਗਰਮੀਆਂ ਦਾ ਮਹੱਤਵ ਹੁੰਦਾ। ਇਨ੍ਹਾਂ 'ਚ ਹੀ ਬੰਦਾ ਪਰਖਿਆ ਜਾਂਦਾ। ਬਹੁਤੀਆਂ ਕਿਤਾਬਾਂ ਪੜ੍ਹਨ ਵਾਲੇ ਤਾਂ ਆਹ-ਧਾਹ ਦੇ ਵੇਲੇ ਮੋਕ ਮਾਰ ਜਾਂਦੇ ਐ!' ਉਦੋਂ ਹੀ ਨਹੀਂ, ਇਹ ਹੁਣ ਦਾ ਵੀ ਆਮ ਵਰਤਾਰਾ ਹੈ!

ਉਹ ਕਮਿਊਨਿਸਟ ਪਾਰਟੀ ਨਾਲ ਜੁੜੇ ਵੀ ਜਥੇਬੰਦਕ ਸਰਗਰਮੀਆਂ ਰਾਹੀਂ ਹੀ ਸੀ। ਆਜ਼ਾਦੀ ਵਾਲੇ ਵਰ੍ਹਿਆਂ ਦੇ ਆਸਪਾਸ ਕਾਮਰੇਡ ਸਤੀਸ਼ ਲੂੰਬਾ ਜਲੰਧਰ ਦੀ ਟਰੇਡ ਯੂਨੀਅਨ ਲਹਿਰ ਦਾ ਬੜਾ ਧਾਕੜ ਆਗੂ ਹੁੰਦਾ ਸੀ। ਪਾਕਿਸਤਾਨ ਤੋਂ ਉੱਜੜ ਕੇ ਆਇਆ ਭਾਰਦਵਾਜ ਪਰਿਵਾਰ, ਇਸ ਸ਼ਹਿਰ ਦੀ ਬਸਤੀ ਗੁਜਾਂ 'ਚ ਆ ਟਿਕਿਆ। ਉਨ੍ਹਾਂ ਨੇ ਪਹਿਲਾਂ ਕੁਝ ਛੋਟੀਆਂ-ਮੋਟੀਆਂ ਨੌਕਰੀਆਂ ਕੀਤੀਆਂ ਤੇ ਫਿਰ ਸ਼ਹਿਰ ਦੇ ਮਸ਼ਹੂਰ ਉਦਯੋਗਿਕ ਘਰਾਣੇ ਅਮੀਂ ਚੰਦ ਪਿਆਰੇ ਲਾਲ ਦੀ ਫਰਮ ਗੋਵਰਧਨ ਦਾਸ ਪੀ.ਏ ਦੇ ਕਾਰਖਾਨੇ 'ਚ, ਅਕਾਊਂਟਸ ਵਿਭਾਗ 'ਚ ਨੌਕਰੀ ਕਰਨ ਲੱਗੇ। ਇਥੇ ਨੌਕਰੀ ਕਰਦਿਆਂ ਅਜੇ ਕੁਝ ਹੀ ਚਿਰ ਹੋਇਆ ਸੀ ਕਿ ਸਤੀਸ਼ ਲੂੰਬਾ ਦੇ ਸੰਪਰਕ 'ਚ ਆ ਗਏ। ਉਨ੍ਹਾਂ ਨੇ ਫਰਮ 'ਚ ਯੂਨੀਅਨ ਖੜ੍ਹੀ ਕਰਕੇ ਹੜਤਾਲ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਹੜਤਾਲ ਸਫ਼ਲ ਨਾ ਹੋ ਸਕੀ। ਮਾਲਕਾਂ ਨੇ ਭਾਰਦਵਾਜ ਸਮੇਤ ਕੁਝ ਜਣਿਆਂ ਨੂੰ ਨੌਕਰੀ ਤੋਂ ਕੱਢ ਦਿੱਤਾ। ਉਥੋਂ ਵਿਹਲੇ ਹੋ ਕੇ ਉਨ੍ਹਾਂ ਨੇ ਕੁਝ ਚਿਰ ਟਰੇਡ ਯੂਨੀਅਨ ਫਰੰਟ 'ਤੇ ਕੰਮ ਕੀਤਾ ਕਿ ਪਾਰਟੀ ਨੇ 1956 'ਚ ਉਨ੍ਹਾਂ ਨੂੰ 'ਨਵਾਂ ਜ਼ਮਾਨਾ' ਦਾ ਪ੍ਰਬੰਧਕ ਲਾ ਦਿੱਤਾ, ਜਿਥੇ ਉਹ ਆਪਣੀ ਜ਼ਿੰਦਗੀ ਦੇ ਆਖਰੀ ਪਲਾਂ ਤੱਕ ਰਹੇ।

ਅਖ਼ਬਾਰ ਦੀ ਪੁਰਾਣੀ ਬਿਲਡਿੰਗ ਕਿਰਾਏ 'ਤੇ ਹੁੰਦੀ ਸੀ। ਬਿਲਡਿੰਗ ਏਨੀ ਜ਼ਰਜ਼ਰ ਹੋ ਚੁੱਕੀ ਸੀ ਕਿ ਜਦੋਂ ਵੀ ਸਾਹਮਣਿਓਂ ਸੜਕ ਤੋਂ ਕੋਈ ਭਾਰਾ ਵਾਹਨ ਲੰਘਦਾ, ਇਹ ਇੰਜ ਹਿੱਲਣ ਲਗਦੀ ਜਿਵੇਂ

ਭੂਚਾਲ ਆ ਰਿਹਾ ਹੋਵੇ! ਕੋਈ ਨਵਾਂ ਆਇਆ ਤਾਂ ਡਰ ਵੀ ਜਾਂਦਾ ਕਿ ਡਿੱਗ ਹੀ ਨਾ ਪਵੇ। ਛੱਤ ’ਚੋਂ ਮਿੱਟੀ ਅਕਸਰ ਹੀ ਕਿਰਦੀ ਰਹਿੰਦੀ। ਕਦੀ ਕੋਈ ਬਾਲਾ ਟੁੱਟ ਜਾਂਦਾ, ਕਦੀ ਕੋਈ ਸ਼ਤੀਰ ਤਿੜਕ ਜਾਂਦਾ ਕਿ ਉਸ ਹੇਠਾਂ ਥੰਮੀ ਲਾਉਣੀ ਪੈਂਦੀ। ਪੂਰੀ ਤਰ੍ਹਾਂ ਰਿਪੇਅਰ ਵੀ ਨਹੀਂ ਸੀ ਕਰਵਾਈ ਜਾ ਸਕਦੀ। ਮਾਲਕਾਂ ਨਾਲ ਇਸ ਨੂੰ ਖਰੀਦ ਲੈਣ ਦੀ ਗੱਲ ਤੁਰੀ ਤਾਂ ਇਸ ਸੌਦੇ ਨੂੰ ਸਿਰੇ ਚੜਾਉਣ ’ਚ ਪ੍ਰਿਥੀਪਾਲ ਸਿੰਘ ਸੰਧੂ, ਜਸ ਮੰਡ, ਸੁਕੀਰਤ ਨੇ ਅਹਿਮ ਭੂਮਿਕਾ ਨਿਭਾਈ। ਨਵੇਂ ਨਕਸ਼ੇ ਅਨੁਸਾਰ ਇਸਨੂੰ ਢਾਹ ਕੇ ਬਣਾਉਣ ਦੀ ਕਾਰਵਾਈ ਸ਼ੁਰੂ ਹੋਈ। ਕੰਮ ਇਸ ਤਰ੍ਹਾਂ ਵਿਉਂਤਿਆ ਗਿਆ ਸੀ ਕਿ ਦਫ਼ਤਰ ਦਾ ਰੋਜ਼ਾਨਾ ਦਾ ਕੰਮ ਕਾਰ ਵੀ, ਵਿੱਚ ਹੀ ਚਲਦਾ ਰਹੇ ਤੇ ਉਸਾਰੀ ਵੀ ਹੁੰਦੀ ਰਹੇ। ਦੋ ਢਾਈ ਸਾਲ ਇਹ ਕੰਮ ਜੂੰਅ ਤੋਰੇ ਤੁਰਦਾ ਰਿਹਾ। ਪੁਰਾਣੀ ਬਿਲਡਿੰਗ ਦੇ ਕਾਇਮ ਰਹਿੰਦਿਆਂ ਅੰਦਰ ਹੀ ਅੰਦਰ ਕੰਕਰੀਟ ਦੇ ਨਵੇਂ ਪਿੱਲਰਾਂ ਵਾਸਤੇ, ਓਨੇ-ਓਨੇ ਥਾਂ ਫਾਊਂਡੇਸ਼ਨਾਂ ਭਰਕੇ ਕੰਮ ਸ਼ੁਰੂ ਹੋਇਆ। ਪਿੱਲਰ ਚੁੱਕ ਕੇ ਛੱਤਾਂ ਦੇ ਬਰਾਬਰ ਲਿਆ, ਪਹਿਲੀ ਛੱਤ ਨੂੰ ਹੀ ਸਟਰਿੰਗ ਵਜੋਂ ਵਰਤ ਕੇ ਉੱਪਰ ਲੈਂਟਰ ਪਾ ਦਿੱਤਾ। ਹੇਠਾਂ ਪਰੈਸ ਚਲਦੀ ਰਹੀ ਤੇ ਉਪਰ ਬੈਠਾ ਸੰਪਾਦਕੀ ਸਟਾਫ਼ ਕੰਮ ਕਰਦਾ ਰਿਹਾ। ਸ਼ਾਇਦ ਤਿੰਨ ਮਹੀਨੇ ਹੀ ਪ੍ਰੈਸ ਬੰਦ ਹੋਈ, ਜਦੋਂ ਲੈਂਟਰ ਹੇਠੋਂ ਪੁਰਾਣੀ ਛੱਤ ਢਾਹ ਕੇ ਸਾਫ਼-ਸਫਾਈ ਹੋਈ ਤੇ ਨਕਸ਼ੇ ਅਨੁਸਾਰ ਪਾਰਟੀਸ਼ਨਾਂ ਬਣੀਆਂ। ਤਿੰਨ ਮੰਜ਼ਲਾਂ ਤਕ ਢਾਹ-ਬਣਾਉਣ ਦਾ ਕੰਮ ਨਾਲੋਂ-ਨਾਲ ਹੋਇਆ। ਪੁਰਾਣੇ ਮਲਬੇ ਨੂੰ ਸਾਂਭਣਾ ਤੇ ਵਿਲੇ ਲਾਉਣਾ; ਨਵੇਂ ਮਟੀਰੀਅਲ, ਸੀਮੈਂਟ, ਬਜਰੀ, ਰੇਤ, ਇੱਟਾਂ ਇਸ ਤਰ੍ਹਾਂ ਮੰਗਵਾਉਣੇ ਕਿ ਬਾਹਰ ਸੜਕ ’ਤੇ ਕੋਈ ਵਿਘਨ ਨਾ ਬਣੇ, ਇਹ ਕੰਮ ਭਾਰਦਵਾਜ ਨੇ ਬੜੀ ਤਨਦੇਹੀ ਤੇ ਸੂਝ ਨਾਲ ਸਾਂਭਿਆ। ਪਰ ਇਸ ਨਵੀਂ ਉਸਾਰੀ ਬਿਲਡਿੰਗ ’ਚ ਉਨ੍ਹਾਂ ਨੂੰ ਬਹਿਣਾ ਨਸੀਬ ਨਾ ਹੋਇਆ। ਨਵੀਂ ਬਿਲਡਿੰਗ ਪਲੱਸਤਰ ਹੋ ਕੇ ਰੰਗ ਰੋਗਨ ਹੋ ਚੁੱਕੀ ਸੀ, ਲੱਕੜੀ ਦਾ ਕੰਮ ਚਲ ਰਿਹਾ ਸੀ ਕਿ 17 ਫਰਵਰੀ 2007 ਨੂੰ ਕੈਂਸਰ ਨਾਲ ਉਹ ਸਦਾ ਲਈ ਚਲ ਵਸੇ। ਉਂਜ ਇਸ ਘਾਤਕ ਬਿਮਾਰੀ ਦਾ ਸਹਿਮ ਤੇ ਸੰਤਾਪ ਉਨ੍ਹਾਂ ਨੂੰ ਬਹੁਤਾ ਚਿਰ ਨਾ ਸਹਿਣਾ ਪਿਆ। ਪੇਟ ਵਿਚ ਖਰਾਬੀ ਰਹਿਣ ਲੱਗੀ ਤਾਂ ਪਹਿਲਾਂ ਉਨ੍ਹਾਂ ਨੇ ਬਹੁਤੀ ਸੰਜੀਦਗੀ ਨਾਲ ਨਾ ਲਿਆ। ਇਧਰ-ਉਧਰ ਦੀਆਂ ਦੁਆਈਆਂ ਖਾਂਦੇ ਰਹੇ। ਕੁਝ ਰਾਹਤ ਮਿਲ ਜਾਂਦੀ ਤਾਂ ਦਫ਼ਤਰ ਆ ਬਹਿੰਦੇ, ਆਪਣੇ ਆਪ ਨੂੰ ਕੰਮਾਂ ’ਚ ਰੁਝਾਈ ਰੱਖਦੇ। ਸਿਹਤ ਗੜਬੜ ਹੋ ਜਾਂਦੀ ਤਾਂ ਮੁੜ ਡਾਕਟਰਾਂ ਦੇ ਚੱਕਰ। ਲਗਾਤਾਰ ਹੀ ਸਿਹਤ ਦੇ ਵਿਗਾੜ ਵਧਣ ਲੱਗੇ, ਲਗਾਤਾਰ ਸਿਹਤ ਡਿਗਣ ਲੱਗੀ ਤਾਂ ਗੁਰਮੀਤ ਉਨ੍ਹਾਂ ਨੂੰ ਪਟੇਲ ਹਸਪਤਾਲ ’ਚ ਚੈਕਅਪ ਲਈ ਲੈ ਗਿਆ, ਜਿਥੇ ਡਾਕਟਰਾਂ ਨੇ ਪਹਿਲੀ ਵਾਰ ਕੈਂਸਰ ਡਾਇਗਨੋਜ਼ ਕੀਤਾ, ਉਹ ਵੀ ਆਖਰੀ ਸਟੇਜ ’ਤੇ ਪੁੱਜਿਆ ਹੋਇਆ। ਉਨ੍ਹਾਂ ਦਾ ਜਿਗਰ ਲਗਪਗ ਤਬਾਹ ਹੋ ਚੁੱਕਾ ਸੀ। ਕੀਮੀਆ ਥਰੈਪੀ ਸ਼ੁਰੂ ਹੋਈ। ਇਸ ਦੀਆਂ ਅਜੇ ਦੋ ਥਰੈਪੀਆਂ ਹੀ ਹੋਈਆਂ ਸਨ ਕਿ ਸਰੀਰ ਨੇ ਰਿਸਪਾਂਸ ਕਰਨਾ ਬੰਦ ਕਰ ਦਿੱਤਾ। “ਇਹ ਥਰੈਪੀ ਹੋਰ ਨਹੀਂ ਦਿੱਤੀ ਜਾ ਸਕਦੀ...ਹੁਣ ਬਸ ਸੇਵਾ ਹੀ ਕਰੋ।”

ਕੀਮੀਆ ਛੱਡ ਕੇ ਫਿਰ ਹੋਰ ਇਲਾਜ ਸ਼ੁਰੂ ਹੋਏ, ਜਿਨ੍ਹਾਂ ’ਚ ਮੁਖ ਮਕਸਦ ਸੀ ਕਿ ਉਨ੍ਹਾਂ ਨੂੰ ਦਰਦ ਘੱਟ ਹੋਵੇ। ਕੈਂਸਰ ਤੋਂ ਬਿਨਾਂ ਦੂਸਰੀਆਂ ਤਕਲੀਫ਼ਾਂ ਬਹੁਤੀਆਂ ਨਾ ਵਧਣ! ਇਸ ਇਲਾਜ ਨਾਲ ਕਦੀ ਉਹ ਰਾਹਤ ਮਹਿਸੂਸ ਕਰਦੇ ਤਾਂ ਘਰ ਆ ਜਾਂਦੇ। ਗੜਬੜ ਵਧਣ ਹੋਣ ਲਗਦੀ ਤਾਂ ਮੁੜ ਕਿਸੇ ਨਰਸਿੰਗ ਹੋਮ ’ਚ। ਪੁੱਛਣ ’ਤੇ ਬਸ ਇਕੋ ਸ਼ਿਕਾਇਤ ਹੁੰਦੀ, “ਪੇਟ ਕੱਸਿਆ ਰਹਿੰਦਾ...ਗੈਸ ਪਾਸ ਨਹੀਂ ਹੁੰਦੀ...ਬਾਕੀ ਤਾਂ ਠੀਕ ਹੈ।” ਉਨ੍ਹਾਂ ਨੂੰ ਇਹ ਗੈਸ ਦੀ ਸ਼ਿਕਾਇਤ ਬਹੁਤੀ ਲੱਗਦੀ ਸੀ ਕਿ ਪਹਿਲਾਂ ਉਨ੍ਹਾਂ ਨੂੰ ਕੈਂਸਰ ਬਾਰੇ ਤੇ ਉਹ ਵੀ ਆਖਰੀ ਸਟੇਜ ’ਤੇ ਪਹੁੰਚੇ ਹੋਣ ਬਾਰੇ, ਦੱਸਿਆ ਨਹੀਂ ਸੀ ਗਿਆ।

ਉਨ੍ਹਾਂ ਦਾ ਜਨਮ ਪਹਿਲੀ ਮਾਰਚ 1930 ਨੂੰ ਪਿੰਡ ਮੁਗੋਵਾਲ, ਜ਼ਿਲ੍ਹਾ ਗੁਜਰਾਤ (ਪੱਛਮੀ ਪੰਜਾਬ) ਵਿਖੇ ਹੋਇਆ। ਉਨ੍ਹਾਂ ਦੇ ਬਾਪ ਗੁਰਦਾਸ ਵੈਦਗਿਰੀ ਕਰਦੇ ਸਨ ਤੇ ਉਨ੍ਹਾਂ ਦੀ ਇਲਾਕੇ ’ਚ ਚੰਗੀ ਮਾਨਤਾ ਸੀ। ਕ੍ਰਿਸ਼ਨ ਨੇ ਮੁੱਢਲੀ ਪੜ੍ਹਾਈ ਕਰਨ ਉਪਰੰਤ ਲਾਹੌਰ ਵਿਖੇ ‘ਡਿਪਲੋਮਾ ਇਨ ਪਰਸ਼ੀਅਨ’ ’ਚ ਦਾਖਲਾ ਲਿਆ। ਉਹ ਦਸਦੇ, “ਉਨ੍ਹਾਂ ਦੇ ਪਿੰਡੋਂ ਜਲਾਲਪੁਰ ਜੱਟਾਂ ਤਕ ਟਾਂਗੇ ਦਾ ਇਕ ਘੰਟੇ ਦਾ ਸਫ਼ਰ ਸੀ ਤੇ ਉਥੋਂ ਲਾਹੌਰ ਲਈ ਰੇਲਗੱਡੀ ਮਿਲ ਜਾਂਦੀ।” ਉਨ੍ਹਾਂ ਦਾ ਡਿਪਲੋਮਾ ਅਜੇ ਮੁਕੰਮਲ ਹੋਣਾ ਬਾਕੀ ਸੀ ਕਿ ਦੇਸ਼ ਦੀ ਵੰਡ ਹੋ ਗਈ ਤੇ ਉਜੜਨਾ ਪੈ ਗਿਆ। ਪੜ੍ਹਾਈ ਵਿਚੇ ਰਹਿ ਗਈ ਤੇ ਇਧਰ

ਆ ਰੋਜ਼ੀ-ਰੋਟੀ ਦੇ ਲਾਲੇ ਪੈ ਗਏ। ਸੰਘਰਸ਼ ਦੇ ਇਨ੍ਹਾਂ ਮੁਢਲੇ ਵਰ੍ਹਿਆਂ 'ਚ ਕੁਝ ਵਰ੍ਹੇ ਉਨ੍ਹਾਂ 'ਤੇ ਐਕਟਰ ਬਣਨ ਦਾ ਭੂਤ ਵੀ ਸਵਾਰ ਰਿਹਾ। ਇਕ ਵਾਰ ਮੁੰਬਈ ਵੀ ਗਏ, ਪਰ ਉਥੇ ਧੱਕੇ ਖਾਣ ਤੋਂ ਬਾਅਦ ਇਹ ਜਨੂੰਨ ਛੇਤੀ ਹੀ ਉਤਰ ਗਿਆ। ਇਸੇ ਉਮਰ 'ਚ ਉਨ੍ਹਾਂ ਨੂੰ ਸੰਗੀਤ ਦਾ ਵੀ ਸ਼ੌਕ ਸੀ, ਜਿਹੜਾ ਹੌਲੀ-ਹੌਲੀ ਸਿਰਫ਼ ਸੁਣਨ ਤੱਕ ਸੀਮਤ ਹੁੰਦਾ ਗਿਆ। ਆਪਣੀ ਉਮਰ ਦੇ ਅਖੀਰ ਤੱਕ ਹਰਵਲਬ ਸੰਗੀਤ ਸੰਮੇਲਨ ਤੋਂ ਲੈ ਕੇ ਸ਼ਹਿਰ ਦੀ ਕੋਈ ਵੀ ਸੰਗੀਤਕ ਸਭਾ ਅਜਿਹੀ ਨਹੀਂ ਸੀ, ਜਿਸਨੂੰ ਸੁਣਨ ਲਈ ਉਹ ਨਾ ਪੁੱਜਦੇ। ਇਸ ਮਾਮਲੇ 'ਚ ਜਲੰਧਰ ਦੀਆਂ ਸੰਗੀਤਕ ਸਰਗਰਮੀਆਂ ਦੇ ਰੂਹੇ-ਰਵਾਂ ਜਗਜੀਤ ਬਾਵਰਾ ਅਕਸਰ ਉਨ੍ਹਾਂ ਕੋਲ ਆਏ ਬੈਠੇ ਰਹਿੰਦੇ। ਉਰਦੂ ਅਖ਼ਬਾਰ 'ਹਿੰਦ ਸਮਾਚਾਰ' ਪੜ੍ਹਨਾ ਵੀ ਉਨ੍ਹਾਂ ਦੇ ਰੋਜ਼ਾਨਾ ਦੇ ਜ਼ਰੂਰੀ ਕੰਮਾਂ 'ਚ ਸ਼ਾਮਲ ਹੁੰਦਾ। ਦਫ਼ਤਰ ਦੇ ਜ਼ਰੂਰੀ ਕੰਮਕਾਰ ਮੁਕਾ ਕੇ, ਉਹ ਇਸਦਾ ਨਿੱਠ ਕੇ ਪਾਠ ਕਰਦੇ। ਜੇ ਕਿਸੇ ਕਾਰਨ ਇਹ ਦਫ਼ਤਰ ਨਾ ਆਈ ਹੁੰਦੀ ਤਾਂ ਸੇਵਾਦਾਰ ਨੂੰ ਉਚੇਚਾ ਭੇਜ ਕੇ ਮੰਗਵਾਉਂਦੇ, "ਇਸ ਤੋਂ ਬਿਨਾਂ ਸਵਾਦ ਜਿਹਾ ਨਹੀਂ ਆਉਂਦਾ।" ਸ਼ਰਾਬ ਦੇ ਵੀ ਸ਼ੌਕੀਨ ਸਨ ਪਰ ਦੋਸਤਾਂ ਦੇ ਇਕ ਖਾਸ ਘੇਰੇ 'ਚ ਹੀ ਬਹਿ ਕੇ ਪੀਣ ਦੇ। ਉਹ ਵੀ ਬਹੁਤੇ ਕਾਮਰੇਡ। ਇਸਨੂੰ ਲੁਕਾਉਂਦੇ ਵੀ ਨਾ, ਸਗੋਂ ਕਈ ਵਾਰ ਸ਼ਾਮ ਦੀ ਕਿਸੇ ਅਜਿਹੀ ਮਹਿਫ਼ਲ ਦਾ ਜ਼ਿਕਰ ਦੂਸਰੇ ਦਿਨ ਦਫ਼ਤਰ 'ਚ ਵੀ ਕਰ ਲੈਂਦੇ। ਉਨ੍ਹਾਂ ਦੀ ਜ਼ਿੰਦਗੀ ਖੁੱਲ੍ਹੀ ਕਿਤਾਬ ਵਰਗੀ ਸੀ। ਸਪੱਸ਼ਟ, ਸਾਦੀ। ਜੋ ਕੁਝ ਕੀਤਾ ਸਹਿਜ ਰਹਿ ਕੇ ਕੀਤਾ; ਉਹ ਚਾਹੇ ਪਾਰਟੀ 'ਚ ਸਰਗਰਮੀ ਸੀ ਜਾਂ ਘਰ ਪਰਿਵਾਰ ਦੀਆਂ ਜ਼ੁੰਮੇਵਾਰੀਆਂ। ਤਿੰਨੇ ਧੀਆਂ ਨੂੰ ਵਧੀਆ ਸਿੱਖਿਆ ਦਿਵਾਈ ਤੇ ਆਪਣੇ ਪੈਰਾਂ ਸਿਰ ਖੜ੍ਹੇ ਹੋਣਾ ਸਿਖਾਇਆ। ਉਹ ਵਿਆਹ ਕੇ ਆਪਣੇ ਘਰ ਚਲੀਆਂ ਗਈਆਂ ਤਾਂ ਬਿਮਾਰ ਬੀਵੀ ਨੂੰ ਬੜੇ ਤਹੱਮਲ ਨਾਲ ਸਾਂਭਿਆ। ਨਾ ਕੇਵਲ ਉਸਦੀ ਦੇਖਭਾਲ ਕੀਤੀ, ਸਗੋਂ ਦਫ਼ਤਰ ਡਿਊਟੀ 'ਚ ਵੀ ਕੋਈ ਕੋਤਾਹੀ ਨਾ ਆਉਣ ਦਿੱਤੀ। 2001 'ਚ ਜਦੋਂ ਬੀਵੀ ਦੀ ਮੌਤ ਹੋ ਗਈ ਤਾਂ ਉਸ ਘਰ 'ਚ ਉਹ ਇਕੱਲੇ ਰਹਿੰਦੇ ਰਹੇ। ਪ੍ਰਭਾਤ (ਉਨ੍ਹਾਂ ਦੀ ਵੱਡੀ ਬੇਟੀ) ਉਸ ਵੇਲੇ ਬੈਂਕ ਮੈਨੇਜਰ ਸੀ ਤੇ ਗੁਰਮੀਤ (ਵੱਡਾ ਜਵਾਈ) ਦੇਸ਼ ਭਗਤ ਯਾਦਗਾਰ ਹਾਲ ਦਾ ਜਨਰਲ ਸਕੱਤਰ। ਉਹ ਵੀ ਜਲੰਧਰ ਹੀ ਰਹਿੰਦੇ ਸਨ। ਜੇ ਕਦੀ ਜ਼ੋਰ-ਜਬਰਦਸਤੀ ਕਰ ਉਹ ਉਨ੍ਹਾਂ ਨੂੰ ਆਪਣੇ ਕੋਲ ਲੈ ਜਾਂਦੇ ਤਾਂ ਉੱਥੇ ਉਨ੍ਹਾਂ ਕੋਲ ਇਕ ਅੱਧੇ ਦਿਨ ਤੋਂ ਵਧ ਨਾ ਠਹਿਰਦੇ। ਮੁੜ ਆਪਣੇ ਘਰ। ਦੋ ਕਮਰਿਆਂ ਦਾ ਛੋਟਾ ਜਿਹਾ ਘਰ, ਜਿਸ 'ਚ ਉਹ ਆਪਣੀ ਰੋਟੀ ਆਪ ਬਣਾਉਂਦੇ ਤੇ ਸਾਰੇ ਕੰਮ ਨਿਪਟਾ ਕੇ ਠੀਕ ਸਮੇਂ 'ਤੇ ਦਫ਼ਤਰ ਵੀ ਆਣ ਪੁੱਜਦੇ।

ਉਨ੍ਹਾਂ ਦੀ ਮੌਤ ਤੋਂ ਕੁਝ ਦਿਨ ਪਹਿਲਾਂ ਮੈਂ ਮਿਲਣ ਗਿਆ। ਉਹ ਡਿਫੈਂਸ ਕਲੋਨੀ ਵਾਲੇ ਡਾਕਟਰ ਦਰਸ਼ਨ ਸਿੰਘ ਦੇ ਨਰਸਿੰਗ ਹੋਮ 'ਚ ਦਾਖਲ ਸਨ। ਮੈਂ ਉਨ੍ਹਾਂ ਦੇ ਕਮਰੇ 'ਚ ਲੰਘਿਆ ਤਾਂ ਉਹ ਪੂਰੇ ਹੋਸ਼ੋ-ਹਵਾਸ 'ਚ ਲੇਟੇ ਹੋਏ ਸਨ। ਹਾਲਚਾਲ ਪੁੱਛਿਆ ਤਾਂ ਉਨ੍ਹਾਂ ਨੇ ਪੂਰੀ ਚੜ੍ਹਦੀ ਕਲਾ 'ਚ ਕਿਹਾ, "ਬਾਕੀ ਤਾਂ ਕੋਈ ਤਕਲੀਫ਼ ਨਹੀਂ... ਬਸ ਪੇਟ ਕੱਸਿਆ ਹੋਇਆ ਜਿਵੇਂ ਪੱਥਰ ਹੋ ਗਿਆ ਹੋਵੇ! ਇਸ ਕਰਕੇ ਚੈਨ ਨਹੀਂ ਆਉਂਦੀ।" ਉਨ੍ਹਾਂ ਨੇ ਦਫ਼ਤਰ ਦਾ ਹਾਲਚਾਲ ਪੁੱਛਿਆ ਤੇ ਕੁਝ ਇਧਰ-ਉਧਰ ਦੀਆਂ ਗੱਲਾਂ ਵੀ ਕੀਤੀਆਂ। ਮੈਥੋਂ ਬਹੁਤੀ ਦੇਰ ਬੈਠਿਆ ਨਾ ਗਿਆ ਕਿ ਮੈਨੂੰ ਪਤਾ ਸੀ, ਉਨ੍ਹਾਂ ਦੀ ਜ਼ਿੰਦਗੀ ਬਹੁਤਾ ਚਿਰ ਨਹੀਂ ਹੈ। ਸਥਿਤੀ ਦਾ ਅਗਲਾ ਪਰ ਭਿਅੰਕਰ ਦੁਖਾਂਤ; ਉਨ੍ਹਾਂ ਨੂੰ ਵੀ ਇਸ ਹੋਣੀ ਦਾ ਅਹਿਸਾਸ ਸੀ। ਉਦੋਂ ਤਕ ਉਨ੍ਹਾਂ ਨੂੰ ਆਪਣੀ ਬਿਮਾਰੀ ਬਾਰੇ ਪਤਾ ਲੱਗ ਗਿਆ ਹੋਇਆ ਸੀ। ਉਨ੍ਹਾਂ ਦੀ ਬੇਟੀ ਪ੍ਰਭਾਤ ਨਾਲਦੇ ਬੈੱਡ 'ਤੇ ਟੇਢੀ ਹੋ ਸੁਸਤਾ ਰਹੀ ਸੀ, ਓਹੀ ਦਫ਼ਤਰ ਵਾਲੇ ਕਪੜੇ। ਉਹ ਬੈਂਕ 'ਚ ਆਪਣੀ ਡਿਊਟੀ ਤੋਂ ਸਿਧੀ ਹੀ ਹਸਪਤਾਲ ਆ ਗਈ ਸੀ ਸ਼ਾਇਦ!

ਮੇਰੇ ਘਰ ਤੋਂ ਇਹ ਨਰਸਿੰਗ-ਹੋਮ ਮਸਾਂ ਢਾਈ-ਤਿੰਨ ਸੌ ਮੀਟਰ ਦਾ ਫਾਸਲਾ ਹੋਊ, ਪਰ ਮੈਂ ਮੁੜ ਉਨ੍ਹਾਂ ਨੂੰ ਦੇਖਣ ਜਾਣ ਦਾ ਜੇਰਾ ਨਾ ਕਰ ਸਕਿਆ ਕਿ ਕਿਸੇ ਮਰ ਰਹੇ ਬੰਦੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰਨੀ, ਸ਼ਾਇਦ ਸਹਿਲ ਨਹੀਂ ਹੁੰਦੀ! 000

***(95-ਸੀ, ਪੰਜਾਬ ਐਵੇਨਿਊ, ਨੇੜੇ ਅਰਬਨ ਅਸਟੇਟ, ਫੇਜ਼-1,
ਜਲੰਧਰ-144 022, ਫੋਨ: +91-95309-44345)***

# ਬਾਵਾ ਬਲਵੰਤ ਦੀ ਵਾਰਤਕ ਦੀ ਵਿਸ਼ਵ ਦ੍ਰਿਸ਼ਟੀ

**ਮਨਮੋਹਨ**

ਮਾਰਕਸਵਾਦ ਤੇ ਉਤਰ ਮਾਰਕਸਵਾਦ ਨੇ ਸਮਾਜ-ਰਾਜਨੀਤਕ ਹੋਂਦ ਦੇ ਸਿਧਾਂਤ ਦੇ ਕਰੀਟੀਕਲ ਅਮਲ ਕਾਰਣ ਦ੍ਰਿਸ਼ਟੀਮੂਲਕ ਨਿਰਪੇਖਾਂ ਨੂੰ ਤੋੜਨ 'ਚ ਮਹੱਤਵਪੂਰਣ ਭੂਮਿਕਾ ਨਿਭਾਈ। ਮਾਰਕਸਵਾਦੀ ਸਮਝ ਅਨੁਸਾਰ ਪੂੰਜੀ ਇਕ ਸੱਭਿਆਚਾਰਕ ਸਰੋਤ ਹੈ ਜੋ ਸਮਾਜਕ-ਆਰਥਿਕ ਸੰਬੰਧਾਂ 'ਚੋਂ ਪੈਦਾ ਹੁੰਦਾ ਹੈ। ਇਹ ਸਿਰਫ਼ ਆਰਥਿਕ ਵਿਰੋਧ ਹੀ ਨਹੀਂ ਜੋ ਇਨਕਲਾਬ ਲਿਆਂਦੈ ਬਲਕਿ ਇਹ ਬਹੁਵਚਨੀ, ਟਕਰਾਵੀ ਸਮਾਜ-ਸਭਿਆਚਾਰਕ ਸਥਿਤੀਆਂ ਕਾਰਣ ਵੀ ਵਾਪਰਦਾ ਹੈ ਜਿਸ 'ਚ ਭਾਸ਼ਾ, ਸਾਹਿਤ, ਤੇ ਸੱਭਿਆਚਾਰਕ ਦ੍ਰਿਸ਼ਟੀਆਂ ਦੀ ਵੱਡੀ ਭੂਮਿਕਾ ਹੁੰਦੀ ਹੈ। ਇਸ ਲਈ ਵਿਰੋਧ ਨੂੰ ਰੇਖਕੀ/ਇਕਹਿਰੇ ਪਾਸਾਰਾਂ ਰਾਹੀਂ ਨਹੀਂ ਦੇਖਿਆ ਜਾ ਸਕਦਾ ਸਗੋਂ ਇਸਨੂੰ ਵੱਖਰੀਆਂ ਤੇ ਵਿਭਿੰਨ ਬਹੁਵਚਨੀ ਵਿਆਖਿਆਵਾਂ ਰਾਹੀਂ ਸਮਝਣਾ ਚਾਹੀਦਾ ਹੈ।

ਉਤਰ ਮਾਰਕਸਵਾਦ 'ਚ ਇਨਕਲਾਬ ਤੇ ਨਾਬਰੀ ਜਮਾਤ/ਪਾਰਟੀਮੂਲਕ ਨਹੀਂ। ਵਿਰੋਧ ਕਈ ਪ੍ਰਕਾਰ ਦੇ ਲੋਕਾਂ, ਸਮੂਹਾਂ ਅਤੇ ਨਿੱਜੀ ਬੰਦਿਆਂ ਰਾਹੀਂ ਸੱਤਾ ਏਜੰਸੀਆਂ ਦੀ ਸਪੇਸ 'ਚ ਵੜ ਕੇ ਕੀਤਾ ਜਾਂਦਾ ਹੈ। ਮਾਰਕਸਵਾਦ ਦੇ ਨਿਰਪੇਖ ਨੂੰ ਤੋੜਦਿਆਂ, ਉਤਰ ਮਾਰਕਸਵਾਦ ਇਤਿਹਾਸ ਤੇ ਸੱਭਿਆਚਾਰ ਦੇ ਉਥਲ ਪੁਥਲ ਵਾਲੇ ਦੌਰਾਂ ਦੀ ਖੋਜ ਕਰਦਾ ਹੈ। ਜਿੱਥੇ ਮਾਰਕਸਵਾਦ ਵਿਰੋਧਾਭਾਵਾਂ ਦੇ ਹੱਲ ਤਲਾਸ਼ਦਾ ਹੈ ਓਥੇ ਉਤਰ ਮਾਰਕਸਵਾਦ ਵਿਰੋਧਾਂ ਦੇ ਬਹੁਵਚਨੀ ਰੂਪਾਂ ਨਾਲ ਸਰੂਪੇ ਸੱਭਿਆਚਾਰਾਂ, ਇਤਿਹਾਸਾਂ ਤੇ ਲੋਕਤੰਤਰਾਂ ਨੂੰ ਵੀ ਸਮਝਣ ਦਾ ਯਤਨ ਹੈ। ਉਤਰ ਮਾਰਕਸਵਾਦ ਨੇ ਸਮਾਜਕ ਕਲਪਨਾਵਾਂ, ਸਾਰਵਭੌਮਿਕ ਤੇ ਵਿਸ਼ੇਸ਼ ਦਰਮਿਆਨ ਟਕਰਾਵੀ ਸੰਬੰਧਾਂ ਨੂੰ ਕੇਂਦਰ 'ਚ ਲਿਆ ਕੇ ਜਮਾਤ ਦਾ ਵਿਕਲਪ ਦਿੱਤਾ ਹੈ।

ਬਸਤੀਵਾਦੀ ਦੌਰਾਂ ਵੱਲੋਂ ਦੂਜੇ ਸੱਭਿਆਚਾਰਾਂ ਨੂੰ ਢਾਹ ਲਾਉਣ ਵਾਲੇ ਕਈ ਚੌਖਟਿਆਂ ਨੂੰ ਮਾਰਕਸਵਾਦ, ਉਤਰ ਬਸਤੀਵਾਦ ਤੇ ਫਰਾਇਡੀਅਨ ਪਰਿਪੇਖਾਂ ਰਾਹੀਂ ਸਮਝਿਆ ਗਿਆ। ਪੂੰਜੀਵਾਦ ਦੇ ਬਸਤੀਵਾਦੀ ਤੇ ਸਾਮਰਾਜਵਾਦੀ ਦੌਰ 'ਚ ਪ੍ਰਤੀਰੋਧ ਨੇ ਆਪਣੀ ਭਾਸ਼ਾ, ਮਿੱਥ ਅਤੇ ਸੱਭਿਆਚਾਰਕ ਦ੍ਰਿਸ਼ਟੀਆਂ ਦੇ ਪ੍ਰਵਾਹ ਨਾਲ ਨਿਰਪੇਖੀ ਚੌਖਟਿਆਂ ਨੂੰ ਵਿਸਥਾਪਤ ਕੀਤਾ। ਬਹੁਸੱਭਿਆਚਾਰਕ ਅਨੁਭਵਾਂ ਤੇ ਸਾਹਿਤਕ-ਭਾਸ਼ਕ ਪ੍ਰਗਟਾਵਾਂ ਦੇ ਅੰਤਰਜੋੜ ਨੇ ਰੂਪ ਤੇ ਮਾਦੇ ਦੀ ਦਵੈਤ ਦੀ ਸਾਰਵਭੌਮਿਕਤਾ ਨੂੰ ਵਿਸਥਾਪਤ ਕੀਤਾ ਅਤੇ ਸਮਤਾਵਾਦੀ ਸਪੇਸ ਨੂੰ ਉਭਾਰ ਪ੍ਰਦਾਨ ਕੀਤਾ।

ਬਾਵਾ ਬਲਵੰਤ ਦੀ ਵਾਰਤਕ ਦੀ ਵਿਸ਼ਵ ਦ੍ਰਿਸ਼ਟੀ ਦੀ ਪਹਿਚਾਣ ਉਪਰ ਵਿਚਾਰੇ ਗਏ ਵਿਚਾਰ-ਵਿਗਾਸ 'ਚੋਂ ਜਦੋਂ ਦੇਖਦੇ ਹਾਂ ਤਾਂ ਇਹ ਸਹਿਜੇ ਹੀ ਸਥਾਪਤ ਹੋ ਜਾਂਦਾ ਹੈ ਕਿ ਬਾਵਾ ਬਲਵੰਤ ਆਪਣੀ ਵਿਚਾਰਧਾਰਕ ਪ੍ਰੇਰਣਾ ਤੇ ਵਿਸ਼ਵ ਦ੍ਰਿਸ਼ਟੀ ਮਾਰਕਸਵਾਦ ਅਤੇ ਭਾਰਤੀ ਪ੍ਰਗਤੀਵਾਦੀ ਤੇ ਸਮਾਜਵਾਦੀ ਰਾਜਨੀਤਕ ਸੂਝ ਬੂਝ 'ਚੋਂ ਗ੍ਰਹਿਣ ਕਰਦਾ ਹੈ ਪਰ ਉਸਦਾ ਪ੍ਰਗਟਾਅ ਭਾਰਤੀ ਸਨਾਤਨ, ਪੁਰਾਤਨ ਸੱਭਿਆਚਾਰਕ ਪਰੰਪਰਾ ਦੇ ਭਾਸ਼ਕ, ਮਿੱਥਕ, ਮਨੋਵਿਗਿਆਨਕ ਤੇ ਰਾਜਨੀਤਕ ਸਰੋਤਾਂ ਤੋਂ ਦੀ ਭਾਸ਼ਾ 'ਚੋਂ ਤਲਾਸ਼ਦਾ ਹੈ ।

ਬਾਵਾ ਬਲਵੰਤ ਦੀਆਂ ਵਾਰਤਕ ਲਿਖਤਾਂ 'ਚੋਂ ਬਿੰਬਤ ਵਿਸ਼ਵ ਦ੍ਰਿਸ਼ਟੀ ਤੋਂ ਸਥਾਪਤ ਹੁੰਦਾ ਹੈ ਕਿ ਉਹ ਮਾਰਕਸਵਾਦ ਅਤੇ ਰੂਸੀ ਇਨਕਲਾਬ ਤੋਂ ਬਹੁਤ ਪ੍ਰਭਾਵਤ ਸੀ। ਉਸ ਉਪਰ 1936 'ਚ ਸ਼ੁਰੂ ਹੋਈ ਸਾਹਿਤ ਸਿਰਜਣਾ ਦੀ ਪ੍ਰਗਤੀਵਾਦੀ ਲਹਿਰ ਦਾ ਵੀ ਚੋਖਾ ਪ੍ਰਭਾਵ ਸੀ। ਇਸ ਵਿਚਾਰਧਾਰਾ ਤੋਂ ਪ੍ਰਭਾਵਤ ਉਸਦੀਆਂ ਉਰਦੂ ਕਵਿਤਾਵਾਂ ਕਾਵਿ ਸੰਗ੍ਰਹਿ 'ਸ਼ੇਰ-ਏ-ਹਿੰਦ' 'ਚ

ਛਪੀਆਂ ਜੋ ਸਰਕਾਰ ਨੇ ਬਾਅਦ 'ਚ ਜ਼ਬਤ ਕਰ ਲਈ।

ਬਾਵਾ ਬਲਵੰਤ ਆਧੁਨਿਕ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵੀਹਵੀਂ ਸਦੀ ਦੇ ਸ਼ੁਰੂ 'ਚ ਆਪਣੀ ਨਿਵੇਕਲੀ ਪ੍ਰਗਤੀਵਾਦੀ ਪ੍ਰਤੀਰੋਧੀ ਸੁਰ ਵਾਲੀਆਂ ਲਿਖਤਾਂ ਨਾਲ ਪੰਜਾਬੀ ਸਾਹਿਤ ਦੇ ਜਗਤ 'ਚ ਉਭਰਿਆ ਵਿਲੱਖਣ ਸਾਹਿਤਕਾਰ ਹੈ। ਆਧੁਨਿਕ ਪੰਜਾਬੀ ਸਾਹਿਤ ਦਾ ਉਹ ਅਜਿਹਾ ਪ੍ਰਮੁੱਖ ਹਸਤਾਖਰ ਹੈ ਜਿਸਦੀਆਂ ਲਿਖਤਾਂ 'ਚ ਮਨੁੱਖੀ ਜੀਵਨ ਦੀਆਂ ਮਾਨਵੀ ਸੋਝੀ ਤੇ ਕਦਰਾਂ-ਕੀਮਤਾਂ ਨੂੰ ਪ੍ਰਗਤੀਵਾਦੀ ਵਿਸ਼ਵ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਵੀਹਵੀਂ ਸਦੀ ਦਵੰਦਵਾਦੀ ਭੌਤਿਕਵਾਦ ਨਾਲ ਸੰਬੰਧਤ ਰਹੀ ਹੈ। ਕਿਸੇ ਵੀ ਸਮਾਜਕ, ਰਾਜਨੀਤਕ ਅਤੇ ਸੱਭਿਆਚਾਰਕ ਪਰਿਵਰਤਨ ਲਈ ਚਿੰਤਕਾਂ ਅਤੇ ਲੇਖਕਾਂ ਦੀ ਵਿਦਰੋਹ ਦੀ ਪ੍ਰਕਿਰਿਆ 'ਚ ਵੱਡੀ ਭੂਮਿਕਾ ਦੇਖੀ ਗਈ ਹੈ। ਵਿਚਾਰਧਾਰਾ ਦੀ ਨੀਂਹ ਤੋਂ ਬਿਨਾਂ ਹਰ ਇਨਕਲਾਬ ਦਿਸ਼ਾਹੀਣ ਹੋ ਜਾਂਦਾ ਹੈ। ਮੈਕਿਸਮ ਗੋਰਕੀ ਕਿਸੇ ਕ੍ਰਾਂਤੀਕਾਰੀ ਸੰਗਠਨ 'ਚ ਨਹੀਂ ਸੀ ਪਰ ਸਾਰੇ ਇਨਕਲਾਬੀਆਂ ਨੇ ਉਸਦੀ ਕਿਰਤ 'ਮਾਂ' ਜ਼ਰੂਰ ਪੜ੍ਹੀ।

ਬਾਵਾ ਬਲਵੰਤ ਦੀ ਪਹਿਲੀ ਵਾਰਤਕ ਪੁਸਤਕ 'ਕਿਸ ਕਿਸ ਤਰ੍ਹਾਂ ਦੇ ਨਾਚ' 1957 'ਚ ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ ਜਲੰਧਰ ਨੇ ਪ੍ਰਕਾਸ਼ਤ ਕੀਤੀ। ਇਸ ਪੁਸਤਕ 'ਚ ਪੰਦਰਾਂ ਲੇਖ ਸ਼ਾਮਿਲ ਹਨ। ਇਸ ਲੇਖ ਸੰਗ੍ਰਹਿ ਦੀ ਭੂਮਿਕਾ ਸ. ਅਮਰ ਸਿੰਘ ਨੇ ਲਿਖੀ । ਉਸ ਅਨੁਸਾਰ; 'ਸਹਿਲ-ਸੁਖੈਣਤਾ ਲੇਖਾਂ ਦੀ ਸ਼ੈਲੀ ਦੀ ਮੁੱਢਲੀ ਆਵੱਸ਼ਕਤਾ ਹੈ। ਬਾਵਾ ਬਲਵੰਤ ਦੇ ਲੇਖ ਸਹਿਲ-ਸੁਖੈਣ ਸ਼ੈਲੀ ਵਿਚ, ਨਿਤਾਪ੍ਰਤੀ ਜੀਵਨ ਦੇ ਸਾਧਾਰਨ ਪਰ ਗੰਭੀਰ ਅਸਰ ਰੱਖਣ ਵਾਲੇ ਮਸਲਿਆਂ ਉੱਤੇ ਟੀਕਾ ਟਿਪਣੀ ਹਨ । ਬਾਵਾ ਬਲਵੰਤ ਹਾਸਮਈ ਵਿਅੰਗ ਜਾਂ ਵਿਅੰਗਮਈ ਹਾਸ ਰਾਹੀਂ ਸਮਾਜਕ ਅਤੇ ਵਿਅਕਤਵ, ਸਮਹੂਕ ਅਤੇ ਵਿਅਕਤੀਗਤ ਰੱਚੀਆਂ ਕਰੁਚੀਆਂ ਉੱਤੇ ਚੋਟ ਕਰਦਾ ਹੈ। ਬਾਵਾ ਬਲਵੰਤ ਦੇ ਲੇਖ ਸਮਕਾਲੀ ਜੀਵਨ ਦੇ ਅਹਿਮ ਵਰਤਾਰਿਆਂ, ਵਿਸ਼ੇਸ਼ ਮਾਨਵੀ ਪੁੱਠੀਆਂ ਸਿੱਧੀਆਂ ਸਥਿਤੀਆਂ, ਸੰਸਾਰਕ ਵਿਹਾਰਕ ਊਣਤਾਵਾਂ, ਕਰੁਚੀਆਂ ਅਤੇ ਹਾਸੋਹੀਣੀਆਂ ਗੱਲਾਂ ਨੂੰ ਅਤਿਅੰਤ ਦਿਲਚਸਪ ਅਤੇ ਤਿੱਖੀ ਕਟਾਖ਼ਸ਼ੀ ਸ਼ੈਲੀ 'ਚ ਚਿਤਰਦੇ ਹਨ। ਉਸਦੀ ਵਾਰਤਕ ਦੀ ਖ਼ੂਬੀ ਇਹ ਹੈ ਕਿ ਇਸ ਵਿਚੋਂ ਜੀਵਨ ਦੀ ਸੂਖ਼ਮ ਰਮਜ਼ ਸਹਿਜ ਸੁਭਾਅ ਸਫੁਟਿਤ ਹੁੰਦੀ ਹੈ ਅਤੇ ਅੱਜੋਕੇ ਸਮਾਜ ਦੀਆਂ ਭੈੜਾਂ-ਕੁਰਾਹੇ ਆਪਣੇ ਨੰਗ ਨਮੂਜ਼ ਸਮੇਤ ਉਭਰਦੇ ਤੁਰੇ ਜਾਂਦੇ ਹਨ। ਇਸਤਰ੍ਹਾਂ ਇਹ ਕਿਤਾਬ ਹਾਸ ਰਸ ਅਤੇ ਵਿਅੰਗਾਤਮਕ ਲੇਖਾਂ ਦੀ ਕਿਤਾਬ ਹੈ। ਬਾਵਾ ਬਲਵੰਤ ਕਿਤਾਬ ਦੀ ਸ਼ੁਰੂਆਤ ਮੌਲਾਨਾ ਸਰ ਮੁਹੰਮਦ ਇਕਬਾਲ ਦੇ ਸ਼ੇਅਰ ਨਾਲ ਕਰਦੇ ਹਨ:

*ਚਮਨ ਮੇਂ ਤਲਖ਼ ਨਵਾਈ ਮੇਰੀ ਗਵਾਰਾ ਕਰ*
*ਕਿ ਜ਼ਹਿਰ ਭੀ ਕਭੀ ਕਰਤਾ ਹੈ ਕਾਰੇ ਤਰਯਾਕੀ*

ਲੇਖ 'ਸ਼ਹਿਰ ਵਿਚ ਬਰਸਾਤ' ਵਿਚ ਬਰਸਾਤ ਆਉਣ ਕਾਰਣ ਜ਼ਿੰਦਗੀ ਦੀਆਂ ਮੁਸ਼ਕਿਲਾਂ 'ਤੇ ਵਿਅੰਗ ਦੀ ਭਾਸ਼ਾ 'ਚ ਬੜੀਆਂ ਰੌਚਿਕ ਟਿਪਣੀਆਂ ਕਰਦੇ ਹਨ; "ਮੈਂ ਕਹਿਨਾਂ; ਇਹ ਬਰਸਾਤ ਆਈ ਏ! ਨਹੀਂ, ਸਗੋਂ ਇਹ ਕਹਿਣਾ ਚਾਹੀਏ : ਮੱਖੀਆਂ ਦੀ ਬਹਾਰ ਆਈ ਏ, ਮੱਛਰ ਦੇ ਦਿਨ ਆਏ ਨੇ, ਬੁਖ਼ਾਰ ਦਾ ਜਮਾਲ ਆਇਆ । ਕਈਆਂ ਦੇ ਅਜਾਈਂ ਮਰਨ ਦਾ ਵਕਤ ਆਇਆ।

ਦੂਜੇ ਲੇਖ 'ਇਕ ਸ਼ੇਅਰ' ਵਿਚ ਬਾਵਾ ਬਲਵੰਤ ਇਕਬਾਲ ਦੇ ਸ਼ੇਅਰ *'ਅੰਦਾਜ਼ੇ ਨੌ ਸੇ ਡਰਨਾ, ਤਰਜ਼ੇ ਕੁਹਨ ਪੇ ਅੜਨਾ, ਮੰਜ਼ਿਲ ਯਹੀ ਕਠਿਨ ਹੈ, ਕੌਮੋਂ ਕੀ ਜ਼ਿੰਦਗੀ ਮੇਂ'* ਰਾਹੀਂ ਇਹ ਸਥਾਪਤ ਕਰਨ ਦਾ ਯਤਨ ਕਰਦਾ ਹੈ ਕਿ ਪਹਿਲਾਂ ਪਹਿਲਾ ਨਵੇਂ ਵਿਚਾਰਾਂ ਦੀ ਵਿਰੋਧਤਾ ਹੁੰਦੀ ਹੈ ਪਰ ਫਿਰ ਇਨ੍ਹਾਂ ਨੂੰ ਸਹਿਜ ਨਾਲ ਅਪਣਾ ਵੀ ਲਿਆ ਜਾਂਦਾ ਹੈ। ਇਸ ਤਰਕ ਨੂੰ ਉਹ ਸਮਾਜਵਾਦ ਅਤੇ ਸਾਮਵਾਦ 'ਤੇ ਜਦ ਢੁਕਾਉਂਦਿਆਂ ਲਿਖਦਾ ਹੈ ਤਾਂ ਉਸਦੀ ਮਾਰਕਸਵਾਦੀ ਤੇ ਪ੍ਰਗਤੀਵਾਦੀ ਵਿਸ਼ਵ ਦ੍ਰਿਸ਼ਟੀ ਦੇ ਦਰਸ਼ਨ ਵੀ ਹੋ ਜਾਂਦੇ ਹਨ; "ਕੋਈ ਮੁਖ਼ਾਲਫਤ, ਪ੍ਰਤਖ ਸੱਚਾਈ ਅਤੇ ਹਕੀਕਤ ਦਾ ਕੁਝ ਨਹੀਂ ਵਿਗਾੜ ਸਕੀ । ਇਸ ਰਾਜ ਬਣਤਰ ਤੇ ਇਸ ਨਵੇਂ ਸਮਾਜ ਦੇ ਸੰਬੰਧ ਵਿਚ ਜੋ ਵਿਰੋਧਤਾ ਬਾਕੀ ਬਚੀ ਹੈ ਉਹ ਵੀ ਖ਼ਤਮ ਹੋ ਰਹੀ ਹੈ। ਤੇ ਭਾਰਤ ਲਈ ਜਿਵੇਂ

ਰੇਲ, ਬਿਜਲੀ, ਨਲਕਾ,ਖੰਡ, ਬਰਫ਼ ਤੇ ਹੋਰ ਨਵੀਆਂ ਚੀਜ਼ਾਂ ਆਪਣੀਆਂ ਹੀ ਹੋ ਗਈਆਂ ਹਨ, ਏਸੇ ਤਰ੍ਹਾਂ ਸਮਾਜਵਾਦ ਅਤੇ ਸਾਮਵਾਦ ਭੀ ਭਾਰਤ ਲਈ ਮੁਫ਼ੀਦ ਸਾਬਿਤ ਹੋਵੇਗਾ।

ਤੀਜੇ ਲੇਖ 'ਦਵਾਤ' 'ਚ ਕਲਮ ਤੇ ਸਿਆਹੀ ਦੇ ਰਿਸ਼ਤੇ ਦੀ ਗੱਲ ਕੀਤੀ ਗਈ ਹੈ। ਚੌਥੇ ਲੇਖ 'ਸ਼ਰਾਬੀ' 'ਚ ਬੰਬਈ ਦੀ ਸ਼ਰਾਬਬੰਦੀ ਦਿਨ ਤੋਂ ਸ਼ਰਾਬ ਪੀਣ ਦੀ ਗੱਲ ਸ਼ੁਰੂ ਕਰਕੇ ਸ਼ਰਾਬ ਬੰਦ ਕਰਨ ਦੀ ਬਜਾਏ ਆਮ ਲੋਕਾਂ ਨੂੰ ਪੀਣ ਦੇ ਚੰਗੇ ਢੰਗ ਤਰੀਕਿਆਂ ਨਾਲ ਪੀਣ ਦੀ ਸਲਾਹ ਦੇਣ ਦੀ ਗੱਲ ਕੀਤੀ ਗਈ ਹੈ। ਪੰਜਵੇਂ ਲੇਖ 'ਨਕਲੀ ਦੁਨੀਆ' ਵਿਚ ਅਸਲੀ ਤੇ ਨਕਲੀ ਦੁਨੀਆ ਦੇ ਫ਼ਰਕ ਦੀ ਗੱਲ ਅੰਗਰੇਜ਼ੀ ਵਾਰਤਕਕਾਰ ਚਾਰਲਸ ਲੈਂਬ ਦੇ ਲੇਖ 'ਅਸਲੀ ਦੁਨੀਆ' ਤੋਂ ਸ਼ੁਰੂ ਕਰਕੇ ਮੋਨਟੇਨ ਅਤੇ ਪੈਟਰ ਦੇ ਇਸ ਮਜ਼ਮੂਨ ਬਾਰੇ ਲੇਖਾਂ ਦੀ ਗੱਲ ਕਰਨ ਤੋਂ ਬਾਅਦ ਬਾਵਾ ਇਹ ਦਾਅਵਾ ਕਰਦਾ ਹੈ; "ਤੁਸੀਂ ਸੋਚਦੇ ਹੋਵੋਗੇ ਕਿ ਨਕਲੀ ਦੁਨੀਆ ਰੂਹਾਨੀ ਦੁਨੀਆ ਵਾਂਗ ਨਜ਼ਰ ਨਹੀਂ ਆਵੇਗੀ । ਨਹੀਂ ਸ੍ਰੀਮਾਨ ਉਹ ਜ਼ਰੂਰ ਨਜ਼ਰ ਆਵੇਗੀ। ਅੱਖਾਂ ਸਾਹਮਣੇ ਆਉਂਦਿਆਂ ਹੀ ਤੁਸੀਂ ਪਛਾਣ ਕੇ ਹੈਰਾਨ ਹੋ ਜਾਵੋਗੇ, ਕਦੀ ਹੱਸੋਗੇ ਤੇ ਕਦੀ ਰੋਵੋਗੇ। ਛੇਵੇਂ ਲੇਖ 'ਸ਼ਾਮ ਦੀ ਚਾਹ' ਦੇ ਗੁਣ ਅਤੇ ਅੱਛਾਈਆਂ ਗਿਣਾਉਂਦਿਆ ਬਾਵਾ ਬਲਵੰਤ ਲਿਖਦਾ ਹੈ ਕਿ ਸਭ ਚੀਜ਼ਾਂ ਸ਼ਾਮ ਦੀ ਚਾਹ 'ਤੇ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ ਤੇ ਪਤਾ ਨਹੀਂ ਕਿੰਨਾ ਕੁਝ ਹੋਰ ਕੁਰਬਾਨ ਕਰਨਾ ਪਵੇ । ਏਸੇ ਕਰਕੇ ਤਾਂ ਸਾਨੂੰ ਸ਼ਾਮ ਦੀ ਚਾਹ 'ਤੇ ਮਾਣ ਹੈ ਚਾਹ ਪੀਂਦਿਆਂ ਚਾਹੇ ਸਾਨੂੰ ਇਹੋ ਸ਼ੇਅਰ ਯਾਦ ਆਉਂਦਾ ਰਹੇ; *'ਮੇਰੇ ਬਾਜ਼ਾਰ ਕੀ ਰੌਨਕ ਹੀ ਸੌਦਾ ਏ ਜ਼ਿਆਂ ਤੱਕ ਹੈ'*। ਸੱਤਵੇਂ ਲੇਖ 'ਬੈਠਕ' ਵਿਚ ਬਾਵਾ ਨੇ ਆਪਣੇ ਜੀਵਨ 'ਚ ਬੈਠਕ ਦੇ ਕਈ ਰੂਪਾਂ ਦਾ ਮਹੱਤਵ ਉਘਾੜਿਆ ਹੈ। ਅੱਠਵੇਂ ਲੇਖ 'ਸਰਹੱਦੀ ਸ਼ਹਿਰ ਦੀ ਕਮੇਟੀ' 'ਚ ਨਗਰਪਾਲਿਕਾ ਦੀ ਕਾਰਗੁਜ਼ਾਰੀ ਅਤੇ ਇਸ ਅੰਦਰ ਫੈਲੇ ਭ੍ਰਸ਼ਟਾਚਾਰ ਤੇ ਇਸਦੇ ਨੁਮਾਇੰਦਿਆਂ ਨੂੰ ਚੁਣਨ ਦੀ ਲੋਕਤੰਤਰ ਪੱਧਤੀ 'ਤੇ ਸਖ਼ਤ ਵਿਅੰਗ ਕੱਸਿਆ ਹੈ। ਨੌਵੇਂ ਲੇਖ 'ਸੱਟੇਬਾਜ਼' 'ਚ ਬੇਰੋਜ਼ਗਾਰੀ, ਜੂਏਬਾਜ਼ੀ ਅਤੇ ਸੱਟੇਬਾਜ਼ੀ ਕਾਰਣ ਨਿੱਜੀ ਅਤੇ ਸਮਾਜਕ ਨਿਘਾਰ 'ਤੇ ਤਨਜ਼ ਕੀਤਾ ਗਿਆ ਹੈ।

ਦਸਵੇਂ ਲੇਖ 'ਸ਼ੀਸ਼ਾ' 'ਚ ਬਾਵਾ ਬਲਵੰਤ ਸ਼ੀਸ਼ੇ ਦਾ ਫਰਾਇਡੀਅਨ ਦ੍ਰਿਸ਼ਟੀਕੋਣ ਤੋਂ ਫ਼ਲਸਫ਼ੀਕਰਣ ਪੇਸ਼ ਕਰਦਿਆਂ ਲਿਖਦਾ ਹੈ: "ਔਸਕਰ ਵਾਈਲਡ ਨੇ ਇਕ ਲੈਂਡ ਲਾਰਡ ਡੋਰੀਅਨ ਗਰੇ ਨੂੰ ਇਹ ਸ਼ੀਸ਼ਾ ਦਿਖਾਇਆ। ਜਦ ਡੋਰੀਅਨ ਗਰੇ ਨੇ ਆਪਣੀ ਅਸਲ ਤਸਵੀਰ ਦੇਖੀ ਤਾਂ ਦੀਵਾਨਾ ਹੋ ਗਿਆ...ਆਓ ਐਸੇ ਸ਼ੀਸ਼ੇ ਤਿਆਰ ਕਰੀਏ ਤੇ ਸਭ ਨੂੰ ਉਨ੍ਹਾਂ ਦੇ ਅਸਲੀ ਰੂਪ ਵਿਖਾਈਏ । ਕੁਝ ਦੀਵਾਨੇ ਹੋਣਗੇ, ਹੋਣ ਦਿਉ । ਕੁਝ ਮਰਨਗੇ, ਮਰਨ ਦਿਓ। ਬਾਕੀ ਸਾਰੇ ਨੱਚਣਗੇ, ਲੁੱਡੀ ਪਾਉਣਗੇ। ਉਹ ਇਸ ਲਈ ਹੋਰ ਵੀ ਖ਼ੁਸ਼ ਹੋਣਗੇ ਕਿ ਹੁਣ ਕਈ ਸ਼ੀਸ਼ਾ ਨਹੀਂ ਟੁੱਟੇਗਾ ਤੇ ਮੂੰਹ ਦੇਖਣ ਵਾਲਾ ਸ਼ੀਸ਼ਾ ਵੀ ਨਹੀਂ ਗਵਾਚੇਗਾ । ਬਲਕਿ ਸਾਰੇ ਘਰਾਂ ਦੀਆਂ ਦੀਵਾਰਾਂ 'ਚ ਸ਼ੀਸ਼ੇ ਜੜੇ ਹੋਣਗੇ।

ਗਿਆਰਵੇਂ ਲੇਖ 'ਸ੍ਰੀ ਬਾਲੀ ਤੇ ਉਸਦਾ ਕਾਰੋਬਾਰ' 'ਚ ਰਮਾਇਣ ਵਾਲੇ ਬਾਲੀ ਦੀ ਗੱਲ ਨਹੀਂ ਕੀਤੀ ਗਈ ਸਗੋਂ ਅੰਮ੍ਰਿਤਸਰ ਦੇ ਇਕ ਬਾਸ਼ਿੰਦੇ ਦੀ ਗੱਲ ਕੀਤੀ ਹੈ। ਇਸ ਰਾਹੀਂ ਵੀ ਬਾਵਾ ਬਲਵੰਤ ਦੀ ਮਾਨਵਵਾਦੀ ਅਤੇ ਪ੍ਰਗਤੀਵਾਦੀ ਵਿਸ਼ਵ ਦ੍ਰਿਸ਼ਟੀ ਝਲਕਦੀ ਹੈ ਜਦੋਂ ਉਹ ਦਰਾਵੜ ਅਤੇ ਆਰੀਆ ਦੇ ਫਰਕ ਨੂੰ ਸਮਾਜ-ਮਾਨਵਵਿਗਿਆਨਕ (socio-anthropological) ਦਿਸ਼ਟੀਕੋਣ ਤੋਂ ਸਮਝਦਾ ਹੈ ਅਤੇ ਆਰੀਆਵਾਂ ਦੇ ਨੇਤਾ (ਰਾਮ) ਵੱਲੋਂ ਧੋਖੇ ਨਾਲ ਮਾਰਨ ਦਾ ਪ੍ਰਸੰਗ ਵਰਤਦਾ ਹੈ। ਬਾਵਾ ਲਿਖਦਾ ਹੈ; 'ਇਹ ਉਸ ਬਾਲੀ ਦੀ ਕਹਾਣੀ ਨਹੀਂ, ਜੋ ਪੁਰਾਣੇ ਜ਼ਮਾਨੇ 'ਚ ਇਕ ਬਲਸ਼ਾਲੀ ਦਰਾਵੜ ਰਾਜਾ ਸੀ ਜਿਸਦਾ ਭਰਾ ਆਰੀਆਂ ਦੇ ਜਾਲ ਵਿਚ ਆ ਕੇ ਸਕੇ ਭਰਾ ਦੀ ਮੌਤ ਦਾ ਕਾਰਣ ਬਣਿਆ। ਹਾਂ ਇਹ ਉਸ ਮਹਾਂਬਲੀ ਦਰਾਵੜ ਰਾਜੇ ਦੀ ਕਥਾ ਨਹੀਂ, ਜਿਸਨੂੰ ਆਰੀਆਂ ਦੇ ਨੇਤਾ ਨੇ ਧੋਖੇ ਨਾਲ ਮਾਰਿਆ। ਸਾਡਾ ਵਾਕਫ਼ਕਾਰ ਬਾਲੀ ਸਾਧਾਰਨ ਆਦਮੀ ਹੈ । ਇਸਦੀ ਗਾਥਾ ਕਈ ਅਨੋਖੀ ਨਹੀਂ" ।

ਬਾਰ੍ਹਵੇਂ ਲੇਖ 'ਲੂਣ ਮੰਡੀ ਤਕ' 'ਚ ਅੰਮ੍ਰਿਤਸਰ ਸ਼ਹਿਰ ਦੇ ਦ੍ਰਿਸ਼ਭੂਮਨ 'ਚ ਲੂਣ ਨਾਲ ਜੁੜੇ

ਕਈ ਇਤਿਹਾਸਕ, ਸੱਭਿਆਚਾਰਕ ਅਤੇ ਰਾਜਨੀਤਕ ਪਾਸਾਰਿਆਂ ਦੀ ਚਰਚਾ ਕਰਦਾ ਹੈ। ਤੇਰ੍ਹਵੇਂ ਲੇਖ 'ਜੁੱਤੀ' ਵਿਚ ਜੁੱਤੀ ਬਿੰਬ ਨਾਲ ਜੁੜੇ ਕਈ ਨਿੱਜੀ, ਸਾਹਿਤਕ, ਰਾਜਨੀਤਕ ਅਤੇ ਵਿਸ਼ਵੀ ਪ੍ਰਸੰਗਾਂ ਨੂੰ ਰੋਚਕ ਭਾਸ਼ਾ 'ਚ ਪੇਸ਼ ਕੀਤਾ ਹੈ।

ਚੌਦ੍ਹਵੇਂ ਲੇਖ 'ਕਵੀ ਨਿਧੜਕ' ਵਿਚ ਮਹਾਰਾਜਾ ਰਣਜੀਤ ਸਿੰਘ ਕਾਲ ਦੇ ਕਵੀ ਗੁਲਾਬ ਦਾਸ ਦੀ ਕਵਿਤਾ ਦੀ ਬੇਬਾਕੀ ਅਤੇ ਨਿਧੜਕਤਾ ਨੂੰ ਕਵੀ ਦੀਆਂ ਕਵਿਤਾਵਾਂ ਦੀਆਂ ਉਦਾਹਰਣਾਂ ਦੇ ਕੇ ਅਤੇ ਉਸਦੇ ਇਨ੍ਹਾਂ ਗੁਣਾਂ ਕਾਰਣ ਨਿਧੜਕ ਦੇ ਲਕਬ ਨਾਲ ਬਾਵਾ ਬਲਵੰਤ ਨੇ ਯਾਦ ਕੀਤਾ ਹੈ। ਕਵੀ ਦੇ ਸੰਤ ਭਾਸ਼ਾ 'ਚ ਕੁੰਡਲੀਆ ਛੰਦ ਦੇ ਪ੍ਰਸੰਗ ਤੋਂ ਵੀ ਬਾਵਾ ਬਲਵੰਤ ਦੀ ਵਿਸ਼ਵ ਦ੍ਰਿਸ਼ਟੀ ਦਾ ਪ੍ਰਤੌਅ ਮਿਲਦਾ ਹੈ;

*ਰਾਮ ਨਾਮ ਕੋਈ ਧਨ ਨਹੀਂ ਜਾਂਕੀ ਪੜੀ ਹੋ ਲੂਟ*
*ਯਹੀ ਉਚੱਕੇ ਰਾਤ ਦਿਨ ਰਹੇ ਜਗਤ ਕੋ ਲੂਟ*
*ਰਹੇ ਜਗਤ ਕੋ ਲੂਟ, ਇਨ ਕੋ ਕਯਾ ਸਮਝਾਵੇ*
*ਜਹਾਂ ਲੂਟ ਵਹਾਂ ਜਾਉ, ਯਹਾਂ ਕਯਾ...*
*ਗੁਲਾਬ ਦਾਸ ਕਵੀ ਕਹਿਤ ਇਸਕੋ ਕਿਆ ਸਮਝਾਵੇ*
*ਦੇ ਚੋਰਨ ਕੋ ਦਾਨ ਪ੍ਰੀਤਿ ਦਿਨ ਔਰ ਵਧਾਵੇ*

ਆਖ਼ਰੀ ਲੇਖ 'ਕਿਸ ਕਿਸ ਤਰ੍ਹਾਂ ਦੇ ਨਾਚ' ਵਿਚ ਬਾਵਾ ਬਲਵੰਤ ਨਾਚਾਂ ਦੀਆਂ ਕਿਸਮਾਂ ਰਾਹੀਂ ਗ਼ਰੀਬੀ ਅਤੇ ਬੇਰੋਜ਼ਗਾਰੀ ਦਾ ਸੱਭਿਆਚਾਰੀਕਰਣ ਅਤੇ ਇਤਿਹਾਸੀਕਰਣ ਤਲਾਸ਼ਦਾ ਹੋਇਆ ਆਪਣੀ ਵਿਸ਼ਵ ਦ੍ਰਿਸ਼ਟੀ ਦਾ ਪਰਿਚਯ ਦਿੰਦਾ ਹੈ; "ਇਸ ਤਰ੍ਹਾਂ ਦੇ ਦੁਖਾਂਤ ਨਾਚ ਵੀ ਆਪਣੀ ਪਿਆਰੀ ਧਰਤੀ 'ਤੇ ਹੁੰਦੇ ਰਹਿੰਦੇ ਹਨ, ਮਜਬੂਰੀਆਂ, ਆਦਮੀਆਂ ਨੂੰ ਔਰਤਾਂ ਬਣਨ ਦੀਆਂ ਮਜਬੂਰੀਆਂ, ਔਰਤ ਨੂੰ ਵੇਸਵਾ ਅਤੇ ਵੇਸਵਾ ਨੂੰ ਬੇਸਵਾ... ਹੋਣ ਦੀਆਂ ਮਜਬੂਰੀਆਂ, ਇਹ ਸੱਭ ਕਿਉਂ ਹਨ ? ਇਹ ਤਾਂ ਆਰਥਿਕ ਮਾਮਲਿਆਂ ਦੇ ਜਾਦੂ ਹੀ ਜਾਣ ਸਕਦੇ ਹਨ ਪਰ ਕਵੀ ਤਾਂ ਇਹੋ ਕਹਿਣ 'ਤੇ ਮਜਬੂਰ ਹੈ : *'ਕਿਸ ਕਿਸ ਤਰ੍ਹਾਂ ਦੇ ਨਾਚ ਨਚਾਤੀ ਹੈਂ ਰੋਟੀਆਂ'*।

'ਕਿਸ ਕਿਸ ਤਰ੍ਹਾਂ ਦੇ ਨਾਚ' ਦੀ ਵਿਅੰਗ ਤੇ ਤਨਜ਼ ਨਾਲ ਭਰਪੂਰ ਪੁਸਤਕ ਨੂੰ ਵਿਸ਼ਵ ਪ੍ਰਸਿੱਧ ਚਿੱਤਰਕਾਰ ਕੇ ਸੀ ਆਰੀਅਨ ਨੇ ਆਪਣੇ ਚਿੱਤਰਾਂ ਨਾਲ ਸ਼ਿੰਗਾਰਿਆ ਹੈ ਅਤੇ ਬਾਵਾ ਬਲਵੰਤ ਨੇ ਇਸ ਪੁਸਤਕ ਦਾ ਸਮਰਪਣ ਵੀ ਉਨ੍ਹਾਂ ਨੂੰ ਹੀ ਕੀਤਾ ਹੈ। ਬਾਵਾ ਬਲਵੰਤ ਦੀ ਇਹ ਵਾਰਤਕ ਪੁਸਤਕ ਤਿੱਖੀ ਤੇ ਡੂੰਘੀ ਨੀਝ, ਸਾਹਿਤਕ ਅਤੇ ਸੱਭਿਆਚਾਰਕ ਸੂਝ, ਰਾਜਨੀਤਕ ਅਤੇ ਵਿਚਾਰਧਾਰਕ ਸਮਝ 'ਚੋਂ ਪੈਦਾ ਹੋਈ ਵਿਰਾਟ ਵਿਸ਼ਵ ਦ੍ਰਿਸ਼ਟੀ ਕਾਰਣ ਅਤੇ ਆਪਣੇ ਵਿਅੰਗ, ਕਟਾਖ਼ਸ਼ੀ ਲਹਿਜੇ ਅਤੇ ਵਿਹਾਰਕ ਮੁਹਾਵਰੇ ਵਾਲੀ ਵਾਰਤਕ ਕਾਰਣ ਵੀ ਪੰਜਾਬੀ ਵਾਰਤਕ ਸਾਹਿਤ 'ਚ ਬੜੀ ਮਹੱਤਵਪੂਰਣ ਅਤੇ ਮੁੱਲਵਾਨ ਪੁਸਤਕ ਹੈ ।

ਬਾਵਾ ਬਲਵੰਤ ਨੇ ਜੀਵਨ ਦੇ ਅੰਤਲੇ ਦਹਾਕੇ ਵਿਚ ਵੱਡੀ ਮਾਤਰਾ 'ਚ ਵਾਰਤਕ ਲਿਖੀ ਜੋ ਸਮਕਾਲੀ ਰਿਸਾਲਿਆਂ 'ਚ ਵੀ ਛਪੀ ਪਰ ਇਹ ਸਾਰੀ ਵਾਰਤਕ ਉਸਦੇ ਜਿਉਂਦੇ ਜੀਅ ਪੁਸਤਕ ਰੂਪ 'ਚ ਪ੍ਰਕਾਸ਼ਤ ਨਹੀਂ ਹੋ ਸਕੀ। ਬਹੁਤ ਸਮਾਂ ਬਾਅਦ ਡਾ. ਗੁਰਮੁਖ ਸਿੰਘ ਨੇ ਲੰਮੀ ਖੋਜ ਕਰ ਬਾਵਾ ਬਲਵੰਤ ਦੀ ਵਾਰਤਕ ਇਕੱਠੀ ਕੀਤੀ ਅਤੇ ਇਸ ਦੀਆਂ ਦੋ ਪੁਸਤਕਾਂ ਸੰਪਾਦਤ ਕੀਤੀਆਂ। ਇਕ ਪੁਸਤਕ ਹੈ; 'ਬਾਵਾ ਬਲਵੰਤ ਦੀ ਚੋਣਵੀਂ ਗੱਦ ਰਚਨਾ' ਜੋ 1993 'ਚ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਛਾਪੀ। ਇਸ ਦੇ ਪੰਜ ਭਾਗ ਹਨ।

ਪਹਿਲੇ ਭਾਗ 'ਚ ਤਿੰਨ ਲੇਖ ਸ਼ਾਮਿਲ ਹਨ। ਬਾਵਾ ਬਲਵੰਤ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲੇ ਇਨਕਲਾਬੀਆਂ ਬਾਰੇ ਮਹੱਤਵਪੂਰਣ ਲੇਖ ਲਿਖੇ; 'ਇਨਕਲਾਬੀਆਂ ਦਾ ਗੁਰੂ ਸ਼ਾਮ ਜੀ ਕਰਿਸ਼ਨ ਵਰਮਾ', 'ਮਦਨ ਲਾਲ ਢੀਂਗਰਾ', 'ਸ਼ਹੀਦ ਗੋਬਿੰਦ ਰਾਮ ਵਰਮਾ' ਜਿਨ੍ਹਾਂ 'ਚ ਇਨ੍ਹਾਂ ਨਾਇਕਾਂ ਦੀ ਬਹਾਦਰੀ, ਦੇਸ਼ ਤੇ ਆਜ਼ਾਦੀ ਲਈ ਸਮਰਪਣ ਅਤੇ ਕੁਰਬਾਨੀ ਦੀ ਉਸਤਿਤ ਕੀਤੀ ਹੈ।

ਬਾਵਾ ਬਲਵੰਤ ਦਾ ਅਧਿਐਨ ਬੜਾ ਵਿਸ਼ਾਲ ਸੀ। ਉਹ ਆਪ ਸਾਹਿਤਕਾਰ ਸਨ ਅਤੇ ਉਨ੍ਹਾਂ ਨੇ ਦੂਜੇ ਲੇਖਕਾਂ ਬਾਰੇ ਜਿਨ੍ਹਾਂ 'ਚ ਪੰਜਾਬੀ, ਹਿੰਦੀ, ਉਰਦੂ, ਅੰਗਰੇਜ਼ੀ ਅਤੇ ਰੂਸੀ ਸ਼ਾਮਿਲ ਹਨ, ਉਪਰ ਬੜੇ ਵਿਦਵਤਾ ਅਤੇ ਜਾਣਕਾਰੀ ਭਰਪੂਰ ਲੇਖ ਲਿਖੇ। ਇਨ੍ਹਾਂ ਲੇਖਾਂ ਨੇ ਜਿੱਥੇ ਪਾਠਕਾਂ ਦਾ ਗਿਆਨ ਵਸੀਹ ਕੀਤਾ ਉੱਥੇ ਪੰਜਾਬੀ ਵਾਰਤਕ 'ਚ ਵੀ ਨਿੱਗਰ ਵਾਧਾ ਕੀਤਾ। ਬਾਵਾ ਬਲਵੰਤ ਆਪਣੇ ਆਰੰਭਕ ਦੌਰ 'ਚ ਪੰਜਾਬ ਦੇ ਸਾਹਿਤਕ, ਸੱਭਿਆਚਾਰਕ ਅਤੇ ਵਿਓਪਾਰਕ ਕੇਂਦਰ ਅੰਮ੍ਰਿਤਸਰ 'ਚ ਰਹੇ । ਇੱਥੇ ਬਾਵਾ ਨੇ ਅਪਾਣੇ ਸਮਕਾਲੀ ਕਵੀਆਂ ਬਾਰੇ ਭਾਵਪੂਰਤ ਅਤੇ ਉਸਾਰੂ ਆਲੋਚਨਾਤਮਕ ਲੇਖ ਲਿਖੇ,ਜਿਸ ਨਾਲ ਉਨ੍ਹਾਂ ਦੀ ਸਾਹਿਤ ਅਤੇ ਵਿਸ਼ਵ ਦ੍ਰਿਸ਼ਟੀ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਲੇਖਾਂ ਵਿਚ ਕਵੀਆਂ ਦੇ ਜੀਵਨ, ਉਸਤਾਦ ਪਰੰਪਰਾ, ਕਾਵਿ ਕਲਾ, ਸ਼ਖ਼ਸੀਅਤ ਅਤੇ ਪ੍ਰਭਾਵ ਬਾਰੇ ਸਮੁੱਚੀ ਜਾਣਕਾਰੀ ਮਿਲ ਜਾਂਦੀ ਹੈ। ਅੰਮ੍ਰਿਤਸਰ ਦੇ ਹੀ ਸਮਕਾਲੀ ਕਵੀ 'ਗੁਰਾਂਦਿੱਤਾ ਜੀ ਖੰਨਾ' ਬਾਰੇ ਲੇਖ 'ਚ ਉਸਦੇ ਸਾਹਿਤ ਦਾ ਆਲੋਚਨਾਤਮਕ ਮੁੱਲਾਂਕਣ ਪੂਰਵਲੇ ਕਵੀਆਂ ਨਾਲ ਤੁਲਨਾਤਮਕ ਵਿਧੀ ਨਾਲ ਕਰਦੇ ਹਨ; 'ਖੰਨਾ ਜੀ ਨੇ ਕਵੀ ਨਜਾਬਤ ਵਾਂਗ ਕਲਪਨਾ ਤੋਂ ਕੰਮ ਨਹੀਂ ਲਿਆ, ਸ਼ਾਹ ਮੁਹੰਮਦ ਵਾਂਗ ਵਾਸਤਵਿਕ ਅਤੇ ਯਥਾਰਥ ਰੂਪ ਨੂੰ ਚਿਤਰਿਆ ਹੈ...ਖੰਨਾ ਜੀ ਦੀ ਕਾਵਿ ਸ਼ੈਲੀ ਮਹਾ ਕਵੀ ਹਾਸ਼ਮ ਨਾਲ ਮਿਲਦੀ ਜੁਲਦੀ ਹੈ। ਇਹ ਸ਼ੈਲੀ ਸੰਜਮ ਭਰੀ ਤੇ ਗੁੰਦਵੀਂ ਹੈ'।

ਕਵੀ ਹਰਸਾ ਸਿੰਘ ਚਾਤਰ ਦੀ 'ਅਕਾਲੀ ਫੂਲਾ ਸਿੰਘ ਦੀ ਵਾਰ' ਦਾ ਸਾਹਿਤਕ ਵਿਸ਼ੇਲਸ਼ਣ ਕਰਦਿਆਂ ਬਾਵਾ ਬਲਵੰਤ ਲਿਖਦਾ ਹੈ; 'ਚਾਤਰ ਦੀ ਕਵਿਤਾ ਵੀ ਆਤਮਾ ਦੇ ਬੀਰ ਗੁਣ ਤੋਂ ਉਪਜੀ, 'ਬੀਰ ਰਸ' ਨਾਲ ਡੁੱਲ੍ਹ ਡੁੱਲ੍ਹ ਪੈਂਦੀ ਬਾਣੀ ਹੈ। ਇਸਦੇ ਸਥਾਈ ਭਾਵ ਉਤਸਾਹ ਤੇ ਗੁੱਸਾ ਹੈ। ਕਾਵਿ ਦੇ ਤਿੰਨ ਗੁਣਾਂ 'ਚੋਂ ਚਾਤਰ ਦੀ ਕਵਿਤਾ 'ਓਜਗੁਣ' ਵਾਲੀ ਹੈ ਜੋ ਚਿੱਤ ਨੂੰ ਉਤੇਜਨਾ ਦਿੰਦੀ ਹੈ ਅਤੇ ਉਤਸਾਹ ਵਧਾ ਕੇ ਕਰਮ ਲਈ ਨਵਾਂ ਜੋਸ਼ ਪੈਦਾ ਕਰਦੀ ਹੈ । ਚਾਤਰ ਦੀਆਂ ਵਾਰਾਂ 'ਗੌੜੀ ਰੀਤੀ' ਦੀਆਂ ਹਨ'।

'ਡਾ. ਦੇਵੀ ਦਾਸ 'ਹਿੰਦੀ' ਤੇ ਉਸਦੀ ਕਵਿਤਾ' ਬਾਰੇ ਬਾਵਾ ਬਲਵੰਤ ਆਲੋਚਨਾ ਦੀ ਤੁਲਨਾਤਮਕ ਵਿਧੀ ਦਾ ਪ੍ਰਯੋਗ ਕਰਦਾ ਹੈ; 'ਮਹਾ ਕਵੀ ਇਕਬਾਲ, ਕਾਜ਼ੀ ਨਜ਼ਰਉਲ ਇਸਲਾਮ, ਜੋਸ਼ ਅਤੇ ਹਿੰਦੀ ਦੇ ਕਵੀ ਨਿਰਾਲਾ ਆਦਿ ਨੇ ਵੀ ਭਾਰਤ ਦੀ ਜਾਗਰਤੀ ਲਈ ਐਸੀ ਕਵਿਤਾ ਰਚੀ ਹੈ। ਏਸੇ ਤਰ੍ਹਾਂ 'ਹਿੰਦੀ' ਦੀ ਇਹ ਕਵਿਤਾ ਵੀ ਰਜੋ ਗੁਣ ਭਰਪੂਰ ਹੈ...ਇਸ ਤਰਜ਼ ਦੀਆਂ ਕਵਿਤਾਵਾਂ ਨੇ ਅੱਗੇ ਵਧਣ ਵਾਲੀਆਂ ਲਹਿਰਾਂ ਦਾ ਪੂਰਾ ਸਾਥ ਦਿੱਤਾ ਹੈ ਅਤੇ ਪ੍ਰਗਤੀਸ਼ੀਲ ਸਾਹਿਤ ਲਈ ਮੈਦਾਨ ਤਿਆਰ ਕੀਤਾ'।

ਲੇਖ 'ਕਵੀ ਮਾਸਟਰ ਸ਼ਰਮ' ਵਿਚ ਅੰਮ੍ਰਿਤਸਰ ਦੇ ਕਵੀ ਮਾਸਟਰ ਸ਼ਰਮ ਦੀ ਕਵਿਤਾ ਬਾਰੇ ਆਲੋਚਨਾ ਕਰਦਿਆਂ ਲਿਖਦਾ ਹੈ; 'ਕਵੀ ਦੀ ਕਵਿਤਾ 'ਚ ਮੌਲਿਕਤਾ ਤੇ ਵਿਲੱਖਣਤਾ ਇਹ ਹੈ ਕਿ ਉਹ ਆਪਣੇ ਵਿਸ਼ੇ ਨੂੰ 'ਕਹਾਵਤ' ਵਿਚੋਂ ਵੇਖਦਾ, ਕਹਾਵਤ ਜੋ ਜ਼ਿੰਦਗੀ ਦੇ ਤਜਰਬੇ ਦੀ ਲੋਕ-ਬਾਣੀ ਹੈ...ਕਵੀ ਨੇ ਆਪਣੀ ਕਵਿਤਾ ਵਿਚ ਚਾਲੀ ਮਾਤਰੇ ਬੈਂਤ ਨੂੰ ਅਪਣਾਇਆ ਹੈ...ਕਵੀ 'ਤੇ ਰਾਜਨੀਤਕ ਲਹਿਰ ਦਾ ਅਸਰ ਤਾਂ ਹੈ ਹੀ, ਸੁਧਾਰਵਾਦੀ ਲਹਿਰ ਦਾ ਵੀ ਅਸਰ ਹੈ। ਅੰਮ੍ਰਿਤਸਰ ਦੇ ਇਕ ਹੋਰ ਕਵੀ ਉਸਤਾਦ ਸ਼ਾਮ ਦਾਸ ਆਜਜ਼ ਦੀ ਕਵਿਤਾ ਦੀ ਆਲੋਚਨਾ 'ਚੋਂ ਬਾਵਾ ਬਲਵੰਤ ਦੀ ਸਾਹਿਤ ਦੀ ਸੂਝ ਦਾ ਪ੍ਰਤੌਅ ਮਿਲਦਾ ਹੈ; 'ਸਮੁੱਚੇ ਤੌਰ ਤੇ ਆਜਜ਼ ਦੀ ਕਵਿਤਾ ਕਰੁਣਾ ਰਸ ਪ੍ਰਧਾਨ ਹੈ ਪਰ ਸ਼ਾਂਤ ਰਸ ਅਤੇ ਵਿਜੋਗ ਸ਼ਿੰਗਾਰ ਵੀ ਉਨ੍ਹਾਂ ਦੀ ਕਵਿਤਾ 'ਚ ਚੰਦ ਵਾਂਗ ਮਿੱਠਾ ਰਸ ਖਿਲਾਰ ਰਹੇ ਹਨ। ਬੋਲੀ ਉਨ੍ਹਾਂ ਦੀ ਕੇਂਦਰੀ ਪੰਜਾਬੀ ਤੇ ਬਾ-ਮੁਹਾਵਰਾ ਹੈ। ਸ਼ੈਲੀ ਧਨੀ ਰਾਮ ਚਾਤ੍ਰਿਕ ਨਾਲ ਮਿਲਦੀ ਜੁਲਦੀ ਤੇ ਜ਼ੋਰਦਾਰ ਹੈ।

ਬਾਵਾ ਬਲਵੰਤ ਦਾ ਹਿੰਦੀ ਸਾਹਿਤ ਦਾ ਅਧਿਐਨ ਬੜਾ ਡੂੰਘਾ ਤੇ ਵਿਸ਼ਾਲ ਸੀ। ਦੋ ਲੇਖ 'ਮਹਾ ਕਵੀ ਨਿਰਾਲਾ ਘਰ ਵਿਚ' ਅਤੇ 'ਕਰਮਯੋਗੀ ਮਹਾਂ ਪੰਡਿਤ ਰਾਹੁਲ ਜੀ' ਵਿਚ ਇਨ੍ਹਾਂ ਸਾਹਿਤਕਾਰਾਂ ਦੇ ਜੀਵਨ, ਦਰਸ਼ਨ ਅਤੇ ਸਰੋਕਾਰਾਂ ਦੇ ਕਈ ਪੱਖ ਪੇਸ਼ ਹੁੰਦੇ ਹਨ।

ਬਾਵਾ ਬਲਵੰਤ ਦਾ ਉਰਦੂ ਸਾਹਿਤ ਦਾ ਅਧਿਐਨ ਤੇ ਜਾਣਕਾਰੀ ਬੜੀ ਵਿਰਾਟ ਸੀ। ਬਜ਼ਾਤੇ ਖ਼ੁਦ ਉਨ੍ਹਾਂ ਦੀ ਭਾਸ਼ਾ 'ਤੇ ਉਰਦੂ ਦਾ ਬੜਾ ਪ੍ਰਭਾਵ ਰਿਹਾ। ਲੇਖ 'ਮਹਾਂ ਕਵੀ ਗ਼ਾਲਿਬ ਦੀ ਕਹਾਣੀ : ਉਸਦੀ ਜ਼ੁਬਾਨੀ' ਦਾ ਆਧਾਰ ਬਾਵਾ ਬਲਵੰਤ ਗ਼ਾਲਿਬ ਦੇ ਖ਼ਤਾਂ ਨੂੰ ਬਣਾਉਂਦਾ ਹੈ। ਉਸਦੇ ਮਾੜੇ ਮਾਇਕ ਹਾਲਾਤ, ਤੰਗਦਸਤੀ, ਫ਼ਾਕਾਕਸ਼ੀ, ਬੇਰੋਜ਼ਗਾਰੀ, ਮਾਨਸਿਕ ਕਲੇਸ਼ਾਂ, ਬੀਮਾਰੀਆਂ, ਬੁਢਾਪੇ ਆਦਿ ਬਾਰੇ ਸੰਖੇਪ ਤੇ ਭਾਵਪੂਰਤ ਢੰਗ ਨਾਲ ਬਿਆਨ ਕਰਦਾ ਹੈ। ਬਾਵਾ ਬਲਵੰਤ ਨੇ 'ਦੀਵਾਨ-ਏ-ਜ਼ੌਕ' ਦਾ ਭਾਸ਼ਾ ਵਿਭਾਗ ਲਈ ਗੁਰਮੁਖੀ 'ਚ ਅਨੁਵਾਦ ਕੀਤਾ ਅਤੇ ਭੂਮਿਕਾ ਵਜੋਂ ਜ਼ੌਕ ਉਪਰ ਲੇਖ ਵੀ ਲਿਖਿਆ ਜਿਸ ਵਿਚ ਜ਼ੌਕ ਦੇ ਜੀਵਨ, ਸ਼ਖ਼ਸੀਅਤ ਅਤੇ ਸ਼ਾਇਰੀ ਦਾ ਵਿਸ਼ਲੇਸ਼ਣ ਤੇ ਮੁੱਲਾਂਕਣ ਪੇਸ਼ ਕੀਤਾ ਗਿਆ ਹੈ। ਇਸ 'ਚ ਜ਼ੌਕ ਦੇ ਸ਼ਾਗਿਰਦ ਮੌਲਾਨਾ ਮਹੁੰਮਦ ਹੁਸੈਨ ਆਜ਼ਾਦ, ਜਿਸਨੇ 1857 ਦੇ ਗ਼ਦਰ 'ਚ ਜ਼ੌਕ ਦੀ ਸ਼ਾਇਰੀ ਮਹਿਫ਼ੂਜ਼ ਰੱਖੀ ਅਤੇ ਬਾਅਦ 'ਚ ਛਪਵਾਈ, ਬਾਰੇ ਅਤੇ ਗ਼ਜ਼ਲ ਸਿਨਫ਼ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਬਾਰੇ ਵੀ ਲਿਖਿਆ ਗਿਆ।

ਸਰ ਮੁਹੰਮਦ ਇਕਬਾਲ ਬਾਰੇ ਬਾਵਾ ਬਲਵੰਤ ਨੇ 'ਮਹਾਂ ਕਵੀ ਇਕਬਾਲ' ਬੜਾ ਭਾਵਪੂਰਤ, ਰੌਚਕ ਅਤੇ ਵਿਦਵਤਾ ਭਰਪੂਰ ਲੇਖ ਲਿਖਿਆ ਜਿਸ 'ਚ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਜੀਵਨ ਬਾਰੇ ਵੇਰਵੇ ਦਿੱਤੇ ਅਤੇ ਉਨ੍ਹਾਂ ਦੀਆਂ ਕਵਿਤਾਵਾਂ ਜਿਵੇਂ ਜ਼ਰਬੇ ਕਲੀਮ, ਬਾਂਗੇ ਦਰਾ ਅਤੇ ਬਾਲੇ ਜਬਰੀਲ ਦੇ ਪੰਜਾਬੀ ਅਨੁਵਾਦ ਨੂੰ ਲੇਖ 'ਚ ਪੇਸ਼ ਕੀਤਾ।

ਲੇਖ 'ਮਹਾਂ ਕਵੀ ਚਕਬਸਤ' 'ਚ ਬਾਵਾ ਬਲਵੰਤ ਨੇ ਬ੍ਰਿਜ ਨਾਰਾਇਣ ਚਕਬਸਤ ਦੇ ਜੀਵਨ, ਕਾਵਿ ਕਲਾ, ਵਿਚਾਰਧਾਰਾ ਆਦਿ ਬਾਰੇ ਵਿਚਾਰ ਪੇਸ਼ ਕੀਤੇ ਅਤੇ ਉਨ੍ਹਾਂ ਦੀਆਂ ਕੁਝ ਨਜ਼ਮਾਂ ਦਾ ਪੰਜਾਬੀ ਅਨੁਵਾਦ ਵੀ ਕੀਤਾ। ਚਕਬਸਤ ਦੇ ਇਕ ਮਸ਼ਹੂਰ ਸ਼ੇਅਰ ਬਾਰੇ ਬਾਵਾ ਲਿਖਦੇ ਹਨ ਕਿ ਆਪਣੀ ਵਿਚਾਰ ਸ਼ਕਤੀ ਅਤੇ ਕਾਵਿ ਪ੍ਰਤਿਭਾ ਦੇ ਮੇਲ ਨਾਲ ਸਾਇੰਸ ਦੀ ਇਕ ਹੋਰ ਸੱਚਾਈ ਨੂੰ ਆਪਣੇ ਇਕ ਸ਼ੇਅਰ ਵਿਚ ਰੂਪਮਾਨ ਕਰਦੇ ਹਨ

*ਜ਼ਿੰਦਗੀ ਕਯਾ ਹੈ ? ਅਨਾਸਿਰ ਮੇਂ ਜ਼ਹੂਰੇ ਤਰਤੀਬ,*
*ਮੌਤ ਕਯਾ ਹੈ ? ਇਨ੍ਹੀਂ ਅਜਜ਼ਾ ਕਾ ਪਰੇਸ਼ਾਂ ਹੋਨਾ ।*

ਬਾਵਾ ਬਲਵੰਤ ਨੂੰ ਪੱਛਮੀ ਅਤੇ ਅੰਗਰੇਜ਼ੀ ਸਾਹਿਤ ਪੜ੍ਹਨ ਦੀ ਵੀ ਮੱਸ ਸੀ। ਪੱਛਮੀ ਸਾਹਿਤਕਾਰਾਂ ਬਾਰੇ ਲੇਖਾਂ ਵਿਚੋਂ ਵੀ ਬਾਵਾ ਬਲਵੰਤ ਦੀ ਵਿਸ਼ਵ ਦ੍ਰਿਸ਼ਟੀ ਦੀ ਝਲਕ ਮਿਲਦੀ ਹੈ। 'ਦਲਾਂ ਤੋਂ ਕੁਰਬਾਨੀ ਤਕ' ਲੇਖ ਇੰਗਲੈਂਡ ਦੇ ਸਾਹਿਤਕਾਰ ਰਾਲਫ ਫ਼ਾਕਸ ਬਾਰੇ ਹੈ ਜਿਸਨੇ ਸਪੇਨ ਦੀ ਆਜ਼ਾਦੀ ਲਈ ਹੋ ਰਹੇ ਯੁੱਧ 'ਚ ਸ਼ਹੀਦੀ ਪ੍ਰਾਪਤ ਕੀਤੀ। ਉਹ ਰੂਸੀ ਇਨਕਲਾਬ, ਸਾਹਿਤ ਅਤੇ ਮਾਰਕਸਵਾਦੀ ਦਰਸ਼ਨ ਤੋਂ ਪ੍ਰਭਾਵਤ ਸੀ। ਇਸ ਲੇਖ 'ਚ ਬਾਵਾ ਨੇ ਰਾਲਫ ਫ਼ਾਕਸ ਦੇ ਜੀਵਨ, ਸਿਰਜਣਾ ਅਤੇ ਵਿਚਾਰਧਾਰਾ ਬਾਰੇ ਵਿਸ਼ਲੇਸ਼ਣ ਕੀਤਾ। ਬਾਵਾ ਬਲਵੰਤ ਨੇ ਕਵਿਤਾ ਦੀ ਕਿਤਾਬ 'ਜਵਾਲਾਮੁਖੀ' 'ਚ ਰਾਲਫ ਫ਼ਾਕਸ ਬਾਰੇ ਕਵਿਤਾ ਵੀ ਲਿਖੀ। 'ਮਹਾਨ ਨਾਟਕਕਾਰ ਇਬਸਨ' ਦੇ ਲੇਖ 'ਚ ਬਾਵਾ ਬਲਵੰਤ ਨੇ ਨਾਰਵੇ ਦੇ ਨਾਟਕਕਾਰ ਹੈਨਰਿਕ ਇਬਸਨ ਬਾਰੇ ਬੜਾ ਵਿਦਵਤਾ ਭਰਪੂਰ ਲੇਖ ਲਿਖਿਆ ਜਿਸ ਵਿਚ ਇਬਸਨ ਦੇ ਸਮਕਾਲੀ ਸਮਾਜ ਵਿਚ ਜਾਗੀਰਦਾਰਾਂ ਦੀ ਵਧੀਆ ਅਤੇ ਗ਼ਰੀਬਾਂ ਦੀ ਮੰਦੀ ਹਾਲਤ ਦੀ ਚਰਚਾ ਕੀਤੀ ਹੈ। ਇਬਸਨ ਦੀ ਵਿਚਾਰਧਾਰਾ ਨੂੰ ਪ੍ਰਭਾਵਤ ਕਰਨ ਵਾਲੇ ਵਿਦਵਾਨਾਂ ਤੇ ਲਿਖਤਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ। ਬਾਵਾ ਬਲਵੰਤ ਅਨੁਸਾਰ ਇਬਸਨ ਨੇ ਬੜੀ ਸਾਧਾਰਣ ਭਾਸ਼ਾ 'ਚ ਲਿਖਿਆ ਤਾਂ ਕਿ ਆਮ ਲੋਕ ਉਸਦੇ ਸੰਦੇਸ਼ ਨੂੰ ਸਮਝ ਸਕਣ। 'ਮਹਾਨ ਕਵੀ ਤੇ ਲੇਖਕ ਖ਼ਲੀਲ ਜਿਬਰਾਨ' ਲੇਖ 'ਚ ਅਧਿਆਤਮਵਾਦੀ ਕਵੀ ਅਤੇ ਚਿੱਤਰਕਾਰ ਖ਼ਲੀਲ ਜਿਬਰਾਨ ਬਾਰੇ ਲੇਖ ਹੈ ਜਿਸ 'ਚ ਉਸਦੇ ਜੀਵਨ ਅਤੇ ਸਿਰਜਣਾਵਾਂ ਦਾ ਉਲੇਖ ਕੀਤਾ ਗਿਆ ਹੈ ਅਤੇ ਕੁਝ ਕਵਿਤਾਵਾਂ ਦਾ ਪੰਜਾਬੀ ਅਨੁਵਾਦ ਵੀ ਪ੍ਰਸਤੁਤ ਕੀਤਾ ਗਿਆ ਹੈ।

ਬਾਵਾ ਬਲਵੰਤ ਨੇ ਚਿੱਤਰਕਲਾ ਜਿਹੇ ਸੂਖ਼ਮ ਵਿਸ਼ੇ 'ਤੇ ਲੇਖ ਲਿਖਿਆ ਜਿਸ 'ਚ ਜਸਵੰਤ ਸਿੰਘ ਚਿੱਤਰਕਾਰ ਦੀ ਚਿੱਤਰਕਾਰੀ ਦਾ ਮੁੱਲਾਂਕਣ ਅਤੇ ਵਿਸ਼ਲੇਸ਼ਣ ਕੀਤਾ ਗਿਆ ਹੈ। 'ਭਾਰਤ ਦੇ ਪ੍ਰਸਿੱਧ ਸ਼ਾਸਤਰੀ ਨਾਚ' ਲੇਖ 'ਚ ਬਾਵਾ ਬਲਵੰਤ ਨੇ ਨ੍ਰਿਤ ਨਾਲ ਸੰਬੰਧਤ ਗ੍ਰੰਥਾਂ ਅਤੇ ਅਚਾਰੀਆਵਾਂ

ਵੱਲੋਂ ਸਥਾਪਤ ਸਿਧਾਂਤਾਂ ਅਤੇ ਸ਼ਿਲਪ ਦਾ ਵਿਵਰਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਹੈ । ਭਾਰਤ ਨਾਟਯਮ, ਕੱਥਕ, ਮਨੀਪੁਰੀ, ਕਥਕ ਕਲੀ, ਓਡੀਸੀ ਅਤੇ ਅਰਣਾਇਕ ਨਾਚਾਂ ਦੇ ਸਰੂਪ, ਸ਼ੈਲੀ ਅਤੇ ਸ਼ਿਲਪ ਦਾ ਚਰਚਾ ਕੀਤਾ ਗਿਆ ਹੈ।

ਲੇਖ 'ਕਤਰੇ ਤੋਂ ਸਾਗਰ!' 'ਚ ਸੰਸਾਰ ਪ੍ਰਸਿੱਧ ਹਾਸ ਅਭਿਨੇਤਾ ਚਾਰਲੀ ਚੈਪਲਿਨ ਦੇ ਜੀਵਨ ਅਤੇ ਕਲਾ ਬਾਰੇ ਵਿਸਤਾਰ ਸਹਿਤ ਚਰਚਾ ਕੀਤਾ ਗਿਆ ਹੈ ਇਸਤੋਂ ਵੀ ਬਾਵਾ ਬਲਵੰਤ ਦੀ ਵਿਸ਼ਵ ਦ੍ਰਿਸ਼ਟੀ ਪਛਾਣੀ ਜਾ ਸਕਦੀ ਹੈ। ਬਾਵਾ ਬਲਵੰਤ ਅਨੁਸਾਰ; 'ਚਾਰਲੀ ਦੀਆਂ ਫਿਲਮਾਂ ਆਰੰਭ ਤੋਂ ਹੀ ਗਹਿਰੀ ਮਾਨਵੀ ਭਾਵਨਾਵਾਂ ਨਾਲ ਭਰਪੂਰ ਰਹੀਆਂ ਹਨ। ਉਹ ਜ਼ਿੰਦਗੀ ਲਈ ਇਕ ਸਿਹਤਮੰਦ, ਵਿਸ਼ਾਲ ਅਤੇ ਮਾਨਵਤਾਵਾਦੀ ਦ੍ਰਿਸ਼ਟੀਕੋਣ ਰੱਖਦਾ ਸੀ ਤੇ ਇਸੇ ਆਧਾਰ 'ਤੇ ਆਪਣੀਆਂ ਕਲਾ ਦੀ ਉਸਾਰੀ ਕਰਦਾ ਸੀ। ਆਪਣੀ ਫ਼ਿਲਮ 'ਦਾ ਗ੍ਰੇਟ ਡਿਕਟੇਟਰ' ਦੇ ਆਖਰੀ ਸੀਨ ਵਿਚ ਉਹ ਇਸ ਪ੍ਰਕਾਰ ਕਹਿੰਦਾ ਹੈ : "ਮੈਂ ਸਮਰਾਟ ਨਹੀਂ ਬਣਨਾ ਚਾਹੁੰਦਾ – ਇਹ ਮੇਰਾ ਕੰਮ ਨਹੀਂ। ਨਾ ਮੈਂ ਕਿਸੇ 'ਤੇ ਰਾਜ ਕਰਨਾ ਚਾਹੁੰਦਾ ਹਾਂ। ਮੈਂ ਤਾਂ ਚਾਹੁੰਦਾ ਹਾਂ ਕਿ ਜਿੱਥੋਂ ਤਕ ਹੋ ਸਕੇ ਸਭ ਦੀ ਮਦਦ ਕੀਤੀ ਜਾਵੇ। ਸਾਨੂੰ ਸਭ ਦੀ ਮਦਦ ਕਰਨੀ ਚਾਹੀਦੀ ਹੈ। ਇਹੋ ਸੱਚੀ ਮਾਨਵਤਾ ਹੈ। ਅਸੀਂ ਇਕ ਦੂਜੇ ਨੂੰ ਸੁੱਖੀ ਬਣਾ ਕੇ ਜੀਣਾ ਚਾਹੁੰਦੇ ਹਾਂ, ਦੁਖੀ ਬਣਾ ਕੇ ਨਹੀਂ। ਸਾਨੂੰ ਇਕ ਦੂਸਰੇ ਨਾਲ ਵੈਰਾ ਨਹੀਂ ਹੋਣਾ ਚਾਹੀਦਾ। ਧਰਤੀ 'ਤੇ ਸਭ ਲਈ ਥਾਂ ਹੈ। ਗੁਜ਼ਾਰੇ ਜੋਗੀ ਕਾਫ਼ੀ ਥਾਂ ਹੈ। ਧਰਤੀ ਮਾਤਾ ਕੋਲ ਏਨਾਂ ਅੰਨ ਹੈ ਕਿ ਸਭ ਦੀ ਭੁੱਖ ਦੂਰ ਹੋ ਸਕੇ"।

ਬਾਵਾ ਬਲਵੰਤ ਨੇ ਕੁਝ ਲੇਖ ਸਾਹਿਤ ਸਿਧਾਂਤਾਂ ਬਾਰੇ ਵੀ ਲਿਖੇ। ਲੇਖ 'ਹਾਸ ਵਿਅੰਗ' 'ਚ ਹਾਸ ਅਤੇ ਵਿਅੰਗ ਦੀ ਸ਼ਾਸਤਰੀ ਸਮਝ ਪੱਛਮੀ ਦਾਰਸ਼ਨਿਕਾਂ ਅਰਸਤੂ, ਥਾਮਸ ਹੱਬਸ, ਕਾਂਤ ਅਤੇ ਸ਼ੋਪਨਹਾਵਰ ਦੇ ਨਾਲ ਨਾਲ ਸਾਹਿਤ ਸਿਧਾਂਤਕਾਰਾਂ ਜਿਵੇਂ ਹਰਬਰਟ ਸਪੈਂਸਰ, ਜੌਜ਼ਫ਼ ਐਡੀਸਨ, ਅਲੈਗਜ਼ਾਂਦਰ ਬੀਨ ਅਤੇ ਪ੍ਰੋਫ਼ੈਸਰ ਲਾਈਪੀਸ ਦੇ ਵਿਚਾਰਾਂ ਦੀ ਚਰਚਾ ਕਰਦਿਆਂ ਸਥਾਪਤ ਕਰਨ ਦਾ ਯਤਨ ਕੀਤਾ ਹੈ। ਉਹ ਸਿੱਲੀ ਦੀ ਕਿਤਾਬ 'ਅਨ ਓਸਸਓਿ ਨ ਲ਼ਉਗਹਟਏਰ' ਨੂੰ ਵੀ ਆਧਾਰ ਬਣਾਉਂਦਾ ਹੈ ਅਤੇ ਹੈਨਰੀ ਬਰਗਸਾਂ ਦੀ ਪੁਸਤਕ 'ਲ਼ਉਗਹਟਏਰ' ਤੇ ਫਰਾਇਡ ਦੀ ਪੁਸਤਕ 'ਂਟਿ ਓਨਦ ਟਿਸ ਼ੲਲਓਟੋਨਿ ਟੋ ਟਹਏ ੂਨਚੋਨਸਚੌਿਸ' ਰਾਹੀਂ ਵੀ ਆਪਣੀ ਹਾਸ ਤੇ ਵਿਅੰਗ ਦੀ ਰੂਪ ਵਿਧਾਈ ਤੇ ਸ਼ਾਸਤਰੀ ਸਮਝ ਨੂੰ ਪੇਸ਼ ਕਰਦਾ ਹੈ ।

ਬਾਵਾ ਬਲਵੰਤ ਦੇ ਬਾਕੀ ਬਚ ਗਏ ਹੋਰ 24 ਲੇਖਾਂ ਦਾ ਸੰਪਾਦਨ ਡਾ. ਗੁਰਮੁਖ ਸਿੰਘ ਨੇ 'ਰਾਗ ਤੇ ਰੰਗ ਦਾ ਨੂਰ ਤੇ ਹੋਰ ਲੇਖ' ਕਿਤਾਬ 'ਚ ਕੀਤਾ। ਦੋ ਲੇਖ ਰਾਲਫ਼ ਫਾਕਸ ਬਾਰੇ 'ਦਲਾਂ ਤੋਂ ਕੁਰਬਾਨੀ ਤਕ' ਅਤੇ ਚਾਰਲੀ ਚੈਪਲਿਨ ਬਾਰੇ 'ਕਤਰੇ ਤੋਂ ਸਾਗਰ !' ਵੀ ਇਸ 'ਚ ਸ਼ਾਮਿਲ ਹਨ ਜੋ ਕਿ ਪਹਿਲੀ ਕਿਤਾਬ 'ਚ ਵੀ ਛਪ ਚੁੱਕੇ ਹਨ। 2005 'ਚ ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ ਵੱਲੋਂ ਛਾਪੀ ਇਸ ਪੁਸਤਕ ਦੇ ਪੰਜ ਭਾਗ ਹਨ।

ਪਹਿਲੇ ਭਾਗ 'ਚ ਚਿੱਤਰਕਾਰੀ ਬਾਰੇ ਦੋ ਲੇਖ ਹਨ। ਲੇਖ 'ਰਾਗ ਤੇ ਰੰਗ ਦਾ ਨੂਰ' ਵਿਚ ਚਿੱਤਰਕਾਰ ਜਸਵੰਤ ਸਿੰਘ ਵੱਲੋਂ ਭਾਰਤੀ ਸ਼ਾਸਤਰੀ ਰਾਗਾਂ ਬਹਾਰ, ਸਿਰੀ ਰਾਗ, ਭੈਰਵ, ਦੀਪਕ, ਮਾਲਕੌਂਸ, ਪੂਰੀਯਾ ਰਾਗ ਅਤੇ ਰਾਗਨੀ ਸੋਹਣੀ ਉਪਰ ਆਧਾਰਤ ਚਿੱਤਰਾਂ ਦਾ ਰਾਗਾਂ ਦੀ ਸੰਗੀਤ ਸ਼ਾਸਤਰੀ ਸੰਰਚਨਾ ਅਤੇ ਦ੍ਰਿਸ਼ਟਾਂਤਾਂ ਸਹਿਤ ਦ੍ਰਿਸ਼ਮੂਲਕ ਵਿਸ਼ਲੇਸ਼ਣ ਅਤੇ ਰੰਗਕਾਰੀ ਦੀਆਂ ਸੂਖ਼ਮਤਾਵਾਂ ਦੀ ਦਾਰਸ਼ਨਿਕ ਵਿਆਖਿਆ ਵੀ ਕੀਤੀ ਹੈ। ਇਸ ਲੇਖ ਤੋਂ ਬਾਵਾ ਬਲਵੰਤ ਦੀ ਵਿਰਾਟ ਸੰਗੀਤ ਅਤੇ ਚਿੱਤਰਕਾਰੀ ਕਲਾਤਮਕ ਸੂਝ ਅਤੇ ਸਾਹਿਤ ਵਿਸ਼ਵ ਦ੍ਰਿਸ਼ਟੀ ਦੀ ਝਲਕ ਮਿਲਦੀ ਹੈ। ਦੂਜੇ ਲੇਖ 'ਚਿੱਤਰਕਾਰ ਕੀ ਕਰੇ ?' ਵਿਚ ਕਲਾਕਾਰ ਦੀ ਕਲਾਤਮਕ ਅਤੇ ਸਮਾਜਕ ਦੁਚਿੱਤੀ ਨੂੰ ਵਿਅੰਗ ਤੇ ਕਟਾਖ਼ਸ਼ ਦੀ ਭਾਸ਼ਾ 'ਚ ਲਿਖਿਆ ਗਿਆ ਹੈ।

ਭਾਗ ਦੂਜਾ 'ਚ ਲੇਖ 'ਪੱਤੀਆਂ ਤੋਂ ਲਾਲੀ ਤਕ' ਸੰਸਾਰ ਪ੍ਰਸਿੱਧ ਪਿਆਨੋ ਵਾਦਿਕਾ ਏਲਨ ਜਾਈਸ ਦੇ ਜੀਵਨ ਦੇ ਸੰਘਰਸ਼ ਅਤੇ ਸੰਗੀਤ ਨੂੰ ਸਮਰਪਣ ਬਾਰੇ ਹੈ। ਜਾਈਸ ਦੇ ਸੰਗੀਤ ਨੂੰ ਤਨੋ ਮਨੋ ਸਮਰਪਣ ਅਤੇ ਸਾਧਨਾ ਨੂੰ ਅਰਪਨ ਜੀਵਨ ਬਾਰੇ ਬਾਵਾ ਬਲਵੰਤ ਆਪਣੀ ਕਵਿਤਾ ਦੀ

ਇਨ੍ਹਾਂ ਸਤਰਾਂ ਨਾਲ ਤਸ਼ਰੀਹ ਕਰਦਾ ਹੈ;

*ਕਿਸ ਤਰ੍ਹਾਂ ਪੂਰਨ ਹੁਨਰ ਦਰਸ਼ਨ ਦਏ;*
*ਜ਼ਿੰਦਗਾਨੀ ਉਸ ਦੇ ਜੇ ਅਰਪਨ ਨਹੀਂ।*

ਲੇਖ 'ਵਾਇਲਨ ਸਮਰਾਟ ਮੇਨਯੁਹਿਨ' ਵਿਚ ਬਾਵਾ ਬਲਵੰਤ ਨੇ ਯਹੂਦੀ ਨਸਲ ਦੇ ਅਮਰੀਕੀ ਵਾਇਲਨ ਵਾਦਕ ਅਤੇ ਨਹਿਰੂ ਪੁਰਸਕਾਰ ਨਾਲ ਸਨਮਾਨਤ ਮੇਨਯੁਹਿਨ ਦੀ ਸੰਗੀਤਕ ਪ੍ਰਤਿਭਾ ਅਤੇ ਸਮਰਪਣ ਦੀ ਚਰਚਾ ਤੋਂ ਬਾਵਾ ਬਲਵੰਤ ਦੀ ਮੇਨਯੁਹਿਨ ਦੇ ਯਹੂਦੀ ਨਸਲ ਦੇ ਹੋਣ ਬਾਰੇ ਟਿੱਪਣੀ ਤੋਂ ਉਸਦੀ ਵਿਸ਼ਵ ਦ੍ਰਿਸ਼ਟੀ ਦਾ ਇਕ ਹੋਰ ਪਾਸਾਰ ਪ੍ਰਤੀਬਿੰਬਤ ਹੁੰਦਾ ਹੈ; "ਚਿੱਟੀ ਨਸਲ ਦੇ ਹੰਕਾਰੀ ਯਹੂਦੀਆਂ ਨੂੰ ਸਦਾ ਨਫ਼ਰਤ ਕਰਦੇ ਹਨ, ਪਰ ਉਹ ਉਸ ਕੌਮ 'ਚੋਂ ਮਹਾਨ ਫ਼ਿਲਾਸਫਰ ਅਤੇ ਇਨਕਲਾਬੀ ਨੇਤਾ ਕਾਰਲ ਮਾਰਕਸ, ਜਗਤ ਪ੍ਰਸਿੱਧ ਮਨੋਵਿਗਿਆਨੀ ਫਰਾਇਡ, ਸੰਸਾਰ ਪ੍ਰਸਿੱਧ ਹਿਸਾਬਦਾਨ ਅਤੇ ਸਾਇੰਦਾਨ ਤੇ ਫ਼ਿਲਾਸਫਰ ਆਈਨ ਸਟਾਈਨ ਆਦਿ ਪੈਦਾ ਕੀਤੇ ਅਤੇ ਉਸੇ ਕੌਮ ਨੇ ਨਵੇਂ ਯੁੱਗ 'ਚ ਫਰਾਂਜ਼ ਕਾਫ਼ਕਾ ਅਤੇ ਮਹਾਨ ਕਲਾਕਾਰ ਮੇਨਯੁਹਿਨ ਪ੍ਰਦਾਨ ਕੀਤੇ"। ਬਾਵਾ ਬਲਵੰਤ ਅਨੁਸਾਰ ਮੇਨਯੁਹਿਨ ਨੇ ਭਾਰਤੀ ਦਰਸ਼ਨ ਅਤੇ 'ਯੋਗ' ਦਾ ਵੀ ਬੜੀ ਦਿਲਚਸਪੀ ਨਾਲ ਅਧਿਐਨ ਅਤੇ ਅਭਿਆਸ ਕੀਤਾ।

ਤੀਜਾ ਭਾਗ ਬਿਦੇਸ਼ੀ ਅਤੇ ਪੱਛਮੀ ਸਾਹਿਤਕਾਰਾਂ ਬਾਰੇ ਲੇਖਾਂ ਦਾ ਹੈ। ਲੇਖ 'ਯੂਨਾਨੀ ਕਵੀ ਕਾਂਸਟੈਨਟੀਨ ਕਵਾਫ਼ੀ' 'ਚ ਬਾਵਾ ਬਲਵੰਤ ਆਧੁਨਿਕ ਯੁੱਗ ਦੇ ਯੂਨਾਨੀ ਕਵੀ ਅਤੇ ਸਿਕੰਦਰੀਆ ਨਿਵਾਸੀ ਕਾਂਸਟੈਨਟੀਨ ਕਵਾਫ਼ੀ ਬਾਰੇ ਲਿਖਦਾ ਹੈ ਕਿ ਉਸਨੇ ਜੋ ਆਪਣੀਆਂ ਕਵਿਤਾਵਾਂ ਲਈ ਪੌਰਾਣਿਕ ਸਮੱਗਰੀ ਲਈ ਹੈ ਉਹ ਇਤਿਹਾਸਕ ਕਥਾਵਾਂ ਨਾਲ ਮੇਲ ਖਾਂਦੀ ਹੈ ਤੇ ਪੂਰੀ ਪਰੰਪਰਾ ਨੂੰ ਜ਼ਾਹਿਰ ਕਰਦੀ ਹੈ। ਕਵਾਫ਼ੀ ਦਾ ਇਹ ਵਿਸ਼ੇਸ਼ ਗੁਣ, ਉਸਦੀ ਗੂੜ੍ਹ ਵਿਦਵਤਾ ਅਤੇ ਬੁੱਧੀ ਦਾ ਪ੍ਰਮਾਣ ਹੈ। ਬਾਵਾ ਬਲਵੰਤ ਨੇ ਕਵਾਫ਼ੀ ਦੀਆਂ ਕਵਿਤਾਵਾਂ 'ਸਕੰਦਰੀਆ ਦੇ ਬਾਦਸ਼ਾਹ', 'ਜੇਤੂਆਂ ਦੀ ਉਡੀਕ', 'ਵਣਜਾਰਾ' ਆਦਿ ਦਾ ਪੰਜਾਬੀ ਰੂਪ ਵੀ ਪੇਸ਼ ਕੀਤਾ ਹੈ।

ਲੇਖ 'ਪ੍ਰਸਿੱਧ ਕਵੀ ਸੀਮਾਬ' ਵਿਚ ਅਕਬਰਾਬਾਦ (ਆਗਰਾ) ਦੇ ਪ੍ਰਸਿੱਧ ਉਰਦੂ ਕਵੀ, ਪਤ੍ਰਿਕਾ 'ਸ਼ਾਇਰ' ਦੇ ਸੰਪਾਦਕ ਅਤੇ ਦਾਗ਼ ਦੇਹਲਵੀ ਦੇ ਸ਼ਾਗਿਰਦ ਆਸ਼ਕ ਹੁਸੈਨ ਸੀਮਾਬ ਬਾਰੇ ਬਾਵਾ ਬਲਵੰਤ ਲਿਖਦਾ ਹੈ ਕਿ ਦੇਸ਼ ਦੇ ਸੁਧਾਰਵਾਦੀ ਅਤੇ ਦੇਸ਼ ਭਗਤ ਕਵੀਆਂ ਦੀ ਸੂਚੀ 'ਚ ਸੀਮਾਬ ਦਾ ਨਾਂ ਵੀ ਸੁਨਿਹਰੀ ਅੱਖਰਾਂ 'ਚ ਲਿਖਿਆ ਜਾਵੇਗਾ। ਸੰਨ ਸੰਤਾਲੀ ਦੇ ਘੱਲੂਘਾਰੇ ਤੋਂ ਬਾਅਦ ਕੁਝ ਸ਼ਾਗਿਰਦਾਂ ਦੇ ਕਹਿਣ ਤੇ ਸੀਮਾਬ ਕਰਾਚੀ ਚਲਾ ਗਿਆ ਅਤੇ 30 ਜਨਵਰੀ 1951 'ਚ ਵਫ਼ਾਤ ਪਾ ਗਿਆ। ਉਸਦੀਆਂ ਦੋ ਕਾਵਿ ਪੁਸਤਕਾਂ 'ਸਾਜ਼ੋ ਆਹੰਗ' ਅਤੇ 'ਕਾਰੇ ਇਮਰੋਜ਼' ਬਹੁਤ ਪ੍ਰਸਿੱਧ ਹੋਈਆਂ। ਬਾਵਾ ਬਲਵੰਤ ਨੇ ਸੀਮਾਬ ਦੀ ਨਜ਼ਮ 'ਮੇਰੇ ਜਿਹੇ' ਦਾ ਪੰਜਾਬੀ ਰੂਪ ਵੀ ਪਾਠਕਾਂ ਦੀ ਦ੍ਰਿਸ਼ਟੀਗੋਚਰ ਕੀਤਾ ਹੈ।

ਲੇਖ 'ਪ੍ਰਸਿੱਧ ਕਵੀ ਸਾਈਂ ਤੇ ਉਨ੍ਹਾਂ ਦੇ ਕੁਝ ਸ਼ਾਗਿਰਦ' ਉਰਦੂ ਦੇ ਕਵੀ ਫ਼ਰੋਜ਼ ਸਾਈਂ ਬਾਰੇ ਹੈ ਜੋ ਚਾਰ ਮਿਸਰੀਏ ਬੈਂਤ ਲਿਖਦੇ ਸਨ। ਉਰਦੂ ਕਵਿਤਾ ਵਾਂਗ ਪੰਜਾਬੀ ਕਵਿਤਾ 'ਚ ਇਜ਼ਾਫਤ ਦਾ ਇਸਤੇਮਾਲ ਜਿਵੇਂ 'ਦਰਦੇ-ਦਿਲ', ਕਿਤਾਬੇ-ਇਸ਼ਕ' ਆਦਿ। ਬਾਵਾ ਨੇ ਸਾਈਂ ਦੇ ਬੈਂਤਾਂ ਦੇ ਨਾਲ ਨਾਲ ਉਨ੍ਹਾਂ ਦੇ ਸ਼ਾਗਿਰਦਾਂ ਜਿਵੇਂ 'ਜੌਹਰ' ਸਾਹਿਬ, 'ਸਾਲਕ' ਸਾਹਿਬ ਅਤੇ ਪ੍ਰਕਾਸ਼ਾ ਨੰਦ 'ਲਾਗਰ' ਦੇ ਬੈਂਤਾਂ ਦੇ ਨਮੂਨੇ ਵੀ ਪੇਸ਼ ਕੀਤੇ ਹਨ।

ਲੇਖ 'ਮਹਾਨ ਕਹਾਣੀਕਾਰ ਚੈਖ਼ੋਫ ਘਰ ਵਿਚ' ਬਾਵਾ ਬਲਵੰਤ ਨੇ ਰੂਸੀ ਕਹਾਣੀਕਾਰ ਐਨਤੋਨ ਚੈਖ਼ੋਵ ਦੇ ਜੀਵਨ, ਸੰਘਰਸ਼ ਅਤੇ ਸਾਹਿਤ ਸਿਰਜਣਾ ਬਾਰੇ ਅਤੇ ਉਸਦੀਆਂ ਮਾਨਵਤਾ ਨੂੰ ਸੰਬੋਧਤ ਕਦਰਾਂ- ਕੀਮਤਾਂ ਦੇ ਬਿਰਤਾਂਤ ਨੂੰ ਬੜੇ ਰੌਚਕ ਅਤੇ ਪੜ੍ਹਨਯੋਗ ਭਾਸ਼ਾ ਰਾਹੀਂ ਪ੍ਰਸਤੁਤ ਕੀਤਾ ਹੈ। ਨਾਟਕ 'ਚੈਰੀ ਦੇ ਬਾਗ' 'ਚ ਚੈਖ਼ੋਵ ਦੇ ਇਸ ਸੰਵਾਦ; 'ਜੇ ਹਰ ਆਦਮੀ ਆਪਣੇ ਹਿੱਸੇ ਦੀ ਧਰਤੀ ਸੁੰਦਰ ਬਣਾਏ ਤਾਂ ਇਕ ਦਿਨ ਸਾਰਾ ਸੰਸਾਰ ਸੁੰਦਰ ਹੋ ਸਕਦਾ ਹੈ" ਨਾਲ ਬਾਵਾ ਬਲਵੰਤ ਦੀ ਵਿਸ਼ਵ ਦ੍ਰਿਸ਼ਟੀ ਦੀ ਟੋਹ ਵੀ ਸਹਿਜੇ ਹੀ ਮਿਲ ਜਾਂਦੀ ਹੈ ਕਿਉਂਕਿ ਬਾਵਾ ਇਸ ਸੰਵਾਦ ਨੂੰ ਵਿਸ਼ੇਸ਼ ਰੂਪ 'ਚ

ਪੇਸ਼ ਕਰਕੇ ਆਪਣੀ ਵਿਸ਼ਵ ਚੇਤਨਾ ਦਾ ਵੀ ਪਰਿਚੈ ਦਿਵਾਅ ਜਾਂਦਾ ਹੈ।

ਲੇਖ 'ਈਲੀਆ ਅਹਿਰਨਬਰਗ ਨਾਲ ਆਖ਼ਰੀ ਮੁਲਾਕਾਤ' ਵਿਚ ਬਾਵਾ ਬਲਵੰਤ ਨੇ ਰੂਸੀ ਸਾਹਿਤਕਾਰ ਅਤੇ 'ਰਿਪੋਰਤਾਜ' ਸਾਹਿਤ ਵਿਧਾ ਦੇ ਜਨਮਦਾਤਾ ਬਾਰੇ ਮੁਲਾਕਾਤ ਰਾਹੀਂ ਪਰਿਚਯ ਕਰਵਾਇਆ ਹੈ। ਈਲੀਆ ਦੇ ਸ਼ਬਦ 'ਮੈਂ ਕੇਵਲ ਇਨਸਾਨ ਹਾਂ, ਲਫ਼ਜ਼ਾਂ ਦੀ ਸਾਦਗੀ ਲਈ ਮੈਨੂੰ ਮਾਫ਼ ਕੀਤਾ ਜਾਏ, ਇਨਸਾਨ ਦੋਸਤੀ ਦੀ ਕੋਈ ਚੀਜ਼ ਮੇਰੇ ਲਈ ਕੋਈ ਗ਼ੈਰ ਨਹੀਂ, ਮੈਨੂੰ ਮਾਨਵਤਾ ਨਾਲ ਪਿਆਰ ਹੈ' ਦਾ ਬਾਵਾ ਬਲਵੰਤ ਵੱਲੋਂ ਵਿਸ਼ੇਸ਼ ਹਵਾਲਾ ਬਾਵਾ ਦੀ ਮਾਨਵਤਾਵਾਦੀ ਸਾਕਾਰਾਤਮਕ ਸੋਚ ਦੀ ਤਸ਼ਰੀਹ ਕਰਦਾ ਹੈ। ਲੇਖ 'ਬਾਲਜ਼ਾਕ' ਵਿਚ ਬਾਵਾ ਬਲਵੰਤ ਨੇ ਫਰਾਂਸ ਦੇ ਸੰਸਾਰ ਪ੍ਰਸਿੱਧ ਗਲਪਕਾਰ ਬਾਲਜ਼ਾਕ ਦੇ ਜੀਵਨ, ਸੰਘਰਸ਼ ਅਤੇ ਸਾਹਿਤ ਸਿਰਜਣ ਬਾਰੇ ਬੜਾ ਵਿਆਖਿਆ ਭਰਪੂਰ ਲੇਖ ਲਿਖਿਆ ਹੈ। ਨਾਵਲ 'ਲਾ-ਪਵਿਡ ਚਗਰਿਨ' ਬਾਰੇ ਬਾਵਾ ਆਪਣੀ ਵਿਸ਼ਵ ਦ੍ਰਿਸ਼ਟੀ ਅਨੁਸਾਰ ਵਿਚਾਰ ਵਿਮਰਸ਼ ਕਰਦਾ ਹੈ; 'ਬਾਲਜ਼ਾਕ ਨੇ ਨਾਵਲ ਨੂੰ ਸਮਾਜ ਦੇ ਚੌਰਾਹੇ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਇਥੇ ਕੈਪਿਟਲਿਸਟ ਤੇ ਮਜ਼ਦੂਰ, ਗ਼ਰੀਬੀ ਅਤੇ ਅਮੀਰੀ, ਧਨ ਦਾ ਮਹੱਤਵ ਤੇ ਉਸਦੀ ਤੁੱਛਤਾ, ਦੌਲਤ ਦਾ ਅਭਾਵ ਤੇ ਫ਼ਜ਼ੂਲ ਖ਼ਰਚੀ ਆਦਿ ਪਰਸਪਰ ਆ ਮਿਲਦੇ ਹਨ'।

ਲੇਖ 'ਯਾਸ਼ੁਨਾਰੀ ਕਾਵਾਬਾਤਾ' ਵਿਚ ਬਾਵਾ ਬਲਵੰਤ ਨੇ 1968 'ਚ ਸਾਹਿਤ ਲਈ ਨੋਬਲ ਪੁਰਸਕਾਰ ਵਿਜੇਤਾ ਯਾਸ਼ੁਨਾਰੀ ਕਾਵਾਬਾਤਾ ਦਾ ਚਰਚਾ ਕੀਤਾ ਹੈ ਜਿਸਨੂੰ ਨਾਵਲ 'ਯੁਦੀਗੁਨੀ' 'ਤੇ ਇਹ ਸਨਮਾਨ ਮਿਲਿਆ ਅਤੇ ਇਹ ਕਿਸੇ ਜਪਾਨੀ ਸਾਹਿਤਕਾਰ ਨੂੰ ਪਹਿਲੀ ਵਾਰ ਮਿਲਿਆ ਸੀ। ਬਾਵਾ ਲਿਖਦਾ ਹੈ ਕਿ ਇਸ ਉਪਨਿਆਸ 'ਚ ਕਥਾ ਤੱਤ ਘੱਟ ਹੈ ਪਰ ਮਨੋਵਿਗਿਆਨਕ ਵਿਸ਼ਲੇਸ਼ਣ ਵਧੇਰੇ ਹੈ ਅਤੇ ਇਹ ਵੀ ਸ਼ਬਦ ਚਿੱਤਰਾਂ 'ਚ ਉਭਰਿਆ ਹੈ। ਇਸ ਉਪਨਿਆਸ 'ਚ ਜਪਾਨ ਦੀ ਆਪਣੀ ਉੱਚ ਤੇ ਵਿਸ਼ੇਸ਼ 'ਕਲਾ ਕੰਨਿਆ' ਗੀਸ਼ਾ ਦੇ ਦਰਸ਼ਨ ਹੁੰਦੇ ਹਨ ਅਤੇ ਨਾਲ ਹੀ ਜਪਾਨੀ ਸੁਭਾਅ ਵੀ ਪੂਰੀ ਤਰ੍ਹਾਂ ਪ੍ਰਕਾਸ਼ਮਾਨ ਹੁੰਦਾ ਹੈ।

ਚੌਥਾ ਭਾਗ 'ਭਾਰਤੀ ਸਾਹਿਤਕਾਰਾਂ' ਦਾ ਹੈ। ਲੇਖ 'ਫ਼ਿਰਾਕ ਗੋਰਖਪੁਰੀ' ਵਿਚ ਬਾਵਾ ਬਲਵੰਤ ਨੇ ਉਰਦੂ ਦੇ ਪ੍ਰਸਿੱਧ ਸ਼ਾਇਰ ਫ਼ਿਰਾਕ ਗੋਰਖਪੁਰੀ ਦੀ ਸਾਹਿਤਕ ਦੇਣ ਅਤੇ ਉਨ੍ਹਾਂ ਦੀਆਂ ਪੁਸਤਕਾਂ ਦਾ ਚਰਚਾ ਕਰਕੇ ਫਿਰ ਫ਼ਿਰਾਕ ਦੀ ਜ਼ੁਬਾਨੀ ਹੀ ਪ੍ਰਥਮ ਪੁਰਖ 'ਚ ਜੀਵਨ, ਰਾਜਨੀਤਕ ਗਤੀਵਿਧੀਆਂ, ਸਾਹਿਤ ਅਧਿਐਨ ਅਤੇ ਗ਼ਜ਼ਲਗੋਈ ਬਾਰੇ ਚਰਚਿਤ ਸ਼ੇਅਰਾਂ ਅਤੇ ਮਸ਼ਹੂਰ ਨਜ਼ਮਾਂ ਦਾ ਜ਼ਿਕਰ ਛੇੜਿਆ ਹੈ। ਬਾਵਾ ਬਲਵੰਤ ਆਪਣੀ ਧਰਮ ਨਿਰਪੇਖ ਵਿਸ਼ਵ ਦ੍ਰਿਸ਼ਟੀ ਦਾ ਪਰਿਚਯ ਉਰਦੂ ਜ਼ੁਬਾਨ ਬਾਰੇ ਇਨ੍ਹਾਂ ਸਤਰਾਂ ਰਾਹੀਂ ਸਹਿਜੇ ਹੀ ਦੇ ਜਾਂਦਾ ਹੈ; "ਜਿਹੜੇ ਤੰਗ ਨਜ਼ਰੀ ਤੇ ਤੰਗ ਦਿਲ ਅਤੇ ਖ਼ਾਸ ਕਰ ਫਿਰਕਾਪ੍ਰਸਤ ਲੋਕ (ਚਾਹੇ ਉਹ ਕੋਈ ਹੋਣ) ਉਰਦੂ ਨੂੰ ਮੁਸਲਮਾਨਾਂ ਦੀ ਭਾਸ਼ਾ ਸਮਝਦੇ ਹਨ, ਉਹ ਉਰਦੂ ਦੇ ਵੱਡੇ ਦੁਸ਼ਮਣ ਹਨ ਤੇ ਤਰੱਕੀ ਦੇ ਰਾਹ 'ਚ ਰੋੜੇ ਹਨ। ਜ਼ਬਾਨ ਦਾ ਕੋਈ ਮਜ਼ਹਬ ਨਹੀਂ ਹੁੰਦਾ"।

ਲੇਖ 'ਅੰਦਰ ਬੈਠਾ ਕਰਜ਼ਾਈ' ਵਿਚ ਬਾਵਾ ਬਲਵੰਤ ਨੇ ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਦਾ ਰੂਸੀ ਨਾਵਲਕਾਰ ਤੁਰਗਨੇਵ ਦੇ ਕਰਜ਼ਾਈ ਪਾਤਰਾਂ ਅਤੇ ਗ਼ਾਲਿਬ ਦੀ ਮਾਇਕ ਤੰਗਦਸਤੀ ਦੇ ਹਵਾਲੇ ਨਾਲ ਅਤੇ ਨਾਲ ਹੀ ਨਾਵਲ ਦੀ ਰੂਪਵਿਧਾਈ ਸ਼ਾਸਤਰੀਅਤਾ ਬਾਰੇ ਵਿਚਾਰ ਜਿਵੇਂ; 'ਉਪਨਿਆਸ ਜੀਵਨ ਦਾ ਸ਼ੀਸ਼ਾ ਵੀ ਪਰ ਆਲੋਚਨਾ ਵੀ...' ਰਾਹੀਂ ਚਰਿੱਤਰ ਚਿਤਰਣ ਕਰਦਾ ਹੈ। ਉਹ ਨਾਨਕ ਸਿੰਘ ਦੀ ਤੁਲਨਾ ਬਾਲਜ਼ਾਕ ਨਾਲ ਕਰਦਾ ਹੋਇਆ ਕਹਿੰਦਾ ਹੈ; 'ਜਿਸ ਤਰ੍ਹਾਂ 'ਬਾਲਜ਼ਾਕ' ਦੇ ਉਪਨਿਆਸ ਫਰਾਂਸ ਦੀ ਸੱਭਿਅਤਾ ਤੇ ਸੰਸਕ੍ਰਿਤੀ ਦੀ ਨੁਮਾਇੰਦਗੀ ਕਰਦੇ ਹਨ, ਇਸੇ ਤਰ੍ਹਾਂ ਪੰਜਾਬੀ ਦੇ ਸਭਿਆਚਾਰ ਤੇ ਸੰਸਕ੍ਰਿਤੀ ਨੂੰ ਨਾਨਕ ਸਿੰਘ ਦੇ ਉਪਨਿਆਸ ਪੇਸ਼ ਕਰਦੇ ਹਨ'।

ਪੰਜਵਾਂ ਭਾਗ 'ਮਹਾਨ ਸ਼ਖ਼ਸੀਅਤਾਂ' ਦਾ ਹੈ। ਲੇਖ 'ਪੱਤਰਕਾਰ ਤੋਂ ਰਾਸ਼ਟਰ ਪਿਤਾ' ਵਿਚ ਬਾਵਾ ਬਲਵੰਤ ਨੇ ਮਹਾਤਮਾ ਗਾਂਧੀ ਦੇ ਜੀਵਨ, ਰਾਜਨੀਤਕ ਅਤੇ ਵਿਚਾਰਧਾਰਕ ਵਿਗਾਸ ਅਤੇ ਦੇਸ਼ ਦੀ ਆਜ਼ਾਦੀ ਲਈ ਹੋਏ ਸੰਘਰਸ਼ ਦੀ ਰਹਿਨੁਮਾਈ ਅਤੇ ਦੱਖਣੀ ਅਫਰੀਕਾ ਅਤੇ ਭਾਰਤ 'ਚ

ਕੀਤੀ ਪੱਤਰਕਾਰੀ ਅਤੇ ਅਖ਼ਬਾਰਾਂ ਦੇ ਸੰਚਾਲਨ ਰਾਹੀਂ ਆਪਣੇ ਵਿਚਾਰਾਂ ਨੂੰ ਕਿਵੇਂ ਜਨਤਾ ਤਕ ਪਹੁੰਚਾਇਆ, ਦੀ ਚਰਚਾ ਕੀਤੀ ਗਈ ਹੈ। ਬਾਵਾ ਮਹਾਤਮਾ ਗਾਂਧੀ ਦੀ ਗੱਲ ਸਰ ਮੁਹੰਮਦ ਇਕਬਾਲ ਦੇ ਸ਼ੇਅਰ ਰਾਹੀਂ ਕਰਦਿਆਂ ਲਿਖਦਾ ਹੈ ਕਿ ਮਹਾਤਮਾ ਗਾਂਧੀ ਜੀ ਐਸੇ ਹੀ ਸੱਚਾਈ ਜਾਂ ਖ਼ੁਦਾ ਸੱਚਾਈ ਜਾਂ ਖ਼ੁਦਾ ਦੇ ਆਸ਼ਿਕ ਸਨ ਜਿਨ੍ਹਾਂ ਨੂੰ ਰੱਬ ਦੇ ਬੰਦਿਆਂ ਨਾਲ ਸੱਚਾ ਪਿਆਰ ਸੀ:

*ਖ਼ੁਦਾ ਕੇ ਆਸ਼ਿਕ ਤੋਂ ਹੈਂ ਹਜ਼ਾਰੋਂ, ਬਨੋਂ ਮੇਂ ਫਿਰਤੇ ਹੈਂ ਮਾਰੇ ਮਾਰੇ,*
*ਮੈਂ ਉਨਕਾ ਬੰਦਾ ਬਨੂੰਗਾ ਜਿਨ ਕੋ ਖ਼ੁਦਾ ਕੇ ਬੰਦੇ ਸੇ ਪਿਆਰ ਹੋਗਾ।*

ਲੇਖ 'ਸਿੱਪ ਦਾ ਮੋਤੀ' ਭਾਰਤੀ ਮੂਲ ਦੇ ਅਮਰੀਕੀ ਵਿਗਿਆਨੀ ਡਾ. ਹਰਗੋਬਿੰਦ ਖੁਰਾਨਾ ਦੇ ਜੀਵਨ, ਅਧਿਐਨ ਅਤੇ ਖੋਜ ਬਾਰੇ ਹੈ ਜੋ ਬਾਵਾ ਨੇ ਖੁਰਾਨਾ ਨੂੰ ਨੋਬਲ ਪੁਰਸਕਾਰ ਮਿਲਣ 'ਤੇ ਲਿਖਿਆ ਅਤੇ ਉਸਦੀ ਸ਼ਖਸੀਅਤ ਨੂੰ ਸਰ ਮੁਹੰਮਦ ਇਕਬਾਲ ਦੇ ਸ਼ੇਅਰ 'ਚ ਗੌਹਰ ਰਾਹੀਂ ਉਸਨੂੰ ਸਿੱਪ ਦਾ ਮੋਤੀ ਦੇ ਚਿਹਨ ਨਾਲ ਬਿੰਬਤ ਕੀਤਾ ਹੈ:

*ਹੁਏ ਮਦਫ਼ੂਨਿ ਦਰਿਯਾ ਜ਼ੇਰਿ-ਦਰਿਆ ਤੈਰਨੇ ਵਾਲੇ,*
*ਥਪੇੜੇ ਮੌਜ ਕੇ ਖਾਤੇ ਥੇ ਜੋ ਬਨ ਕਰ ਗੌਹਰ ਨਿਕਲੇ।*

ਲੇਖ 'ਕੁਰਬਾਨੀ ਦਾ ਦਿਨ' ਵਿਚ ਬਾਵਾ ਬਲਵੰਤ ਨੇ ਅਮਰੀਕੀ ਪ੍ਰਧਾਨ ਜੌਹਨ ਐਫ ਕੈਨੇਡੀ ਦੇ ਕਤਲ ਬਾਰੇ ਦੱਸਿਆ ਜੋ ਕੇ ਸ਼ੁਕਰਵਾਰ ਵਾਲੇ ਦਿਨ ਹੋਇਆ। ਉਸ ਅਨੁਸਾਰ ਸੁਕਰਾਤ ਨੂੰ ਵੀ ਜ਼ਹਿਰ ਦਾ ਪਿਆਲਾ ਸ਼ੁਕਰਵਾਰ ਵਾਲੇ ਦਿਨ ਪੀਣਾ ਪਿਆ ਅਤੇ ਈਸਾ ਨੂੰ ਸ਼ੁਕਰਵਾਰ ਵਾਲੇ ਦਿਨ ਹੀ ਸੂਲੀ ਚੜ੍ਹਨਾ ਪਿਆ। ਅਬਰਾਹਮ ਲਿੰਕਨ ਦਾ ਕਤਲ ਵੀ ਸ਼ੁਕਰਵਾਰ ਹੋਇਆ ਤੇ ਮਹਾਤਮਾ ਗਾਂਧੀ ਦਾ ਵੀ। ਉਸਦਾ ਮੱਤ ਹੈ ਕਿ ਸ਼ੁਕਰਵਾਰ ਨੂੰ ਨਾਓਸ਼ ਦਿਹਾੜਾ ਕਹਿਣਾ ਚਾਹੀਦਾ ਹੈ। ਬਾਵਾ ਕੈਨੇਡੀ ਦੀ ਮੌਤ ਦੇ ਪ੍ਰਸੰਗ ਰਾਹੀਂ ਆਪਣੀ ਵਿਸ਼ਵ ਦ੍ਰਿਸ਼ਟੀ ਦਾ ਵੀ ਪਰਿਚਯ ਕਰਵਾ ਜਾਂਦਾ ਹੈ ਜਦੋਂ ਉਹ ਲਿਖਦਾ ਹੈ; "ਮਹਾਨ ਲਿੰਕਨ ਦੀ ਕੁਰਬਾਨੀ ਤੇ ਸ਼ੁਭ ਭਾਵਨਾ, ਅਮਰੀਕਾ ਵਿਚੋਂ ਗ਼ੁਲਾਮੀ ਦਾ ਦੌਰ ਤੇ ਗ਼ੁਲਾਮਾਂ ਦੇ ਵਪਾਰ ਨੂੰ ਸਦਾ ਲਈ ਖ਼ਤਮ ਕਰ ਗਈ, ਪਰ ਕਨੇਡੀ ਦਾ ਬਲੀਦਾਨ ਤੇ ਮਾਨਵਤਾਵਾਦੀ ਭਾਵਨਾਵਾਂ ਵੀ ਰੰਗ ਤੇ ਨਸਲ ਦੇ ਦੌਰ ਨੂੰ ਖ਼ਤਮ ਕਰਕੇ ਦਮ ਲੈਣਗੀਆਂ। ਸਮੇਂ ਦਾ ਵਿਕਾਸਵਾਦੀ ਕਦਮ ਅੱਗੇ ਵੱਧ ਰਿਹਾ ਹੈ ਤੇ ਅੱਗੇ ਵੱਧ ਰਹੇ ਹਰ ਕਦਮ ਦੇ ਨਾਲ ਇਕ ਗੀਤ ਦੀ ਆਵਾਜ਼ ਆ ਰਹੀ ਹੈ:

*ਖ਼ੁਸ਼ਬੂ ਦਾ ਵਧੇ ਜ਼ੋਰ ਤਾਂ ਮਹਿਕੇ ਗਾ ਜ਼ਮਾਨਾ,*
*ਢਹਿ ਜਾਏਗੀ ਇਹ ਰੰਗ ਦੀ ਦੀਵਾਰ ਕਿਸੇ ਦਿਨ।*

ਛੇਵੇਂ ਭਾਗ ਵਿਚ ਸਾਹਿਤਕਾਰਾਂ ਦੇ ਪ੍ਰੇਮ ਸੰਬੰਧਾਂ ਬਾਰੇ ਲੇਖ ਹਨ। ਲੇਖ 'ਮਹਾਨ ਕਵੀ ਤੇ ਕਵਿੱਤ੍ਰੀ ਦਾ ਪਿਆਰ' ਵਿਚ ਬਾਵਾ ਬਲਵੰਤ ਨੇ ਮਸ਼ਹੂਰ ਕਵਿਤਾ 'ਲਓਸਟ ਦਿਦ ਠੋਗਓਟਹਏਰ' ਵਾਲੇ ਵਿਕਟੋਰੀਅਨ ਯੁੱਗ ਦੇ ਕਵੀ ਰੋਬਰਟ ਬਰਾਉਨਿੰਗ ਅਤੇ ਕਵਿਤਰੀ ਐਲਿਜ਼ਾਬੈੱਥ ਦੇ ਕਵਿਤਾਕਾਰੀ ਰਾਹੀਂ ਹੋਏ ਪ੍ਰੇਮ, ਫਿਰ ਭੱਜ ਕੇ ਪ੍ਰੇਮ ਵਿਆਹ ਅਤੇ ਅੰਤ 'ਚ ਐਲਿਜ਼ਾਬੈੱਥ ਦਾ ਪਿਤਾ ਦੀ ਸਦੀਵੀ ਉਪੇਖਿਆ ਕਾਰਣ ਮਾਨਸਿਕ ਰੋਗਣ ਬਣਨ ਤਕ ਦਾ ਬਿਰਤਾਂਤ ਪੇਸ਼ ਕੀਤਾ ਹੈ। ਬਾਵਾ ਰੋਬਰਟ ਬਰਾਉਨਿੰਗ ਬਾਰੇ ਲਿਖਦਾ ਹੈ; 'ਕਵੀ, ਕਾਵਿ ਦੀ ਨਵੀਨ ਵਿਧੀ ਡਰਾਮਾਟਿਕ ਮੋਨੋਲਾਗ ਦਾ ਉਸਤਾਦ ਕਲਾਕਾਰ ਸੀ। ਉਸਦੀ ਕਵਿਤਾ ਜੀਵਨ ਦੀ ਰੌਸ਼ਨੀ ਨਾਲ ਭਰਪੂਰ ਹੈ। ਉਹ ਅੰਗਰੇਜ਼ੀ ਦਾ ਗੰਭੀਰ, ਸੰਵੇਦਨਸ਼ੀਲ, ਫ਼ਲਸਫ਼ੀ ਤੇ ਆਸ਼ਾਵਾਦੀ ਕਵੀ ਮੰਨਿਆ ਜਾਂਦਾ ਹੈ।

'ਜਾਰਜ ਬਰਨਾਰਡ ਸ਼ਾਅ ਤੇ ਏਨੀ ਬੀਸੇਂਟ' ਦੇ ਆਪਸੀ ਦਬਿਤ ਤੇ ਮੌਨ ਪ੍ਰੇਮ ਬਾਰੇ ਬੜੇ ਭਾਵਪੂਰਤ ਲੇਖ 'ਚ ਬਾਵਾ ਬਲਵੰਤ ਲਿਖਦਾ ਹੈ; 'ਏਨੀ ਬੀਸੇਂਟ ਬਰਨਾਰਡ ਸ਼ਾਅ ਨੂੰ ਜੀਅ-ਜਾਨ ਤੋਂ ਚਾਹੁੰਦੀ ਸੀ। ਜੇ ਇਕ ਦਿਨ ਵੀ ਸ਼ਾਮ ਨੂੰ ਸ਼ਾਅ ਨਾ ਆਵੇ ਤਾਂ ਉਹ ਵਿਆਕੁਲ ਹੋ ਜਾਂਦੀ ਸੀ। ਸ਼ਾਅ ਨੇ ਇਕ ਦਿਨ ਅਚਾਨਕ ਵਿਆਹ ਦਾ ਪ੍ਰਸਤਾਵ ਰੱਖਿਆ, ਪਰ ਏਨੀ ਬੀਸੇਂਟ ਨੇ ਚੁੱਪ ਧਾਰੀ ਰੱਖੀ। ਕਾਫ਼ੀ ਦੇਰ ਬਾਅਦ ਬਰਨਾਰਡ ਸ਼ਾਅ ਭਾਰਤ ਆਇਆ, ਉਹ ਏਨੀ ਬੀਸੇਂਟ ਦੇ ਗੋਦ ਲਏ ਪੁੱਤਰ ਸ੍ਰੀ ਜੇ.ਕ੍ਰਿਸ਼ਨਾਮੂਰਤੀ ਨੂੰ ਮਿਲਿਆ ਤੇ ਬੀਸੇਂਟ ਬਾਰੇ ਪੁੱਛਿਆ। ਪਰ ਕ੍ਰਿਸ਼ਨਾ ਮੂਰਤੀ ਨੇ

ਉੱਤਰ ਵਿਚ ਕਿਹਾ' "ਉਨ੍ਹਾਂ ਦੀ ਉਮਰ ਕਾਫ਼ੀ ਹੋ ਚੁੱਕੀ ਹੈ ਤੇ ਹੁਣ ਉਹ ਬਹੁਤ ਕੁਝ ਭੁੱਲ ਚੁੱਕੇ ਹਨ"। ਏਨੀ ਬੀਸੇਂਟ ਦੇ ਬਹੁਤ ਨੇੜੇ ਰਹਿਣ ਵਾਲੇ ਮਿੱਤਰਾਂ ਦਾ ਕਹਿਣਾ ਸੀ ਕਿ ਏਨੀ ਬੀਸੇਂਟ ਦੇ ਮਨ ਵਿਚ ਬਰਨਾਰਡ ਸ਼ਾਅ ਲਈ ਕਾਮ ਭਾਵਨਾ ਅਤੇ ਪਿਆਰ ਸਦਾ ਲਈ ਬਣਿਆ ਰਿਹਾ'। ਲੇਖ 'ਅੱਗ ਲੈਣ ਆਈ ਬਣੀ ਘਰ ਵਾਲੀ' ਵਿਚ ਬਾਵਾ ਬਲਵੰਤ ਨੇ ਕਿਤਾਬ 'The Cultural Contract' ਦੇ ਲੇਖਕ ਜੀਨ ਜੈਕ ਰੂਸੋ, ਜਿਸ ਦੀਆਂ ਲਿਖਤਾਂ ਨੇ ਫਰਾਂਸਿਸੀ ਲੋਕਾਂ ਨੂੰ ਇਨਕਲਾਬ ਲਈ ਤਿਆਰ ਕੀਤਾ, ਦੇ ਮਾਦਾਮ ਨਾਲ ਲੰਮੇ ਪ੍ਰੇਮ ਦਾ ਬਿਰਤਾਂਤ ਹੈ ਜੋ ਸਦਾ ਹੀ ਅਧੂਰਾ, ਕਮੀਆਂ ਤੇ ਰੰਜਿਸ਼ਾਂ ਨਾਲ ਭਰਿਆ ਹੋਇਆ ਅਤੇ ਪੀੜਾਦਾਇਕ ਰਿਹਾ।

ਬਾਵਾ ਬਲਵੰਤ ਨੇ ਤਿੰਨ ਲੇਖ 'ਚੀਨ ਦਾ ਭਾਰਤ 'ਤੇ ਹਮਲਾ ਤੇ ਰਣ ਭੂਮੀ ਨੇਫਾ', 'ਭਾਰਤ ਦਾ ਸੈਨਿਕ ਸੰਗਠਨ' ਅਤੇ 'ਭਾਰਤ ਦਾ ਤੋਪ-ਖਾਨਾ ਤੋਪਾਂ ਦੇ ਗੋਲੇ' ਆਦਿ ਬਾਰੇ ਲਿਖੇ ਜੋ ਉਸਦੇ ਸਾਹਿਤ ਤੋਂ ਬਾਹਰਲੇ ਖੇਤਰਾਂ ਦੇ ਵਸੀਹ ਗਿਆਨ ਅਤੇ ਵਿਸ਼ਾਲ ਸੂਝ ਦੇ ਸੰਕੇਤਕ ਹਨ। 'ਮਨੋਹਰ ਸਿੰਘ ਮਾਰਕੋਜ਼ ਦੀਆਂ ਪ੍ਰਾਪਤੀਆਂ' ਲੇਖ ਵਿਚ ਬਾਵਾ ਬਲਵੰਤ ਆਪਣੇ ਮਿੱਤਰਾਂ ਈਸ਼ਵਰ ਚਿੱਤਰਕਾਰ ਅਤੇ ਸੁਜਾਨ ਸਿੰਘ ਰਾਹੀਂ ਮਿਲੇ ਮਨੋਹਰ ਸਿੰਘ ਮਾਰਕੋਜ਼ ਉਰਫ 'ਅਰਸ਼ੀ' ਜੋ ਗੁਰੂ ਘਰ ਨਾਲ ਜੁੜੇ ਕੰਧ ਚਿੱਤਰਾਂ ਦੇ ਸੰਗ੍ਰਹਿਕਰਤਾ ਹਨ, ਬਾਰੇ ਲਿਖਦਾ ਹੈ: *ਸ਼ੌਕ ਤੋੜ ਲੰਘਿਆ ਕੋਟ ਆਫ਼ਤਾਂ ਦੇ, ਸਮਾਂ ਸੂਝ ਦੀਆਂ ਛੁਰੀਆਂ ਉਛਾਲਦਾ ਰਿਹਾ।*

ਲੇਖ 'ਨਾਗਪੁਰੀ ਸੰਤਰਾ' 'ਚ ਸੰਤਰਿਆਂ ਦੀ ਕਈ ਕਿਸਮਾਂ ਦੇ ਨਾਲ ਨਾਲ ਉਸਦੇ ਸਵਾਦ ਅਤੇ ਔਸ਼ਧੀਮੂਲਕ ਤੇ ਹੋਰ ਗੁਣਾਂ ਦਾ ਬਾਵਾ ਬਲਵੰਤ ਨੇ ਵਿਸਤਾਰ ਸਹਿਤ ਚਰਚਾ ਕੀਤਾ ਹੈ। ਇਸਤੋਂ ਇਲਾਵਾ ਉਸਨੇ ਸਮਕਾਲੀ ਕਵੀਆਂ ਦੀਆਂ ਕਾਵਿ ਪੁਸਤਕਾਂ ਦੀਆਂ ਤਿੰਨ ਭੂਮਿਕਾਵਾਂ ਜਿਵੇਂ; ਪ੍ਰੀਤਮ ਸਿੰਘ ਰਾਹੀ ਦੀ ਕਾਵਿ ਪੁਸਤਕ 'ਕਾਇਆ ਦੇ ਰੁਖ', ਜੋਗਾ ਸਿੰਘ ਜਗਿਆਸੂ ਦੀ 'ਊਸ਼ਾ ਨਿਸ਼ਾ' ਅਤੇ ਹਰਸਾ ਸਿੰਘ ਚਾਤਰ ਦੀ 'ਦੋ ਵਾਰਾਂ' ਵੀ ਲਿਖੀਆਂ ਜੋ ਉਸਦੀ ਸਾਹਿਤ ਦੀ ਸਿਧਾਂਤਕ, ਆਲੋਚਨਾਤਕ ਅਤੇ ਵਿਸ਼ਲੇਸ਼ਣਾਤਮਕ ਵਿਸ਼ਵ ਦ੍ਰਿਸ਼ਟੀ ਦਾ ਪਰਿਚਯ ਦਿੰਦੀਆਂ ਹਨ।

ਬਾਵਾ ਬਲਵੰਤ ਦੀ ਲਗ ਪਗ ਪੰਜ ਸੌ ਸਫ਼ਿਆਂ 'ਚ ਫ਼ੈਲੀ ਵਾਰਤਕ ਗਿਆਨਸ਼ਾਸਤਰੀ ਸੂਝ, ਸਾਹਿਤਕ, ਸਿਧਾਂਤਕ, ਵਿਚਾਰਧਾਰਕ ਅਤੇ ਮਨੋਵਿਗਿਆਨਕ ਸਮਝ ਅਤੇ ਵਾਰਤਕ ਵਿਚਲੇ ਵਿਸ਼ਿਆਂ ਦੀ ਵਿਭਿੰਨਤਾ ਅਤੇ ਵਿਲੱਖਣਤਾ ਉਸਦੀ ਵਿਸ਼ਵ ਦ੍ਰਿਸ਼ਟੀ ਦਾ ਪਰਿਚਯ ਦਿੰਦੀ ਹੈ ਕਿ ਉਹ ਮਾਰਕਸਵਾਦੀ ਵਿਚਾਰਧਾਰਾ, ਪ੍ਰਗਤੀਵਾਦੀ ਆਦਰਸ਼ਾਂ, ਮਾਨਵਵਾਦੀ ਸਰੋਕਾਰਾਂ ਅਤੇ ਸਮਾਜ-ਸੱਭਿਆਚਾਰਕ ਕਦਰਾਂ- ਕੀਮਤਾਂ ਵਾਲਾ ਵੱਡਾ ਕਵੀ ਤੇ ਵਾਰਤਕਕਾਰ ਸੀ ਜਿਸਨੇ ਆਪਣੀ ਸਾਹਿਤ ਸਿਰਜਣਾ ਨਾਲ ਪੰਜਾਬੀ ਸਾਹਿਤ ਜਗਤ 'ਚ ਨਿੱਗਰ ਤੇ ਵੱਡਮੁੱਲਾ ਯੋਗਦਾਨ ਪਾਇਆ। 000

***(1562, ਸੈਕਟਰ 33-ਡੀ, ਚੰਡੀਗੜ੍ਹ***
***ਫੋਨ:82839-48811***
***ਈਮੇਲ: mmsingh_63@rediff.com)***

**ਸਹਾਇਕ ਪੁਸਤਕਾਂ:**

ਡਾ. ਜਸਵਿੰਦਰ ਸਿੰਘ, **ਬਾਵਾ ਬਲਵੰਤ ਰਚਨਾਵਲੀ**, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007

ਗੁਰਮੁਖ ਸਿੰਘ, **ਬਾਵਾ ਬਲਵੰਤ ਦੀ ਚੋਣਵੀਂ ਗਦ ਰਚਨਾ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1993

ਗੁਰਮੁਖ ਸਿੰਘ, **ਰਾਗ ਤੇ ਰੰਗ ਦਾ ਨੂਰ**, ਅਮਰਜੀਤ ਪ੍ਰਕਾਸ਼ਨ, ਪਟਿਆਲਾ, 2005

# ਗੁਰੂਆਂ ਦਾ ਦੇਵ: ਬਲਜੀਤ ਬਾਸੀ

ਪਿਛੇ ਜਿਹੇ ਇਕ ਐਤਵਾਰ ਮੈਂ ਇਕ ਸਥਾਨਕ ਗੁਰਦਵਾਰੇ ਗਿਆ। ਉੱਥੇ ਭੋਗ ਪਿੱਛੋਂ ਕੁਝ ਬੱਚਿਆਂ ਨੂੰ ਇਨਾਮ ਦੇਣ ਦੀ ਰਸਮ ਕੀਤੀ ਗਈ ਜਿਨ੍ਹਾਂ ਕੁਝ ਦੇਰ ਪਹਿਲਾਂ ਦਿੱਤੀ ਗਈ ਪ੍ਰਸ਼ਨਾਵਲੀ ਦੇ ਉਤਰ ਦਿੱਤੇ ਸਨ। ਇਕ ਪ੍ਰਸ਼ਨ ਗੁਰੂ ਨਾਨਕ ਦੀ ਜੀਵਨੀ ਨਾਲ ਸੰਬੰਧਤ ਸੀ। ਕੁਝ ਬੱਚਿਆਂ ਨੇ ਆਪਣੇ ਉਤਰਾਂ ਵਿਚ ਗੁਰੂ ਨਾਨਕ ਦਾ ਨਾਂ 'ਗੁਰੂ ਨਾਨਕ ਦੇਵ' ਲਿਖ ਦਿੱਤਾ ਸੀ ਜਿਸ ਕਾਰਨ ਇਨਾਮ ਵਰਤਾਉਣ ਵਾਲਾ ਸੱਜਣ ਕਾਫੀ ਭੜਕਿਆ ਮਲੂਮ ਹੁੰਦਾ ਸੀ। ਉਸ ਨੇ ਆਪਣੇ ਝਿੜਕਾਂ ਭਰੇ ਭਾਸ਼ਨ ਵਿਚ ਕਿਹਾ ਕਿ ਲਗਦਾ ਹੈ 'ਗੁਰੂ ਨਾਨਕ ਦੇਵ' ਲਿਖਣ ਵਾਲੇ ਬੱਚਿਆਂ ਨੇ ਗੁਰੂ ਜੀ ਬਾਰੇ ਜਾਣਕਾਰੀ ਇੰਟਰਨੈੱਟ ਤੋਂ ਲਈ ਹੈ, ਵਰਨਾ ਉਹ ਗੁਰੂ ਦਾ ਨਾਂ ਨਿਰਾ 'ਗੁਰੂ ਨਾਨਕ' ਹੀ ਲਿਖਦੇ। ਇਸ ਗ਼ਲਤੀ ਕਾਰਨ ਕੁਝ ਬੱਚਿਆਂ ਦੇ ਨੰਬਰ ਕੱਟੇ ਗਏ।

ਮੈਨੂੰ ਹੈਰਾਨੀ ਹੋਈ ਕਿ ਰੁਹਬ ਭਰੀ ਜ਼ੁਬਾਨ ਵਿਚ ਬੋਲ ਰਹੇ ਇਸ ਮਹੱਤਵਾਕਾਂਖੀ ਸੱਜਣ ਦੀ ਇੰਟਰਨੈੱਟ ਬਾਰੇ ਜਾਣਕਾਰੀ ਕਿੰਨੀ ਸੀਮਿਤ ਹੈ। ਆਮ ਤੌਰ 'ਤੇ ਨੈੱਟ ਵਿਚੋਂ ਕਿਸੇ ਵਿਸ਼ੇ ਬਾਰੇ ਜਾਣਕਾਰੀ ਲੈਣ ਲਈ 'ਵਿਕੀਪੀਡੀਆ' ਦੀ ਸਹਾਇਤਾ ਲਈ ਜਾਂਦੀ ਹੈ, ਜਦ ਕਿ ਅੰਗਰੇਜ਼ੀ ਵਿਕੀਪੀਡੀਆ ਵਿਚ ਗੁਰੂ ਸਾਹਿਬ ਵਾਲੇ ਇੰਦਰਾਜ ਅਧੀਨ 'ਗੁਰੂ ਨਾਨਕ' ਨਾਂ ਦੀ ਹੀ ਵਰਤੋਂ ਕੀਤੀ ਗਈ ਹੈ, ਨਾਲ ਦੇਵ ਪਿਛੇਤਰ ਇਕ ਵਾਰੀ ਵੀ ਲੱਗਾ ਨਹੀਂ ਮਿਲਦਾ। ਉਂਝ ਇੰਟਰਨੈੱਟ ਆਪਣੇ ਆਪ ਕੋਈ ਸਮੱਗਰੀ ਨਹੀਂ ਘੜਦਾ, ਜੋ ਲੋਕ ਭੇਜਦੇ ਹਨ ਉਹੀ ਸਾਹਮਣੇ ਪਰੋਸਦਾ ਹੈ। ਇਸ ਲਈ 'ਗੁਰੂ ਨਾਨਕ' ਅਤੇ 'ਗੁਰੂ ਨਾਨਕ ਦੇਵ' ਦੋਵੇਂ ਮਿਲਦੇ ਹਨ। ਜੱਗ ਜਾਣਦਾ ਹੈ ਕਿ ਗੁਰੂ ਨਾਨਕ ਦਾ ਦੇਵ ਪਿਛੇਤਰ ਵਾਲਾ ਨਾਂ ਇੰਟਰਨੈੱਟ ਈਜਾਦ ਹੋਣ ਤੋਂ ਢੇਰ ਸਮਾਂ ਪਹਿਲਾਂ ਤੋਂ ਪ੍ਰਚੱਲਤ ਹੈ। ਅਸੀਂ ਆਪਣੇ ਸਕੂਲੀ ਦਿਨਾਂ ਵਿਚ ਗੁਰੂ ਨਾਨਕ ਬਾਰੇ ਲੇਖ ਲਿਖਦਿਆਂ 'ਗੁਰੂ ਨਾਨਕ ਦੇਵ' ਹੀ ਲਿਖਦੇ ਰਹੇ ਹਾਂ। ਸਾਰੀਆਂ ਪਾਠ-ਪੁਸਤਕਾਂ ਅਤੇ ਹੋਰ ਸਾਹਿਤ ਵਿਚ ਏਹੀ ਨਾਂ ਮਿਲਦਾ ਸੀ। ਉਸ ਦਿਨ ਮੈਂ ਗੁਰਦਵਾਰੇ ਦੀ ਕੰਧ 'ਤੇ 'ਗੁਰੂ ਨਾਨਕ ਸਾਹਿਬ' ਨਾਂ ਵਰਤੇ ਜਾਣ ਦੀ ਹਦਾਇਤ ਵੀ ਦੇਖੀ।

ਅੰਮ੍ਰਿਤਸਰ ਵਿਖੇ ਗੁਰੂ ਨਾਨਕ ਦੇਵ ਯੂਨੀਵਰਸਿਟੀ 24 ਨਵੰਬਰ 1969 ਨੂੰ ਗੁਰੂ ਨਾਨਕ ਦੀ 500ਵੀਂ ਜਨਮ ਵਰ੍ਹੇ ਗੰਢ ਦੀ ਮਨੌਤ ਵਜੋਂ ਸਥਾਪਤ ਕੀਤੀ ਗਈ ਸੀ। ਪਹਿਲਾਂ ਇਸ ਦਾ ਨਾਂ 'ਗੁਰੂ ਨਾਨਕ ਯੂਨੀਵਰਸਿਟੀ' ਰੱਖਿਆ ਗਿਆ ਸੀ ਪਰ ਪੰਥਕ ਧਿਰਾਂ ਨੇ ਸਖ਼ਤ ਇਤਰਾਜ਼ ਕੀਤਾ ਕਿ ਯੂਨੀਵਰਸਿਟੀ ਦੇ ਨਾਂ ਵਿਚ ਗੁਰੂ ਸਾਹਿਬ ਦਾ ਪੂਰਾ ਨਾਂ ਨਾ ਵਰਤਕੇ ਉਨ੍ਹਾਂ ਦੀ ਬੇਅਦਬੀ ਕੀਤੀ ਗਈ ਹੈ। ਸਿੱਟੇ ਵਜੋਂ ਉਦੋਂ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਨਾਂ ਵਿਚ ਤਬਦੀਲੀ ਕਰ ਕੇ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਕਰ ਦਿੱਤਾ ਸੀ। ਧਾਰਮਿਕ ਮਾਮਲਿਆਂ ਵਿਚ ਭਾਵਨਾਵਾਂ ਝੱਟ ਹੀ ਵਲੂੰਧਰੀਆਂ ਜਾਂਦੀਆਂ ਹਨ। ਉਦੋਂ ਇੰਟਰਨੈੱਟ ਪ੍ਰਗਟ ਹੀ ਨਹੀਂ ਸੀ ਹੋਇਆ, ਇਹ 1980ਵਿਆਂ ਵਿਚ ਚੱਲਿਆ।

ਗੁਰੂ ਨਾਨਕ ਸਮੇਤ ਗੁਰੂ ਅੰਗਦ ਅਤੇ ਗੁਰੂ ਅਰਜਨ ਦੇ ਨਾਂ ਪਿੱਛੇ ਦੂਜਾ ਨਾਂ 'ਦੇਵ' ਲਾਉਣ ਬਾਰੇ ਕਿੰਤੂ ਪਰੰਤੂ ਸ਼ਾਇਦ ਹਰਜਿੰਦਰ ਸਿੰਘ ਦਿਲਗੀਰ ਦੀ ਇਕ 'ਖੋਜ ਭਰੀ' ਲਿਖਤ ਤੋਂ ਸ਼ੁਰੂ ਹੋਇਆ। ਮੇਰੀ ਜਾਚੇ ਇਸ ਪਿੱਛੇ ਕੰਮ ਕਰਦੀ ਭਾਵਨਾ ਇਹ ਹੈ ਕਿ ਦੇਵ ਸ਼ਬਦ ਹਿੰਦੂ ਧਰਮ ਨਾਲ ਸੰਬੰਧਤ ਹੈ ਜਿਸ ਤੋਂ ਗੁਰੂ ਜੀ ਦਾ ਹਿੰਦੂ ਦੇਵਤਿਆਂ ਨਾਲ ਲਾਗਾ ਉਘੜਦਾ ਹੈ। ਅੱਜ ਕਲ੍ਹ ਸਿੱਖਾਂ ਦੇ ਕਈ ਸੰਕੀਰਣ ਵਿਦਵਾਨ ਅਤੇ ਉਨ੍ਹਾਂ ਦੇ ਪਿਛਲੱਗ ਗੁਰਦਵਾਰੇ ਜਾਂ ਹੋਰ ਸੰਸਥਾਵਾਂ ਹਿੰਦੂ ਧਰਮ ਨਾਲ ਕਿਸੇ ਵੀ ਜਾ ਜੁੜਦੀ ਗੱਲ ਤੋਂ ਏਨਾ ਚਿੜ੍ਹਦੇ ਹਨ ਕਿ ਜਨੂੰਨ ਵਿਚ ਆਏ ਉਹ ਤਰਕ ਦੀ ਹਰ ਸੀਮਾ ਪਾਰ ਕਰ ਦਿੰਦੇ ਹਨ।

ਆਉ ਜ਼ਰਾ ਦਿਲਗੀਰ ਦੀਆਂ ਦਲੀਲਾਂ ਵੱਲ ਨਜ਼ਰ ਮਾਰ ਲਈਏ। ਉਸ ਅਨੁਸਾਰ ਗੁਰੂਆਂ ਦੇ ਨਾਵਾਂ ਪਿੱਛੇ ਦੇਵ ਲਾਉਣ ਦੀ ਰੀਤ ਕੁਝ ਕੁ ਦਹਾਕਿਆਂ ਤੋਂ ਸ਼ੁਰੂ ਹੋਈ ਹੈ। ਕੁਝ ਕੁ ਦਹਾਕਿਆਂ ਦਾ ਮਤਲਬ ਵੱਧ ਤੋਂ ਵੱਧ ਚਾਲੀ ਪੰਜਾਹ ਸਾਲ ਹੀ ਹੋ ਸਕਦਾ ਹੈ ਜਦ ਕਿ ਸੌ ਤੋਂ ਵੀ ਵੱਧ ਸਾਲ ਪਹਿਲਾਂ ਭਾਈ ਕਾਨ੍ਹ ਸਿੰਘ ਰਚਿਤ 'ਮਹਾਨ ਕੋਸ਼' ਵਿਚ ਗੁਰੂ ਸਾਹਿਬ ਦਾ ਨਾਂ 'ਗੁਰੂ ਨਾਨਕ ਦੇਵ' ਵਜੋਂ ਦਰਜਨਾਂ ਵਾਰੀ ਮਿਲਦਾ ਹੈ। ਮਿਸਾਲ ਵਜੋਂ ਦੇਖੋ ਗੁਰੂ ਜੀ ਬਾਰੇ ਮੁੱਖ ਇੰਦਰਾਜ 'ਨਾਨਕ ਦੇਵ ਸਤਿਗੁਰੂ"। ਇਸ ਵਿਚ ਭਾਈ ਸੰਤੋਖ ਸਿੰਘ (1787-1843) ਵੱਲੋਂ ਵਰਤਿਆ ਨਾਂ 'ਗੁਰੂ ਨਾਨਕ ਦੇਵ' ਵੀ ਮੌਜੂਦ ਹੈ। ਇਸ ਕੋਸ਼ ਵਿਚ 'ਅੰਗਦ ਦੇਵ' ਅਤੇ 'ਅਰਜਨ ਦੇਵ' ਜਿਹੇ ਨਾਂ ਵੀ ਮਿਲਦੇ ਹਨ। 'ਮਹਾਨ ਕੋਸ਼ 1912 ਤੋਂ ਆਰੰਭ ਕਰਕੇ 1926 ਵਿਚ ਮੁਕੰਮਲ ਹੋਇਆ ਸੀ। ਰਾਵਲਪਿੰਡੀ ਵਿਚ 1904 ਵਿਚ ਸੇਵਾਰਾਮ ਸਿੰਘ ਥਾਪੜ ਦੁਆਰਾ ਗੁਰੂ ਨਾਨਕ ਬਾਰੇ ਪ੍ਰਕਾਸ਼ਤ ਪੁਸਤਕ ਵਿਚ ਗੁਰੂ ਸਾਹਿਬ ਦਾ ਦੇਵ ਵਾਲਾ ਨਾਂ ਕਈ ਵਾਰੀ ਮਿਲਦਾ ਹੈ, ਪੁਸਤਕ ਦਾ ਨਾਂ ਹੀ 'The life and teachings of Sri Guru Nanak Dev' ਹੈ।

ਦਿਲਗੀਰ ਨੇ ਸਿੱਖਾਂ ਵਿਚ 'ਸ੍ਰੀ ਦੀ ਵਰਤੋਂ ਨੂੰ ਵੀ ਸ਼ਰਾਰਤਪੂਰਨ ਕਿਹਾ। ਸ੍ਰੀ ਬਾਰੇ ਮੈਂ ਬਹੁਤ ਪਹਿਲਾਂ ਲਿਖ ਚੁੱਕਾ ਹਾਂ, ਏਥੇ ਤਨਜ਼ ਕੱਸ ਕੇ ਸਾਰ ਲੈਂਦਾ ਹਾਂ ਕਿ ਸ੍ਰੀ ਦਿਲਗੀਰ ਵੀ ਕਿਸੇ ਨੂੰ ਨਮਸਕਾਰਨ ਲਈ 'ਸਤਿ ਸ੍ਰੀ ਅਕਾਲ' ਹੀ ਕਹਿੰਦੇ ਹੋਣਗੇ ਅਤੇ ਅਰਦਾਸ ਕਰਦੇ ਸਮੇਂ 'ਸਿਮਰੌ ਸ੍ਰੀ ਹਰਿਰਾਇ॥ ਸ੍ਰੀ ਹਰਿਕ੍ਰਿਸ਼ਨ ਧਿਆਇਐ ਜਿਸ ਡਿਠੈ ਸਭਿ ਦੁਖ ਜਾਇ॥' ਅਤੇ 'ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ' ਅਵੱਸ਼ ਉਚਾਰਦੇ ਹੋਣਗੇ। ਗੁਰੂ ਨਾਨਕ ਨੇ ਵੱਡੇ ਪੁੱਤਰ ਦਾ ਨਾਂ 'ਸ੍ਰੀ ਚੰਦ' ਰੱਖਿਆ ਸੀ।

ਦਿਲਗੀਰ ਦੀ ਦਲੀਲ ਹੈ ਕਿ ਨਾਨਕ, ਅੰਗਦ ਅਤੇ ਅਰਜਨ ਦੀ ਤਰ੍ਹਾਂ ਬਾਕੀ ਗੁਰੂਆਂ ਜਿਵੇਂ ਰਾਮਦਾਸ, ਅਮਰਦਾਸ, ਹਰਿਗੋਬਿੰਦ ਆਦਿ ਨਾਂ ਵੀ ਇਕ ਲਫਜ਼ੇ ਹੀ ਹਨ। ਇਹ ਉਨ੍ਹਾਂ ਦਾ ਦਾਅਵੇ ਭਰਿਆ ਬਿਆਨ ਹੈ, ਇਸ ਦਾ ਕੋਈ ਤਰਕ ਨਹੀਂ ਦਿੱਤਾ ਕਿ ਇਹ ਨਾਂ ਕਿਵੇਂ ਇਕ ਲਫ਼ਜ਼ੇ ਹਨ। 'ਰਾਮਦਾਸ' ਆਦਿ ਭਾਵੇਂ ਜੋੜ ਕੇ ਲਿਖੇ ਗਏ ਹੋਣ ਭਾਵੇਂ ਜੁਦੇ ਜੁਦੇ, ਇਹ ਨਾਂ ਬਣੇ ਦੋ ਸ਼ਬਦਾਂ ਤੋਂ ਹੀ ਹਨ ਅਤੇ ਨਾਂ ਪਿੱਛੇ ਭਾਵਨਾ ਅਤੇ ਅਰਥ ਓਹੀ ਰਹਿੰਦੇ ਹਨ ਯਾਨਿ ਰਾਮਦਾਸ = ਰਾਮ ਦਾ ਦਾਸ। ਇਹ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਨਾਂ ਘੜਨਾ ਇਕ ਰੀਤੀ ਬਣ ਜਾਂਦੀ ਹੈ ਭਾਵੇਂ ਕੋਈ ਅਰਥ ਬਣਦਾ ਹੋਵੇ ਜਾਂ ਨਾ। ਖੁਸ਼ਵੰਤ ਸਿੰਘ ਨੇ ਇਕ ਵਾਰ ਕਿਹਾ ਸੀ ਕਿ 'ਗੋਪਾਲ ਸਿੰਘ' ਨਾਂ ਦਾ ਅਰਥ ਬਣਦਾ ਹੈ ਗਊਆਂ ਪਾਲਣ ਵਾਲਾ ਸ਼ੇਰ। ਗੁਰੂ ਗ੍ਰੰਥ ਵਿਚ ਨਾਮਦੇਵ ਅਤੇ ਜੈਦੇਵ ਦੀ ਬਾਣੀ ਮੌਜੂਦ ਹੈ, ਦੇਵ ਤਾਂ ਆ ਹੀ ਗਿਆ ਨਾ! ਗੁਰੂ ਲਈ ਗੁਰਦੇਵ ਸ਼ਬਦ ਵੀ ਅਨੇਕਾਂ ਵਾਰ ਆਇਆ ਹੈ। ਫਿਰ ਦੇਵ ਤੋਂ ਏਨਾ ਨੱਕ ਕਿਉਂ ਵੱਟਿਆ ਜਾ ਰਿਹਾ ਹੈ? ਹਰਜਿੰਦਰ ਦੇ ਨਾਂ ਵਿਚ ਵੀ ਇਕ ਹਿੰਦੂ ਦੇਵਤੇ ਇੰਦਰ ਦਾ ਵਾਸਾ ਹੈ।

ਦਿਲਗੀਰ ਦੀ ਖੋਜ ਅਨੁਸਾਰ ਚਰਚਿਤ ਗੁਰੂ ਸਾਹਿਬਾਨ ਦੇ ਨਾਵਾਂ ਪਿੱਛੇ ਦੇਵ ਸ਼ਬਦ ਗੁਰੂ ਕਾਲ ਤੋਂ ਬਾਅਦ ਦਾ ਵਰਤਾਰਾ ਹੈ। ਇਸ ਖੋਜ ਨੂੰ ਰੱਦ ਕਰਨ ਲਈ ਮੇਰੇ ਕੋਲ਼ ਨਾ ਕੋਈ ਦਲੀਲ ਹੈ ਤੇ ਨਾ ਮੇਰੀ ਇਸ ਵਿਸ਼ੇ ਬਾਰੇ ਏਨੀ ਜਾਣਕਾਰੀ ਹੈ। ਇਸ ਲਈ ਹਾਲ ਦੀ ਘੜੀ ਮੇਰੇ ਕੋਲ਼ ਕੋਈ ਕਾਰਨ ਨਹੀਂ ਕਿ ਮੈਂ ਉਸ 'ਤੇ ਵਿਸ਼ਵਾਸ ਨਾ ਕਰਾਂ। ਇਸ ਗੱਲੋਂ ਸਗੋਂ ਮੈਂ ਉਸ ਦੀ ਖੋਜ ਦੀ ਸ਼ਲਾਘਾ ਕਰਦਾ ਹਾਂ, ਇਸ ਦਾ ਆਪਣਾ ਮੁੱਲ ਹੈ। ਮੈਂ ਦਿਲਗੀਰ ਦੀ ਲੱਭਤ ਨੂੰ ਚਣੌਤੀ ਨਹੀਂ ਦੇ ਰਿਹਾ ਬਲਕਿ ਇਸ ਨੂੰ ਜ਼ਬਰਦਸਤੀ ਲਾਗੂ ਕਰਾਉਣ ਤੋਂ ਪੈਦਾ ਹੁੰਦੇ ਸਵਾਲਾਂ ਨੂੰ ਉਜਾਗਰ ਕਰਨਾ ਚਾਹੁੰਦਾ ਹਾਂ। ਮਸਲਾ ਇਹ ਹੈ ਕਿ ਜੇ ਬਾਅਦ ਵਿਚ ਕਿਸੇ ਨੇ ਗੁਰੂਆਂ ਦੇ ਨਾਂ ਪਿੱਛੇ ਸਤਿਕਾਰਸੂਚਕ ਪਿਛੇਤਰ ਲਾ ਦਿੱਤੇ ਜੋ ਅੱਜ ਤੱਕ ਵੀ ਪ੍ਰਵਾਨ ਹੁੰਦੇ ਆ ਰਹੇ ਹਨ ਤਾਂ ਹੁਣ ਉਨ੍ਹਾਂ ਨੂੰ ਹਟਾਉਣ ਦੀ ਕੀ ਤੁਕ ਹੈ? ਦੇਵ ਸ਼ਬਦ ਸਿਰਫ ਦੇਵਤੇ ਲਈ ਹੀ ਨਹੀਂ ਬਲਕਿ ਇਸ ਦਾ ਪਹਿਲਾ ਅਰਥ ਪ੍ਰਕਾਸ਼, ਰੌਸ਼ਨੀ ਆਦਿ ਦਾ ਬੋਧਕ ਹੈ। ਪੁਰਾਣੇ ਸਮੇਂ ਤੋਂ ਹੀ ਦੇਵ ਸ਼ਬਦ ਸਤਿਕਾਰਯੋਗ, ਪੂਜਣਯੋਗ ਧਾਰਮਿਕ ਪੁਰਸ਼ਾਂ ਲਈ ਵਰਤਿਆ ਜਾਂਦਾ ਰਿਹਾ ਹੈ। ਇਹ ਗੱਲ ਮੰਨੀ ਜਾ ਸਕਦੀ ਹੈ ਕਿ ਨਾ ਤਾਂ

ਗੁਰੂਆਂ ਦੇ ਜਨਮ ਵੇਲ਼ੇ ਇਹ ਨਾਂ ਰੱਖੇ ਗਏ ਹੋਣਗੇ ਤੇ ਨਾ ਹੀ ਗ੍ਰੰਥ ਸਾਹਿਬ ਵਿਚ ਉਪਲਭਦ ਹਨ।

ਦਿਲਗੀਰ ਅਨੁਸਾਰ, "ਦਰ ਅਸਲ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ'ਦੇਵ' ਲਿਖਣ ਦੀ ਹਰਕਤ ਨਿਰਮਲਿਆਂ ਨੇ ਸ਼ੁਰੂ ਕੀਤੀ ਸੀ। ਲੇਖਕਾਂ ਵਿਚੋਂ ਇਸ ਦੀ ਵਰਤੋਂ ਸਭ ਤੋਂ ਪਹਿਲਾ ਭਾਈ ਵੀਰ ਸਿੰਘ ਨੇ ਸ਼ੁਰੂ ਕੀਤੀ ਸੀ (ਜੋ ਖ਼ੁਦ ਇਕ ਨਿਰਮਲਾ ਸੀ)। ਗੁਰੂਆਂ ਦੇ ਨਾਂਵਾਂ ਨਾਲ ਸ੍ਰੀ ਅਤੇ ਦੇਵ ਦੋਵੇਂ ਨਿਰਮਲਿਆਂ ਅਤੇ ਬ੍ਰਾਹਮਣਾਂ ਦੀਆਂ ਕਰਤੂਤਾਂ ਦਾ ਨਤੀਜਾ ਹਨ। ਇੰਵ ਹੀ ਗੁਰੂਆਂ ਨਾਲ ਸੰਬੰਧਤ ਸ਼ਹਿਰਾਂ ਦੇ ਨਾਂ ਨਾਲ ਸ੍ਰੀ ਅਤੇ ਸਾਹਿਬ ਲਾਉਣ ਦੀ ਹਰਕਤ ਵੀ ਨਿਰਮਲਿਆਂ ਨੇ ਸ਼ੁਰੂ ਕੀਤੀ ਸੀ"।

ਮਤਲਬ ਸ੍ਰੀ ਅਤੇ ਸਾਹਿਬ ਵੀ ਅਪ੍ਰਵਾਨ ਹਨ। ਵਿਡੰਬਨਾ ਹੈ ਕਿ ਦਿਲਗੀਰ ਸਾਹਿਬ(!) ਖ਼ੁਦ ਗੁਰੂ ਨਾਨਕ ਦੇ ਨਾਂ ਨਾਲ ਸਾਹਿਬ ਪਿਛੇਤਰ ਲਾ ਰਹੇ ਹਨ ਤੇ ਨਾਲ ਹੀ ਇਸ ਨੂੰ ਨਿਰਮਲਿਆਂ ਤੇ ਬਾਹਮਣਾਂ ਦੀ ਕਰਤੂਤ ਗਰਦਾਨ ਰਹੇ ਹਨ। ਉਸ ਦੇ ਲੇਖ ਦਾ ਸਿਰਲੇਖ ਹੀ "ਗੁਰੂ ਨਾਨਕ 'ਸਾਹਿਬ' ਕਿ ਗੁਰੂ ਨਾਨਕ 'ਦੇਵ' ਹੈ। ਉਹ ਸਾਹਿਬ ਪਿਛੇਤਰ 'ਤੇ ਕੋਈ ਇਤਰਾਜ਼ ਨਹੀਂ ਦਰਸਾ ਰਿਹਾ। ਦਿਲਗੀਰ ਜਿਹੇ ਵਿਦਵਾਨਾਂ ਦੇ ਅੰਤਰ ਮਨ ਵਿਚ ਕੋਈ ਦੁਬਿਧਾ ਤਾਂ ਜ਼ਰੂਰ ਹੈ ਕਿ ਗੁਰੂਆਂ ਦਾ ਨਾਂ ਦੋ ਜੁਜ਼ਾਂ ਵਾਲਾ ਹੋਣਾ ਚਾਹੀਦਾ ਹੈ। ਸਾਹਿਬ ਵੀ ਗੁਰੂਆਂ ਦੇ ਜਨਮ ਵੇਲੇ ਤੋਂ ਉਨ੍ਹਾਂ ਨਾਲ ਜੁੜਿਆ ਹੋਇਆ ਨਹੀਂ ਤੇ ਨਾ ਹੀ ਗ੍ਰੰਥ ਸਾਹਿਬ ਵਿਚ ਮਿਲਦਾ ਹੈ। ਇਹ ਲਫਜ਼ ਹੈ ਵੀ ਇਸਲਾਮੀ ਸਭਿਅਤਾ ਨਾਲ ਪਰੁੱਚ ਅਰਬੀ ਪਿਛੋਕੜ ਵਾਲਾ। ਇਹ ਗੱਲ ਆਮ ਹੀ ਜਾਣੀ ਜਾਂਦੀ ਹੈ ਕਿ ਸਾਡੇ ਦੇਸ਼ ਵਿਚ ਸਤਿਕਾਰ ਅਤੇ ਅਧੀਨਗੀ ਦੇ ਭਾਵਾਂ ਵਾਲਾ ਸਾਹਿਬ ਸ਼ਬਦ ਯੂਰਪੀਨਾਂ ਦੇ ਵੇਲੇ ਤੋਂ ਸ਼ੁਰੂ ਹੋਇਆ ਜੋ ਭਾਰਤੀਆਂ ਵੱਲੋਂ 'ਗੋਰੇ ਸਾਹਿਬਾਂ' ਲਈ ਵਰਤਿਆ ਜਾਂਦਾ ਸੀ। ਗੋਰੀਆਂ ਮੇਮਾਂ ਨੂੰ ਮੇਮਸਾਹਿਬ ਕਿਹਾ ਜਾਂਦਾ ਸੀ। ਦਿਲਗੀਰ ਦੀ ਖੋਜ ਗੁਰੂਆਂ ਨਾਲ ਜੋੜੇ ਜਾਂਦੇ ਸਾਹਿਬ ਬਾਰੇ ਕੀ ਕਹਿੰਦੀ ਹੈ?

ਗੁਰੂਆਂ ਦੇ ਨਾਂ ਅੱਗੇ ਗੁਰੂ ਸ਼ਬਦ ਲਾਉਣ ਬਾਰੇ ਵੀ ਕਿੰਤੂ ਕੀਤਾ ਜਾ ਸਕਦਾ ਹੈ। ਗੁਰੂ-ਸ਼ਿਸ਼ ਤਾਂ ਹਿੰਦੂ ਧਰਮ ਦੀ ਪ੍ਰਾਚੀਨ ਪਰੰਪਰਾ ਹੈ। ਜ਼ਰਾ ਸੋਚੋ, ਗੁੜਗਾਵਾਂ ਦਾ ਨਾਂ ਬਦਲ ਕੇ ਗੁਰੂਗ੍ਰਾਮ ਕਿਉਂ ਰੱਖਿਆ ਗਿਆ? ਮੇਰੇ ਕਈ ਗੁਜਰਾਤੀ ਮਿੱਤਰਾਂ ਦੀ ਜੇਬ ਵਿਚ ਉਨ੍ਹਾਂ ਦੇ ਗੁਰੂ ਦੀ ਫੋਟੋ ਹੁੰਦੀ ਹੈ। ਗੁਰੂ ਸੰਸਕ੍ਰਿਤ ਦਾ ਪੁਰਾਣਾ ਸ਼ਬਦ ਹੈ ਜਿਸ ਬਾਰੇ ਬਹੁਤ ਪਹਿਲਾਂ ਲਿਖਿਆ ਜਾ ਚੁੱਕਾ ਹੈ। ਸਿੱਖਾਂ ਦੇ ਨਾਂ ਪਿੱਛੇ ਲਾਇਆ ਜਾ ਰਿਹਾ ਸਿੰਘ ਸ਼ਬਦ ਪ੍ਰਾਚੀਨ ਪਿਛੇਤਰ ਹੈ। ਸਿੰਘ ਅਤੇ ਇਸ ਦੇ ਰੁਪਾਂਤਰ ਲਗਪਗ ਸਾਰੇ ਭਾਰਤ ਵਿਚ ਹਿੰਦੂਆਂ ਦੇ ਕਈ ਫਿਰਕਿਆਂ ਦੇ ਨਾਵਾਂ ਪਿੱਛੇ ਲਾਏ ਜਾਂਦੇ ਹਨ। ਦਸਵੀਂ ਸਦੀ ਦੇ 'ਅਮਰ ਕੋਸ਼' ਦੇ ਕਰਤਾ ਦਾ ਨਾਂ 'ਅਮਰ ਸਿੰਘ' ਸੀ। ਗੁਰੂ ਸਾਹਿਬ ਨੇ ਸਿੱਖ ਨਾਵਾਂ ਲਈ ਹਿੰਦੂਆਂ ਵਾਲਾ ਸਿੰਘ ਕਿਉਂ ਚੁਣਆ? ਕੌਰ ਵੀ 'ਕੁਮਾਰ' ਸ਼ਬਦ ਦਾ ਹੀ ਬਦਲਿਆ ਰੂਪ ਹੈ। ਰਾਜਸਥਾਨ ਦੇ ਕਈ ਇਲਾਕਿਆਂ ਵਿਚ ਸਦੀਆਂ ਤੋਂ ਹਿੰਦੂ ਇਸਤਰੀਆਂ ਦੇ ਨਾਂ ਪਿੱਛੇ ਕੌਰ ਪਿਛੇਤਰ ਲਗਦਾ ਹੈ।

ਅਸੀਂ 'ਗ੍ਰੰਥ' (ਗੁਰੂ ਮਾਨਿਓ ਗ੍ਰੰਥ) ਨੂੰ ਪਹਿਲਾਂ 'ਆਦਿ ਗ੍ਰੰਥ' ਫਿਰ 'ਗੁਰੂ ਗ੍ਰੰਥ' ਫਿਰ 'ਸ੍ਰੀ ਗੁਰੂ ਗ੍ਰੰਥ' ਫਿਰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਕਹਿਣਾ ਸ਼ੁਰੂ ਕਰ ਦਿੱਤਾ। ਕਿਸੇ ਵੀ ਰਾਜੇ ਜਾ ਦੈਵੀ ਪੁਰਸ਼ ਨਾਲ ਸਤਿਕਾਰ ਵਜੋਂ ਵਿਸ਼ੇਸ਼ਣ ਲਾਉਣ ਦੀ ਰੀਤੀ ਬਹੁਤ ਪੁਰਾਣੀ ਹੈ। 'ਪਰਸੂ, ਪਰਸਾ ਪਰਸ ਰਾਮ' ਕਹਾਵਤ ਕਿਸੇ ਵਿਅਕਤੀ ਦੇ ਦਿਨ ਪ੍ਰਤੀ ਦਿਨ ਵਧ ਰਹੇ ਮਾਣ-ਸਨਮਾਨ ਅਤੇ ਪ੍ਰਤਿਸ਼ਠਾ ਨੂੰ ਦਰਸਾਉਂਦੀ ਹੈ। ਦੈਵੀ ਪੁਰਸ਼ਾਂ ਦੀ ਵਡਿਆਈ ਲਈ ਵੀ ਸਾਨੂੰ ਰਾਜੇ ਮਹਾਰਾਜਿਆਂ ਦੇ ਖਿਤਾਬ ਹੀ ਸੁਝਦੇ ਹਨ। ਗ੍ਰੰਥ ਸਾਹਿਬ ਨੂੰ ਮਹਾਰਾਜ ਜਾਂ ਸਵਾਰਾ ਸਾਹਿਬ ਵੀ ਕਿਹਾ ਜਾਂਦਾ ਹੈ। ਬਹੁਤ ਸਾਰੀਆਂ ਪਰੰਪਰਾਵਾਂ ਨੂੰ ਵਿਸ਼ੇਸ਼ ਧਰਮ ਨਾਲ ਨਹੀਂ ਬਲਕਿ ਸਾਂਝੀ ਵਿਰਾਸਤ ਨਾਲ ਜੋੜਕੇ ਸਮਝਿਆ ਜਾਣਾ ਚਾਹੀਦਾ ਹੈ। ਬਹੁਤੇ ਗੁਰੂਆਂ ਦੇ ਨਾਂ ਹਿੰਦੂ ਮਿਥਹਾਸ ਵਿਚ ਉਪਲਭਦ ਨਾਇਕਾਂ ਜਾਂ ਅਵਤਾਰਾਂ ਵਾਲੇ ਹਨ।000

***(8345 Opal Drive, Westland, MI 48185 USA)***

# ‘ਦਿ ਲੈਨਿਨਜ਼ ਫਰੌਮ ਕਲੋਨ ਵੈਲੀ’ ਦਾ ਸਿਆਸੀ ਅਚਵੇਤਨ: ਲੇਖ: ਸਤਿੰਦਰਪਾਲ ਸਿੰਘ ਬਾਵਾ

ਅਜਮੇਰ ਸਿੱਧੂ ਦੀ ਕਹਾਣੀ ‘ਦ ਲੈਨਿਨਜ਼ ਫਰੌਮ ਕਲੋਨ ਵੈਲੀ’ ਬੌਧਿਕ ਬਿਰਤਾਂਤ ਵਿਚ ਲਿਖੀ ਗਈ ਕਹਾਣੀ ਹੈ ਜਿਸ ਵਿਚ ਵਿਗਿਆਨਕ ਅਤੇ ਸਮਾਜਵਾਦੀ ਸੰਕਲਪਾਂ ਨੂੰ ਸੰਮਿਲਤ ਰੂਪ ਵਿਚ ਗਿਆਨਾਤਮਕ ਭਾਸ਼ਾ ਰਾਹੀਂ ਬਿਆਨਿਆ ਗਿਆ ਹੈ। ਇਹ ਕਹਾਣੀ ਸੰਘਣੀ ਬੁਣਤਰ ਅਤੇ ਬਣਤਰ ਵਾਲੀ ਹੈ ਜਿਸ ਵਿਚ ਵਿਗਿਆਨਕ ਸੰਕਲਪਾਂ ਨੂੰ ਵਿਵਰਨਾਤਮਕ ਦ੍ਰਿਸ਼ਟੀ ਤੋਂ ਅਤੇ ਸਮਾਜਵਾਦੀ ਸੰਕਲਪਾਂ ਨੂੰ ਅਭਿਵਿਅੰਜਨਾਤਮਕ ਦ੍ਰਿਸ਼ਟੀ ਤੋਂ ਨਿਵੇਕਲੇ ਅੰਦਾਜ਼ ਵਿਚ ਪੇਸ਼ ਕੀਤਾ ਗਿਆ ਹੈ। ਸਿੱਧੂ ਦੀ ਇਹ ਕਹਾਣੀ ਉਸ ਦੇ ਕਹਾਣੀ ਸੰਗ੍ਰਹਿ ‘ਰੰਗ ਦੀ ਬਾਜ਼ੀ’ (2018) ਵਿਚ ਦਰਜ ਹੈ।

ਕਹਾਣੀ ਦੇ ਕੇਂਦਰੀ ਪਾਤਰ ਡਾ. ਸਮਰੱਥ ਦਾ ਸਾਂਸਕ੍ਰਿਤਕ ਅਵਚੇਤਨ ਉੱਚ ਮੱਧ ਵਰਗ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਸਮਾਜ ਵੱਲੋਂ ਸਮੂਹਕ ਪ੍ਰਵਾਨਗੀ ਵੀ ਮਿਲੀ ਹੋਈ ਹੈ ਅਤੇ ਉਸਦਾ ਵਿਅਕਤੀਗਤ ਵਿਕਾਸ ਵੀ ਕਾਰਪੋਰੇਟ ਸੈਕਟਰ ਅਤੇ ਵਿਕਸਤ ਪੂੰਜੀਵਾਦ ਦੇ ਮਾਡਲ ਨੂੰ ਬਿੰਬਤ ਕਰਦਾ ਹੈ। ਦੂਜੇ ਪਾਸੇ ਇਸ ਅਵਚੇਤਨ ਦੇ ਵਿਰੋਧ ਵਿਚ ਸਮਾਜਵਾਦ ਦਾ ਸੁਪਨਾ ਹੈ ਜਿਹੜਾ ਉਸਦੇ ਸੰਸਕ੍ਰਿਤਕ ਸੰਸਕਾਰਾਂ ਅਤੇ ਵਿਚਾਰਾਂ ਵਿਚ ਵਿਰਲ ਅਤੇ ਵਿਸਫੋਟ ਪੈਦਾ ਕਰਨ ਦਾ ਸਬੱਬ ਬਣਦਾ ਹੈ। ਡਾ. ਸਮਰੱਥ ਸਮਾਜਵਾਦ ਦੇ ਮਾਡਲ ਨੂੰ ਤੀਜੀ ਦੁਨੀਆ ਦੇ ਦੇਸ਼ਾਂ ਵਿਚ ਲਾਗੂ ਕਰਨ ਦਾ ਸੁਪਨਾ ਲੈਂਦਾ ਹੈ; ਖਾਸ ਕਰ ਉਸਦੇ ਆਪਣੇ ਦੇਸ਼ ਭਾਰਤ ਵਿਚ, ਜਿਸ ਦੀਆਂ ਸਮਾਜਕ, ਆਰਥਿਕ ਅਤੇ ਸਿਆਸੀ ਸੀਮਾਵਾਂ ਤੇ ਸੰਭਾਵਨਾਵਾਂ ਤੋਂ ਉਹ ਸਹਿਜੇ-ਸਹਿਜੇ ਵਾਕਿਫ ਹੁੰਦਾ ਹੈ। ਇਸ ਨੁਕਤੇ ਤੋਂ ਵਿਕਾਸਸ਼ੀਲ ਦੇਸ਼ਾਂ ਵੱਲੋਂ ਪੈਦਾ ਕੀਤਾ ਗਿਆ ਪੂੰਜੀਵਾਦ ਦਾ ਗਿਆਨਾਮਤਕ ਪ੍ਰਵਚਨ ਹੱਥਲੇ ਪ੍ਰਸੰਗ ਵਿਚ ਸਮਾਜਵਾਦ ਦੇ ਹੱਕ ਵਿਚ ਭੁਗਤਦਾ ਨਜ਼ਰ ਆਉਂਦਾ ਹੈ। ਜਿਸ ਦਾ ਅੰਤਿਮ ਉਦੇਸ਼ ਸਮਾਜਕ ਤਬਦੀਲੀਆਂ ਰਾਹੀਂ ਸਮਾਜਵਾਦ ਨੂੰ ਪੱਕਾ ਕਰਨਾ ਹੈ। ਡਾ. ਸਮਰੱਥ ਦੇ ਜੀਵਨ ਵਿਚ ਆਈ ਇਸ ਕ੍ਰਾਂਤੀਕਾਰੀ ਤਬਦੀਲੀ ਦਾ ਕਾਰਨ ਡਾ. ਦਾਅਰੀਨ ਰਿਆਜ਼ ਬਣਦੀ ਹੈ ਜਿਸ ਰਾਹੀਂ ਉਹ ਸਮਾਜਵਾਦ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਵਲਾਦੀਮੀਰ ਇਲੀਚ ਲੈਨਿਨ (1870-1924) ਦੇ ਸਰੀਰ ਵਿਚੋਂ ਅਜਿਹੇ ਡੀ.ਐੱਨ.ਏ. ਲੈਣਾ ਚਾਹੁੰਦੇ ਹਨ ਜਿਸ ਤੋਂ ਕਲੋਨ ਦੇ ਰੂਪ ਵਿਚ ਕ੍ਰਾਂਤੀਕਾਰੀ ਵਿਚਾਰਾਂ ਵਾਲੇ ਹੋਰ ਲੈਨਿਨ ਪੈਦਾ ਕੀਤੇ ਜਾ ਸਕਣ। ਇਸ ਦਿਸ਼ਾ ਵਿਚ ਡਾ. ਸਮਰੱਥ ਅਤੇ ਉਸਦੀ ਸਾਥਣ ਡਾ. ਦਾਅਰੀਨ ਰਿਆਜ਼ ਖੋਜ-ਕਾਰਜ ਵੀ ਕਰਦੇ ਹਨ ਪਰ ਉਹਨਾਂ ਨੂੰ ਇਸ ਖੇਤਰ ਵਿਚ ਕੋਈ ਅਸਾਧਾਰਨ ਸਫਲਤਾ ਪ੍ਰਾਪਤ ਨਹੀਂ ਹੁੰਦੀ, ਸਗੋਂ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਕਹਾਣੀਕਾਰ ਇਸ ਸਾਰੇ ਘਟਨਾਕ੍ਰਮ ਦਾ ਭਵਿਖਕਾਲੀ ਦ੍ਰਿਸ਼ ਬਣਾਉਂਦਾ ਹੋਇਆ ਬਿਰਤਾਂਤ ਸਿਰਜਦਾ ਹੈ। ਜੇਕਰ ਇਸ ਬਿਰਤਾਂਤਕ ਜੁਗਤ ਨੂੰ ਯਾਂ ਪਾਲ ਸਾਰਤਰ (1905-1980) ਦੇ ਚੇਤਨਾ ਦੇ ਸੰਕਲਪ ਰਾਹੀਂ ਸਮਝਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਇਹ ਕਹਾਣੀ ‘ਗਿਆਨਾਤੀਤਵ ਚੇਤਨਾ’ (transcendence consciousness) ਨਾਲ ਜੁੜੀ ਹੋਈ ਕਹਾਣੀ ਹੈ। ਇਹ ਤਜਰਬਾ ਪੰਜਾਬੀ ਕਹਾਣੀ ਵਿਚ ਨਵਾਂ ਨਹੀਂ ਹੈ,ਇਸ ਤੋਂ ਪਹਿਲਾਂ ਵੀ ਕੁਝ ਕਹਾਣੀਆਂ ਭਵਿਖਮੁਖੀ ਕਾਲ ਆਧਾਰਤ ਰਚੀਆਂ ਗਈਆਂ ਹਨ ਪਰ ਜਿਸ ਸਮਰੱਥਾ ਤੇ ਬਿਰਤਾਂਤਕ ਜੁਗਤ ਨਾਲ ਅਜਮੇਰ ਸਿੱਧੂ ਨੇ ਕਹਾਣੀ ਦੇ ਥੀਮਗਤ ਪਾਸਾਰ ਨੂੰ ਬਿਰਤਾਂਤ ਵਿਚ ਢਾਲਿਆ ਹੈ ਉਹ ਅਸਲੋਂ ਨਵਾਂ ਅਤੇ ਨਵੇਕਲਾ ਉਪਰਾਲਾ ਹੈ।

ਕਹਾਣੀ ਵਿਚ ਡਾ. ਸਮਰੱਥ ਦਾ ਖੋਜ-ਕਾਰਜ ਲੈਨਿਨ ਦੇ ਸਰੀਰ ਨਾਲ ਸੰਬੰਧਤ ਹੈ ਪਰ ਉਸਦੇ ਅਵਚੇਤਨੀ ਸੰਸਾਰ ਦਾ ਸਰੋਕਾਰ ਸਾਰਤਰ ਦੇ ਵਿਚਾਰਾਂ ਨਾਲ ਸੰਬੰਧਤ ਹੈ। ਇਸ ਤਰ੍ਹਾਂ ਕਹਾਣੀਕਾਰ ਡਾ. ਸਮਰੱਥ ਦੇ ਵਿਚਾਰਧਾਰਕ ਤੇ ਵਿਹਾਰਕ ਕਾਰਜ ਨੂੰ ਗਿਆਨਾਤਮਕ ਪ੍ਰਬੰਧ ਦੇ ਹਵਾਲੇ ਰਾਹੀਂ ਬਿਰਤਾਂਤਣ ਦਾ ਉਦਮ ਕਰਦਾ ਹੈ। ਕਿਉਂਕਿ ਕਹਾਣੀ ਵਿਚ ਇਕ ਤੋਂ ਵਧੇਰੇ ਥਾਵਾਂ 'ਤੇ ਸਾਰਤਰ ਦੇ ਪ੍ਰਵਚਨਾਂ ਨਾਲ ਡਾ. ਸਮਰੱਥ ਦਾ ਵਾਹ ਪੈਂਦਾ ਹੈ। ਇਸ ਕਰਕੇ ਸਾਰਤਰ ਦੇ ਪ੍ਰਵਚਨਾਂ ਦਾ ਅਵਚੇਤਨੀ ਪ੍ਰਭਾਵ ਕਹਾਣੀ ਵਿਚ ਦੂਹਰਾ ਕਾਰਜ ਕਰਦਾ ਹੈ ਜਿਸ ਦੀ ਮਿਸਾਲ ਡਾ. ਸਾਰਤਰ ਦਾ ਪੂੰਜੀਵਾਦ ਨੂੰ ਤਿਲਾਂਜਲੀ ਦੇ ਕੇ ਸਮਾਜਵਾਦ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਯਤਨਸ਼ੀਲ ਰਹਿਣਾ ਹੈ। ਦੂਜਾ ਕਹਾਣੀ ਦੇ ਨਿਰਮਾਣਕਾਰੀ ਤੱਤਾਂ ਵਿਚ ਸਾਰਤਰ-ਪ੍ਰਵਚਨ ਨੇ ਵਿਸ਼ੇਸ਼ ਭੂਮਿਕਾ ਨਿਭਾਈ ਹੈ, ਜਿਹੜਾ ਪੂੰਜੀਵਾਦ ਦੇ ਵਿਰੋਧ ਵਿਚ ਜੁਝਾਰੂ ਸਿਆਸੀ ਅਵਚੇਤਨ ਦੀ ਸਿਰਜਣਾ ਕਰਨ ਦੀ ਸਮਰੱਥਾ ਰੱਖਦਾ ਹੈ। ਕਹਾਣੀਕਾਰ ਡਾ. ਸਮਰੱਥ ਦੇ ਜੀਵਨ ਵਿਚੋਂ ਕੇਵਲ ਉਹਨਾਂ ਘਟਨਾਵਾਂ ਦੀ ਚੋਣ ਕਰਦਾ ਹੈ ਜਿਹਨਾਂ ਰਾਹੀਂ ਦੂਹਰੇ ਪ੍ਰਵਚਨ ਦੀ ਸਿਰਜਣਾ ਹੋ ਸਕੇ, ਜਿਸ ਵਿਚ ਡਾ. ਸਮਰੱਥ ਦੇ ਜੀਵਨ ਦ੍ਰਿਸ਼ਟੀ ਵਿਚ ਪਰਿਵਰਤਨ ਦੇ ਕਾਰਨਾਂ ਤੇ ਕਾਰਜਾਂ ਦੀ ਨਿਸ਼ਾਨਦੇਹੀ ਹੋ ਸਕੇ ਅਤੇ ਨਾਲੋ-ਨਾਲ ਸਾਰਤਰ ਦੇ ਵਿਚਾਰਾਂ ਨੂੰ ਵੀ ਸੰਚਾਰਯੁਕਤ ਗਲਪੀ ਮੁਹਾਵਰੇ ਵਿਚ ਬੰਨ੍ਹਿਆ ਜਾ ਸਕੇ।

ਕਹਾਣੀ ਉਹਨਾਂ ਸਥਿਤੀਆਂ ਪ੍ਰਤਿ ਭਵਿਖਮੁਖੀ ਗਲਪੀ ਪ੍ਰਵਚਨ ਦੀ ਸਿਰਜਣਾ ਕਰਦੀ ਹੈ ਜਿਹਨਾਂ ਕਾਰਨ ਭਾਰਤੀ ਕਮਿਊਨਿਸਟ ਪਾਰਟੀ ਕੋਲ਼ ਰਾਜਸੀ ਸੱਤਾ ਹੀ ਨਹੀਂ ਆਈ, ਸਗੋਂ ਉਸਨੇ 'ਪ੍ਰਬੰਧਕੀ ਯੋਗਤਾ' ਵੀ ਹਾਸਲ ਕਰ ਲਈ, ਜਿਹੜੀ ਤਤਕਾਲੀ ਦੌਰ ਵਿਚ ਭੂਤਕਾਲੀ ਘਟਨਾਵਾਂ ਅਤੇ 'ਗ਼ਲਤੀਆਂ' ਨੂੰ ਸੁਧਾਰਨ ਦਾ ਕਾਰਜ ਹੋ ਨਿਬੜਦੀ ਹੈ, ਕਿਉਂਕਿ ਪਾਰਟੀ ਦੀਆਂ ਭੂਤਕਾਲੀ ਘਟਨਾਵਾਂ, ਗ਼ਲਤੀਆਂ ਅਤੇ 'ਸਿਆਸੀ ਨੀਤੀਆਂ' ਦੀ ਘਾਟ ਕਾਰਨ ਪਹਿਲਾਂ ਇਨਕਲਾਬ ਆਉਂਦੇ-ਆਉਂਦੇ ਲਾਂਭੇ ਹੋ ਜਾਂਦੇ ਸਨ।

ਡਾ. ਸਮਰੱਥ ਦੇ ਸੰਸਾਰ-ਸਮਾਜਵਾਦ ਦੇ ਸੁਪਨੇ ਦੇ ਸਮਾਨੰਤਰ ਰੂਸ ਦੇ 'ਇਨਕਲਾਬ ਦੇ ਕਿਲੇ' ਦੀਆਂ ਅਸਫਲਤਾਵਾਂ ਅਤੇ 'ਸੋਵੀਅਤ ਸੰਘ' ਦੇ ਮਾਡਲ ਦੇ ਫੇਲ੍ਹ ਹੋਣ ਦਾ ਇਤਿਹਾਸਕ ਵਿਵੇਕ ਵੀ ਪਿਆ ਹੈ। ਤਤਕਾਲੀ ਸਥਿਤੀਆਂ ਦੇ ਪ੍ਰਸੰਗ ਵਿਚ ਸਮਾਜਵਾਦ ਦੇ ਸੁਪਨੇ ਅਤੇ ਯਥਾਰਥ ਵਿਚਲਾ ਤਣਾਉ ਬਿਰਤਾਂਤ ਦਾ ਪ੍ਰਮੁਖ ਹਿੱਸਾ ਹੈ। ਇਹ ਵੀ ਸਪਸ਼ਟ ਹੈ ਕਿ ਸਮਾਜਵਾਦ ਨੂੰ ਢਾਹ ਲਾਉਣ ਵਾਲਾ ਵਿਕਸਿਤ ਪੂੰਜੀਵਾਦ ਜਾਂ ਪੂੰਜੀਵਾਦੀ ਕਿਰਦਾਰ ਦਾ ਨਿਜ਼ਾਮ ਸੀ ਪਰ ਸਥਿਤੀ ਦਾ ਵਿਅੰਗ ਇਹ ਹੈ ਕਿ 2021 ਵਿਚਲੀ ਛਤੀਸਗੜ੍ਹ ਦੀ ਪਾਰਟੀ ਦੀ ਕੇਂਦਰੀ ਮੀਟਿੰਗ ਵਿਚ ਵੀ ਇਹੀ ਸਥਿਤੀ ਤੇ ਵਿਚਾਰ ਵਿਮਰਸ਼ ਹੋ ਰਿਹਾ ਕਿ ਭਾਰਤ ਵਿਚ ਇਨਕਲਾਬ ਨੇਪਰੇ ਕਿਉਂ ਨਹੀਂ ਚੜ੍ਹ ਸਕਿਆ? ਇਸ ਸਵਾਲ ਦੇ ਉਤਰ ਵਿਚ ਅਨੇਕਾਂ ਵਿਚਾਰਕਾਂ ਨੇ ਆਪਣਾ ਵਿਸ਼ਲੇਸ਼ਣ ਪੇਸ਼ ਕੀਤਾ ਜਿਸ ਦਾ ਸਾਰ ਇਹ ਬਣਦਾ ਹੈ:

(ੳ) ਪਾਰਟੀ ਲੀਡਰਸ਼ਿਪ ਸਮਕਾਲੀ ਬੰਦੇ ਦੀ ਮਾਨਸਿਕਤਾ ਨੂੰ ਨਹੀਂ ਸਮਝ ਸਕੀ। (ਅ) ਅੰਤਰ-ਪਾਰਟੀ ਘੋਲ਼ ਨੇ ਪਾਰਟੀ ਦਾ ਨੁਕਸਾਨ ਕੀਤਾ ਹੈ। (ੲ) ਮਾਰਕਸਵਾਦ-ਲੈਨਿਨਵਾਦ ਸਿਧਾਂਤ ਨੂੰ ਸਥਾਨਕੀ ਹਾਲਤਾਂ ਮੁਤਾਬਕ ਨਹੀਂ ਢਾਲ ਸਕੇ। (ਸ) ਪਾਰਟੀ ਦੀ ਅੰਦਰੂਨੀ ਬਣਤਰ ਵਿਚ ਵੀ ਜਾਤ-ਪਾਤ ਦਾ ਵਖਰੇਵਾਂ ਬਰਕਰਾਰ ਰਿਹਾ ਹੈ। (ਹ) ਪਾਰਟੀ ਭਾਰਤੀ ਲੋਕਾਂ ਨੂੰ ਪ੍ਰਾਈਵੇਟ ਅਤੇ ਨਿੱਜੀਕਰਨ ਦੀਆਂ ਲੋਕ ਮਾਰੂ ਨੀਤੀਆਂ ਬਾਰੇ ਚੇਤਨ ਨਹੀਂ ਕਰ ਸਕੀ। (ਕ) ਰੂਸੀ ਅਤੇ ਚੀਨੀ ਇਨਕਲਾਬ ਨੂੰ ਸਿਰੇ ਚੜ੍ਹਾਉਣ ਵਾਲੇ ਲੈਨਿਨ ਅਤੇ ਮਾਓ ਵਰਗੇ 'ਮਹਾਂਨਾਇਕਾਂ' ਦੀ ਭਾਰਤ ਵਿਚ ਅਣਹੋਂਦ ਦਾ ਹੋਣਾ ਹੈ।

ਇਹ ਪ੍ਰਸ਼ਨ ਵਾਸਤਵ ਵਿਚ ਭਾਰਤ ਦੀ ਸਮੁੱਚੀ ਕਮਿਊਨਿਸਟ ਲਹਿਰ ਦੇ ਸਨਮੁਖ ਹਨ ਜਿਹਨਾਂ ਦਾ ਕੋਈ ਸਥਾਈ ਹੱਲ ਭਾਰਤ ਦੀਆਂ ਸਮੁੱਚੀਆਂ ਖੱਬੇ ਪੱਖੀ ਪਾਰਟੀਆਂ ਲੱਭਣ ਤੋਂ

ਅਸਮਰੱਥ ਰਹੀਆਂ ਹਨ। ਬਿਰਤਾਂਤ ਵਿਚਲੀ ਇਸ ਸਮੱਸਿਆ ਦੇ ਹੱਲ ਲਈ ਡਾ. ਸਮਰੱਥ ਅਤੇ ਡਾ. ਰਿਆਜ਼ ਦੁਆਰਾ ਮਹਾਂਨਾਇਕ ਦੀ ਤਲਾਸ਼ ਲੈਨਿਨ ਦੇ ਕਲੋਨ ਦੇ ਰੂਪ ਵਿਚ ਕਰਨਾ ਅਸਲ ਵਿਚ ਇਕ ਗਲਪੀ ਬਿੰਬ ਦੀ ਸਿਰਜਣਾ ਹੈ ਜਿਸ ਰਾਹੀਂ ਕਹਾਣੀਕਾਰ ਨੇ ਕਮਿਊਨਿਸਟ ਲਹਿਰ ਦੀ ਭਵਿਖ ਪ੍ਰਤਿ ਸਕਾਰਾਤਮਕ ਦ੍ਰਿਸ਼ਟੀ ਦਾ ਪ੍ਰਗਟਾਵਾ ਵੀ ਕੀਤਾ ਹੈ ਅਤੇ ਨਾਲ ਹੀ ਇਸ ਦੇ ਜੁਝਾਰੂ ਸਿਆਸੀ ਅਵਚੇਤਨ ਨੂੰ ਵਿਸ਼ਲੇਸ਼ਣਾਤਮਕ ਗਲਪੀ ਮੁਹਾਵਰੇ ਵਿਚ ਵੀ ਢਾਲਿਆ ਹੈ।

ਇਸ ਗਲਪੀ ਪ੍ਰਵਚਨ ਦੀ ਤਹਿ ਵਿਚ ਇਕ ਤੋਂ ਵਧੇਰੇ ਚਿੰਤਕਾਂ ਦਾ ਹੱਥ ਹੈ ਜਿਹਨਾਂ ਦਾ ਅਨੁਭਵ ਅਤੇ ਅਧਿਐਨ ਬਿਰਤਾਂਤ ਦੇ ਪਿਛੋਕੜ ਵਿਚ ਕਾਰਜਸ਼ੀਲ ਰਿਹਾ ਹੈ, ਮਸਲਨ ਕਾਮੂ, ਕਾਫਕਾ, ਮਾਰਕਸ-ਐਂਗਲਜ਼, ਲੈਨਿਨ ਅਤੇ ਮਾਓ ਦੀਆਂ ਵਿਚਾਰਧਾਰਕ ਟਿੱਪਣੀਆਂ ਅਤੇ ਸੇਧਾਂ ਕਹਾਣੀ ਦੇ ਗਲਪੀ ਪ੍ਰਬੰਧ ਵਿਚ ਰਮੀਆਂ ਅਤੇ ਰਸੀਆਂ ਹੋਈਆਂ ਹਨ, ਜਿਹੜੀਆਂ ਇਸ ਕਹਾਣੀ ਨੂੰ ਸਮਾਜਕ ਦ੍ਰਿਸ਼ਟੀ ਤੋਂ ਮੁਲਵਾਨ ਬਣਾਉਦੀਆਂ ਹਨ। ਕਹਾਣੀ ਦਾ ਬਿਰਤਾਂਤ ਵਿਗਿਆਨਕ ਦ੍ਰਿਸ਼ਟੀ ਤੋਂ ਡਾ. ਸਮਰੱਥ ਅਤੇ ਡਾ. ਰਿਆਜ਼ ਦੀਆਂ ਕਲੋਨ-ਖੋਜਾਂ ਨਾਲ ਸੰਬੰਧ ਰੱਖਦਾ ਹੋਇਆ ਉਹਨਾਂ ਸਮਾਜਕ ਸਰੋਕਾਰਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਹੜੀਆਂ ਸਮਾਜਕ ਦਵੰਦਾਂ ਨੂੰ ਸਮਝਯੋਗ ਆਧਾਰ ਪ੍ਰਦਾਨ ਕਰਦੀਆਂ ਹਨ। ਜਿਵੇਂ ਭਾਈ ਰਤਨ ਸਿੰਘ, ਡਾ. ਸਮਰੱਥ ਅਤੇ ਡਾ. ਰਿਆਜ਼ ਦੇ ਯਤਨਾਂ ਨੂੰ ਸਲਾਹੁੰਦਾ ਹੋਇਆ ਸਮਾਜਕ ਸਥਿਤੀਆਂ ਦਾ ਵਿਸ਼ਲੇਸ਼ਣ ਕਰਦਾ ਕਹਿੰਦਾ ਹੈ ਕਿ: *ਦੋਸਤੋ ਲੈਨਿਨ ਕਦੇ ਵੀ ਖਾਲੀ ਪਲਾਟ ਵਿਚ ਪੈਦਾ ਨ੍ਹੀ ਹੁੰਦੇ। ਬਲਕਿ ਠੋਸ, ਸਮਾਜੀ ਅਤੇ ਸਿਆਸੀ ਹਾਲਤਾਂ ਵਿਚੋਂ ਜਨਮ ਲੈਂਦੇ ਹਨ। ਕਿਸੇ ਵੀ ਸਮਾਜ ਵਿਚ ਇਨਕਲਾਬੀ ਤਾਕਤਾਂ ਦੇ ਵਿਕਾਸ ਨਾਲ ਨਵੀਂ ਰੂਹ ਪੈਦਾ ਹੁੰਦੀ ਹੈ।*

ਇਸ ਤਰ੍ਹਾਂ ਇਹ ਬਿਰਤਾਂਤ ਅਤਿ ਵਿਕਸਤ ਵਿਗਿਆਨਕ ਖੋਜਾਂ ਅਤੇ ਕਲਪਨਾ ਦੇ ਸਹਾਰੇ ਅਜਿਹੇ ਬੌਧਿਕ ਪ੍ਰਵਚਨ ਦਾ ਨਿਰਮਾਣ ਕਰਦਾ ਹੈ ਜਿਹੜਾ ਪਾਠਕ ਤੋਂ ਵਿਸ਼ਵ ਚਿੰਤਨ ਦੇ ਪ੍ਰਸੰਗ ਵਿਚ ਇਨਕਲਾਬ ਲਈ ਸਥਾਨਕੀ ਹਾਲਤਾਂ ਨੂੰ ਸਮਝਣ ਦੀ ਤਵੱਕੋ ਕਰਦਾ ਹੈ। ਕਹਾਣੀਕਾਰ ਦੀ ਖੂਬੀ ਇਹ ਹੈ ਕਿ ਉਹ ਵਿਗਿਆਨਕ ਦ੍ਰਿਸ਼ਟੀਕੋਣ ਰਾਹੀਂ ਇਹ ਸਿੱਧ ਕਰਨ ਦਾ ਤਰੱਦਦ ਕਰਦਾ ਹੈ ਕਿ ਦੂਸਰੇ ਸਮਾਜਾਂ ਦੇ ਦਾਰਸ਼ਨਿਕ ਤੇ ਰਾਜਨੀਤਿਕ ਚਿੰਤਨੀ ਪ੍ਰਬੰਧ ਅਤੇ ਅਨੁਸ਼ਾਸ਼ਨਾਂ ਨੂੰ ਅਸੀਂ ਆਰੰਭ ਬਿੰਦੂ ਦੇ ਤੌਰ 'ਤੇ ਤਾਂ ਸਵੀਕਾਰ ਸਕਦੇ ਹਾਂ ਪਰ ਇਸ ਨੂੰ ਪਹੁੰਚ ਬਿੰਦੂ ਨਹੀਂ ਮੰਨ ਸਕਦੇ, ਸਗੋਂ ਕਿਸੇ ਨਿੱਗਰ ਤੇ ਠੋਸ ਸਮਾਜਕ ਤਬਦੀਲੀ ਲਈ ਸਥਾਨਕੀ ਸਮੱਸਿਆਵਾਂ ਤੇ ਸਮਾਜਕ ਬਣਤਰਾਂ ਦੀ ਦਵੰਦਾਤਮਕਤਾ ਦਾ ਆਧਿਐਨ ਲਾਜ਼ਮੀ ਹੈ।

ਡਾ. ਸਮਰੱਥ ਅਤੇ ਉਸਦੀ ਪਤਨੀ ਡਾ. ਦਾਅਰੀਨ ਰਿਆਜ਼ ਉੱਤੇ ਸਮਾਜਵਾਦੀ ਵਿਚਾਰਾਂ ਦਾ ਹੀ ਅਸਰ ਹੈ ਕਿ ਉਹ ਡਾਕਟਰੀ ਦੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਭਾਰਤ ਆ ਕੇ ਬਿਹਾਰ ਦੇ ਇਕ ਛੋਟੇ ਜਿਹੇ ਕਸਬੇ ਦੀ 'ਗ਼ਰੀਬ ਬਸਤੀ' ਵਿਚ ਇੰਡੀਅਨ ਰੈਵੋਲਿਊਸ਼ਨਰੀ ਪਾਰਟੀ ਦੁਆਰਾ ਚਲਾਏ ਜਾ ਰਹੇ ਕਲੀਨਿਕ ਵਿਚ ਮੁਫ਼ਤ ਇਲਾਜ ਕਰਦੇ ਹਨ। ਅਸਲ ਵਿਚ ਅਤਿ ਵਿਕਸਤ ਪੂੰਜੀਵਾਦੀ ਦੇਸ਼ਾਂ ਦੇ ਮੁਕਾਬਲੇ ਬਿਹਾਰ ਵਿਚਲੀ ਗ਼ਰੀਬ ਬਸਤੀ ਦੀ ਵਸੋਂ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਦਾ ਚਿਹਨ ਹੈ। ਡਾ. ਦਰਿਆਨ ਆਪਣੇ ਸੰਬੋਧਨ ਵਿਚ ਕਹਿੰਦੀ ਹੈ ਕਿ *'ਦੁਨੀਆ ਭਰ ਵਿਚ ਸਰਮਾਏਦਾਰ ਦੀ ਲਾਲਸਾ ਬਹੁਤ ਵਧ ਗਈ ਹੈ। ਭੁੱਖ ਤਾਂ ਸ਼ਾਂਤ ਹੋ ਸਕਦੀ ਹੈ ਪਰ ਲਾਲਸਾ ਕਦੇ ਨਹੀਂ ਮੁੱਕਦੀ।'* ਇਹ ਕਥਨ ਪੂੰਜੀਵਾਦੀ ਪ੍ਰਬੰਧ ਅਧੀਨ ਵਧਦੇ ਫੁਲਦੇ ਕਾਰਪੋਰੇਟ ਸੈਕਟਰ ਰਾਹੀਂ ਪੈਦਾ ਕੀਤੇ ਅਖੌਤੀ ਉਪਭੋਗੀ ਕਲਚਰ ਨੂੰ ਵੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ, ਜਿਸ ਦੀ ਜੱਦ ਵਿਚ ਮਧਵਰਗੀ ਵਿਅਕਤੀ ਵੀ ਆ ਗਿਆ ਹੈ। ਅਤੇ ਜਿਹੜੇ ਇਸ ਜੱਦ ਤੋਂ ਬਾਹਰ ਹਨ ਉਹ

ਅਤਿ ਦਰਜੇ ਦੀ ਗ਼ਰੀਬੀ ਹੰਢਾ ਰਹੇ ਹਨ ਅਤੇ ਉਹਨਾਂ ਉੱਤੇ ਰਾਜ ਕਰਦੀਆਂ ਸੱਤਾਧਾਰੀ ਪਾਰਟੀਆਂ ਦੇ ਨੁਮਾਇੰਦੇ ਅਤੇ ਲੀਡਰ ਉਹਨਾਂ ਦਾ ਆਰਥਿਕ ਸ਼ੋਸ਼ਣ ਕਰ ਰਹੀਆਂ ਹਨ। ਇਸ ਤਰ੍ਹਾਂ ਗ਼ਰੀਬ ਅਤੇ ਅਮੀਰ ਦਾ ਪਾੜਾ ਦਿਨੋਂ-ਦਿਨ ਵਧ ਰਿਹਾ ਹੈ। ਅਜਿਹੀ ਸਥਿਤੀ ਵਿਚ ਭਾਰਤ ਵਰਗੇ ਦੇਸ਼ ਵਿਚ ਇਨਕਲਾਬ ਦੀ ਸਖਤ ਜ਼ਰੂਰਤ ਮਹਿਸੂਸ ਹੁੰਦੀ ਹੈ। ਇਹੀ ਕਾਰਨ ਹੈ ਕਿ ਡਾ. ਸਮਰੱਥ ਅਤੇ ਉਸਦੀ ਪਤਨੀ ਦਾਅਰੀਨ ਰਿਆਜ਼ ਇਨਕਲਾਬ ਦਾ 'ਸੁਪਨਾ' ਅੱਖਾਂ ਵਿਚ ਟਿਕਾਈ ਇਨਕਲਾਬ ਲਈ ਨੌਜੁਆਨ ਮੁੰਡੇ ਕੁੜੀਆਂ ਦੀ ਸਕੂਲਿੰਗ ਕਰਦੇ ਹਨ। ਇਸ ਤਰ੍ਹਾਂ ਜਿੱਥੇ ਭਾਰਤੀ ਲੋਕਾਂ ਦੇ ਸਿਆਸੀ ਅਵਚੇਤਨ ਨੂੰ ਰਤਨ ਸਿੰਘ ਦੇ ਗਲਪੀ ਬਿੰਬ ਰਾਹੀਂ ਪੇਸ਼ ਕੀਤਾ ਗਿਆ ਹੈ ਉੱਥੇ ਤਤਕਾਲੀ ਹਾਲਾਤ ਵਿਚ ਇਸ ਅਵਚੇਤਨ ਦਾ ਪ੍ਰਤਿਨਿਧ ਡਾ. ਸਮਰੱਥ ਅਤੇ ਉਸਦੀ ਪਤਨੀ ਡਾ. ਦਾਅਰੀਨ ਰਿਆਜ਼ ਕਰਦੇ ਹਨ।

ਵਾਸਤਵ ਵਿਚ ਕਹਾਣੀ ਦੋ ਵਿਚਾਰ ਪੱਧਤੀਆਂ ਦੇ ਦਰਮਿਆਨ ਘੁੰਮਦੀ ਹੈ। ਇਕ ਸਮਾਜਵਾਦ ਦਾ ਮਾਡਲ ਹੈ ਜਿਸ ਵਿਚ ਰਤਨ ਸਿੰਘ ਵਰਗੇ ਭਾਰਤ ਦੇ ਵਸਨੀਕ ਬਸਤੀਵਾਦੀ ਕਾਲ ਤੋਂ ਆਸ ਲਗਾਈ ਬੈਠੇ ਹਨ ਕਿ ਭਾਰਤ ਵਿਚ ਵੀ ਇਨਕਲਾਬ ਆਵੇਗਾ। ਇਸ ਦਿਸ਼ਾ ਵਿਚ ਡਾ. ਸਮਰੱਥ ਅਤੇ ਉਸਦੀ ਪਤਨੀ ਡਾ. ਦਾਅਰੀਨ ਰਿਆਜ਼ ਵੀ ਆਪਣੀਆਂ ਸੇਵਾਵਾਂ ਦਿੰਦੇ ਹਨ ਜਿਹੜੇ ਆਪਣੀਆਂ ਖੋਜਾਂ ਦੀ ਦਿਸ਼ਾ ਕਲੋਨ ਰਾਹੀਂ 'ਲੈਨਿਨਜ਼' ਪੈਦਾ ਕਰਨ ਲਈ ਯਤਨ ਕਰਦੇ ਹਨ ਅਤੇ ਕੁਝ ਹੱਦ ਤੱਕ ਉਹ ਇਸ ਕਾਰਜ ਵਿਚ ਸਫਲਤਾ ਵੀ ਹਾਸਲ ਕਰ ਲੈਂਦੇ ਹਨ। ਕਹਾਣੀ ਵਿਚ ਦੂਸਰੀ ਵਿਚਾਰ ਪੱਧਤੀ ਪੂੰਜੀਵਾਦੀ ਜੀਵਨ ਜਾਚ ਦੀ ਹੈ ਜਿਸ ਦੀ ਪ੍ਰਮੁਖਤਾ ਡਾ. ਸਮਰੱਥ ਦੇ ਪਿਤਾ ਸ. ਐਮ. ਪੀ. ਸਿੰਘ ਕਰਦੇ ਹਨ ਜਿਹੜੇ ਆਪਣੇ ਪੁੱਤਰ ਨੂੰ ਵੀ ਕਾਰਪੋਰੇਟ ਹਸਪਤਾਲ ਦੀ ਫਰੈਂਚਾਇਜ਼ ਲੈ ਕੇ ਧਨ ਕਮਾਉਣ ਤੇ ਜਾਇਦਾਦ ਬਣਾਉਣ ਲਈ ਪ੍ਰੇਰਦੇ ਹਨ। ਡਾ. ਸਮਰੱਥ ਦੁਆਰਾ ਤਿਆਰ ਕੀਤੇ 'ਲੈਨਿਨਜ਼'- ਕ੍ਰਾਂਤੀ ਅਤੇ ਫਤਿਹ ਵੀ ਇਸੇ ਜਮਾਤੀ ਖਾਸੇ ਵਿਚੋਂ ਹੀ ਆਪਣੀ ਪਛਾਣ ਤਸਦੀਕ ਕਰਵਾਉਂਦੇ ਹਨ। ਇਸ ਕਰਕੇ ਉਹ ਕਰਮਵਾਰ ਕ੍ਰਿਕਟ-ਵਰਲਡ ਅਤੇ ਮਲਟੀ ਨੈਸ਼ਨਲ ਕੰਪਨੀ ਦੇ ਪੈਕਜਾਂ ਮਗਰ ਹੀ ਭੱਜਦੇ ਰਹਿੰਦੇ ਹਨ ਅਤੇ ਭਾਰਤ ਵਿਚਲੇ ਇਨਕਲਾਬ ਦੇ 'ਸੁਪਨੇ' ਨੂੰ ਅੱਧਾ-ਅਧੂਰਾ ਹੀ ਛੱਡ ਦਿੰਦੇ ਹਨ। ਕਹਾਣੀ ਦਾ ਵਕਤਾ ਇਸ ਜਮਾਤ ਨੂੰ ਕਾਰਲ ਮਾਰਕਸ ਦੇ ਸ਼ਬਦਾਂ ਨਾਲ ਤੁਲਨਾਉਂਦਾ ਹੋਇਆ ਕਹਿੰਦਾ ਹੈ ਕਿ *'ਫਿਲਾਸਫਰ ਖੁੰਭਾਂ ਵਾਂਗ ਜ਼ਮੀਨ ਵਿਚੋਂ ਨਹੀਂ ਉੱਗ ਪੈਂਦੇ। ਉਹ ਆਪਣੇ ਸਮੇਂ ਦੀ, ਆਪਣੀ ਕੌਮ ਦੀ ਉਪਜ ਹੁੰਦੇ ਹਨ।'* ਸੋ ਕਹਾਣੀ ਇਕ ਤੋਂ ਵਧੇਰੇ ਵਾਰ ਇਸ ਤਰਕ ਅਤੇ ਵਿਵੇਕ ਦਾ ਗਲਪੀਕਰਨ ਕਰਦੀ ਹੈ ਕਿ ਹਰ ਇਨਕਲਾਬ ਉੱਥੋਂ ਦੇ ਸਮਾਜਕ, ਆਰਥਿਕ ਅਤੇ ਸਿਆਸੀ ਹਾਲਾਤ ਕਾਰਨ ਹੀ ਨੇਪਰੇ ਚੜ੍ਹਦਾ ਹੈ। ਇਸ ਲਈ ਹਰ ਦੇਸ਼ ਵਿਚ ਉੱਥੋ ਦੇ ਸਮਾਜਕ, ਆਰਥਿਕ ਅਤੇ ਸਿਆਸੀ ਹਾਲਾਤ ਵਿਚੋਂ ਪੈਦਾ ਹੋਈ ਸਿਆਸੀ ਚੇਤਨਾ ਹੀ ਇਨਕਲਾਬ ਲਈ ਸਹਾਈ ਹੋ ਸਕਦੀ ਹੈ। ਇਸ ਤਰ੍ਹਾਂ ਕਹਾਣੀ ਭੂਤਕਾਲੀ ਸਥਿਤੀਆਂ/ਪਰਿਸਥਿਤੀਆਂ ਨੂੰ ਘੋਖਦੀ ਹੋਈ ਇਸ ਨਤੀਜੇ 'ਤੇ ਪਹੁੰਚਦੀ ਹੈ ਕਿ ਲੈਨਿਨ ਦੇ ਕਲੋਨਜ਼ ਪੈਦਾ ਨਹੀਂ ਕੀਤੇ ਜਾ ਸਕਦੇ, ਸਗੋਂ ਲੈਨਿਨ ਵਰਗੀ ਵਿਚਾਰਧਾਰਕ ਪ੍ਰਪੱਕਤਾ ਤੇ ਸਿਆਸੀ ਚੇਤਨਾ ਪੈਦਾ ਕਰਨ ਲਈ ਹਰ ਬੰਦੇ ਨੂੰ ਸਮਾਜਕ ਦਵੰਦਾਂ ਨੂੰ ਸਮਝਣਾ ਪਵੇਗਾ ਅਤੇ ਸਥਾਨਕੀ ਹਲਾਤ ਦੇ ਅਨਕੂਲ ਹੀ ਇਨਕਲਾਬ ਲਈ ਤਿਆਰੀ ਕਰਨੀ ਪਵੇਗੀ।000

***(123/6 ਐਡਵੋਕੇਟ ਕਲੋਨੀ, ਚੀਕਾ, ਜ਼ਿਲ੍ਹਾ ਕੈਥਲ, ਹਰਿਆਣਾ-136 034***
***ਫੋਨ: 94676-54643***
***ਈਮੇਲ: satinder_mks@yahoo.co.in)***

## ਤੇਰਾ ਆਪਣਾ (ਗ਼ਜ਼ਲ ਸੰਗ੍ਰਹਿ) ਆਦੇਸ਼ ਅੰਕੁਸ਼

ਆਦੇਸ਼ ਅੰਕੁਸ਼ ਦਾ ਗ਼ਜ਼ਲ ਸੰਗ੍ਰਹਿ 'ਤੇਰਾ ਆਪਣਾ' (ਪੰਨੇ 120, ਮੁੱਲ 225 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਮੇਰੇ ਲਈ ਨਵੇਂ ਸਾਲ ਦਾ ਹਾਸਲ ਹੈ। ਲੇਖਕ ਭੂਸ਼ਨ ਧਿਆਨਪੁਰੀ ਦਾ ਭਰਾ ਹੈ। ਉਸ ਤੋਂ 20 ਸਾਲ ਛੋਟਾ। ਉਹ ਮੰਨ ਕੇ ਚੱਲਦਾ ਹੈ ਕਿ ਉਹ ਭੂਸ਼ਨ ਜਿੰਨਾ ਵੱਡਾ ਲੇਖਕ ਨਹੀਂ। ਮੈਂ ਉਸ ਨੂੰ ਏਦਾਂ ਨਹੀਂ ਵੇਖਦਾ। ਉਹ ਆਪਣੇ ਭਰਾ ਤੋਂ ਵੱਖਰਾ ਹੈ। ਰਚਨਾ ਵਿਚ ਦਮਖ਼ਮ ਹੈ। ਉਸ ਨੇ ਗ਼ਜ਼ਲਾਂ ਦਾ ਮਾਧਿਅਮ ਚੁਣਿਆ ਹੈ ਜਿਸ ਉੱਤੇ ਪੂਰਾ ਉਤਰਨਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ।

ਉਸ ਨੇ ਰਚਨਾਕਾਰੀ ਦੇ ਅਮਲ ਨੂੰ ਕਾਵਿਕ ਭਾਸ਼ਾ ਦਿੱਤੀ ਹੈ ਜਿਹੜੀ ਪੁਸਤਕ ਦੇ ਆਰੰਭ ਤੋਂ ਅੰਤ ਤਕ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦੀ ਹੈ। ਉਸ ਦੀ ਸ਼ਬਦਾਵਲੀ ਅਤੇ ਪਹੁੰਚ ਦੇਖੋ:

*ਸਾਰੀ ਉਮਰਾ ਅੱਗੇ ਪਿੱਛੇ, ਸੱਜੇ-ਖੱਬੇ ਘੁੰਮਦਾ ਰਹਿੰਦੈ,*  
*ਆਖ਼ਰ ਤੁਰ ਜਾਂਦੈ ਪਰਛਾਵਾਂ, ਪੈਰਾਂ ਹੇਠੋਂ ਰਸਤਾ ਲੈ ਕੇ।*

*ਇਸ ਮੁਹੱਲੇ ਪੁਹੰਚ ਕੇ ਅਹਿਸਾਸ ਵਿਚ ਸ਼ੋਖ਼ੀ ਹੈ ਕਿਉਂ;*  
*ਕਿਉਂ ਅਚਾਨਕ ਹੈ ਕਲਮ ਦੀ ਨੋਕ ਚੰਚਲ ਹੋ ਗਈ।*  
*ਜਾਪਦੀ ਰਹਿੰਦੀ ਹੈ ਮਗਰੋਂ ਕਿਉਂ ਅਧੂਰੀ ਸਿਰਜਣਾ,*  
*ਕਲਪਨਾ ਵੇਲੇ ਜੋ ਲਗਦੀ ਹੈ ਮੁਕੰਮਲ ਹੋ ਗਈ।*

ਉਹ ਮੰਨ ਕੇ ਚੱਲਦਾ ਹੈ ਕਿ ਕਲਪਨਾ ਮੁਕੰਮਲ ਸੱਚ ਨਹੀਂ, ਕੇਵਲ ਸੱਚ ਦਾ ਰਾਹ ਦਿਸੇਰਾ ਹੁੰਦੀ ਹੈ। ਇਕ ਅਜਿਹੀ ਅਵਸਥਾ ਜਦੋਂ ਅਸੀਂ ਮਹਿਸੂਸ ਤਾਂ ਕਰ ਸਕਦੇ ਹਾਂ ਪਰ ਬਿਆਨ ਨਹੀਂ ਕਰ ਸਕਦੇ। ਉਸ ਦੀ ਪੇਸ਼ਕਾਰੀ ਵਿਚ ਸੁਹਜ ਵੀ ਹੈ, ਸਿਆਣਪ ਵੀ ਤੇ ਸਰਲਤਾ ਵੀ। ਕੁਝ ਟੂਕਾਂ ਹਾਜ਼ਰ ਹਨ:

*ਸਾਈਕਲ ਚਲਾਉਂਦੇ ਵਕਤ ਅਕਸਰ ਸੋਚਦਾਂ ਹਾਂ; ਕੌਣ-*  
*ਰਾਹਾਂ ਦੇ ਉੱਤੋਂ ਲੈ ਗਿਆ, ਸੜਕਾਂ ਉਤਾਰ ਕੇ।*  
*ਭਾਵੇਂ ਨਾ ਲੱਥੀ ਹੱਥਕੜੀ; ਟੁੱਟੀਆਂ ਨਾ ਬੇੜੀਆਂ,*  
*ਫਿਰ ਵੀ ਅਸੀਂ ਹਾਂ ਆ ਗਏ; ਮੰਜ਼ਿਲਾਂ ਨੂੰ ਮਾਰ ਕੇ।*

*ਅੱਲਾ ਹੀ ਰਾਖਾ ਹੈ, ਮੌਲਾ ਹੀ ਵਾਲੀ ਹੈ,*  
*ਤੂਫ਼ਾਨ ਜਿਹੀ ਉਮਰੇ, ਇਕ ਦੀਪ ਜਲਾਇਆ ਹੈ।*  
*ਈਸਾ ਦੇ ਸਿਰ ਉੱਤੇ ਸੂਲ਼ਾਂ ਦਾ ਤਾਜ ਧਰੋ,*  
*ਹਰ ਯੁਗ ਵਿਚ ਕੰਡਾ ਹੀ ਫੁੱਲ ਦਾ ਹਮਸਾਇਆ ਹੈ।*

*ਤੂੰ ਇੱਟਾਂ, ਪੱਥਰਾਂ ਜਾਂ ਲੱਕੜਾਂ ਉਤੇ ਸਿਆਸਤ ਕਰ,*  
*ਮਗਰ ਹੈ ਬੇਨਤੀ, ਨਾ ਬਹਿਸ ਦਾ ਮੁੱਦਾ ਬਣਾ ਪਾਣੀ।*  
*ਮਨੁੱਖੀ ਖ਼ੂਨ ਤੋਂ ਵਧ ਕੇ ਨਾ ਕੁਝ ਵੀ ਨਿਕਲਿਆ ਇਸ 'ਚੋਂ,*  
*ਬੜਾ ਕੌਮਾਂ ਤੇ ਮਜ਼੍ਹਬਾਂ ਵਾਲਿਆਂ ਨੇ ਰਿੜਕਿਆ ਪਾਣੀ।*

*ਤੁਸੀਂ ਆਪਣੀ ਕਹੋ ਮੈਂ ਆਪਣੀ, ਕਿੱਦਾਂ ਮੁਨਾਸਬ ਹੈ,*
*ਮੁਹੱਬਤ ਦਾ ਅਸਰ ਤਾਂ ਪਾਣੀਆਂ 'ਤੇ ਲੀਕ ਨਹੀਂ ਹੁੰਦਾ।*
*ਖ਼ੁਸ਼ੀ ਹੋਵੇ ਜਾਂ ਪਛਤਾਵਾ, ਤੁਹਾਥੋਂ ਬਾਅਦ ਹੁੰਦਾ ਹੈ,*
*ਤੁਹਾਡੇ ਸਾਹਮਣੇ ਕੁਝ ਵੀ, ਗ਼ਲਤ ਜਾਂ ਠੀਕ ਨਹੀਂ ਹੁੰਦਾ।*

ਉਸ ਦੀ ਜੀਵਨ ਦ੍ਰਿਸ਼ਟੀ, ਸ਼ਬਦ ਚੋਣ ਅਤੇ ਅੰਦਾਜ਼-ਏ-ਬਿਆਂ ਉਸ ਨੂੰ ਵਧੀਆ ਗ਼ਜ਼ਲਗੋਆਂ ਦੀ ਕਤਾਰ ਵਿਚ ਲਿਆ ਖੜ੍ਹਾ ਕਰਦਾ ਹੈ ਜੋ ਇਕ ਤਰ੍ਹਾਂ ਨਾਲ ਭੂਸ਼ਨ ਧਿਆਨਪੁਰੀ ਦੀ ਹਰਮਨਪਿਆਰਤਾ ਨਾਲੋਂ ਨਿਵੇਕਲਾ ਤੇ ਹਸੀਨ ਹੈ। ਹਾਂ ਜ਼ਿੰਦਗੀ ਪ੍ਰਤੀ ਆਦੇਸ਼ ਦੀ ਪਹੁੰਚ ਭੂਸ਼ਨ ਵਾਂਗ ਹੀ ਹਾਂ-ਪੱਖੀ ਹੈ। ਰੋਣਾ ਧੋਣਾ ਉੱਕਾ ਹੀ ਨਹੀਂ।

*ਬਹਾਰਾਂ ਦੇ ਮੁੜਨ ਤੱਕ ਰੱਖਿਓ ਉਮੀਦ ਨੂੰ ਕਾਇਮ,*
*ਤੁਹਾਡੇ ਬਾਗ਼ ਦਾ ਜੇ ਇਕ ਵੀ ਪੱਤਾ ਹਰਾ ਹੋਵੇ।*
*ਉਹ ਛਿਣ ਵੀ ਆਪਣੇ ਜੀਵਨ ਦਾ ਮੈਂ ਹਾਸਿਲ ਹੀ ਸਮਝਾਂਗਾ,*
*ਮੇਰੀ ਜਦ ਰੁਖ਼ਸਤੀ ਹੋਵੇ, ਉਹ ਵਾਪਸ ਪਰਤਿਆ ਹੋਵੇ।*

ਉਹ ਆਪਣੀ ਇਸ ਪਹੁੰਚ ਦਾ ਸਿਹਰਾ ਪਉਣ, ਪਾਣੀ, ਬੈਸੰਤਰ ਅਤੇ ਸਮੁੱਚੀ ਬਨਸਪਤੀ ਦੇ ਸਿਰ ਬੰਨ੍ਹਦਾ ਹੈ:

*ਇਹ ਪੱਛਮੀ ਖ਼ੁਸ਼ਕ ਹਵਾ, ਉੱਡਣ ਹੀ ਵਾਲੀ ਹੈ,*
*ਪਉਣਾਂ 'ਚ ਨਮੀ ਭਰ ਕੇ, ਅਹੁ ਵੇਖ ਪੁਰੇ ਆਉਂਦੇ।*
*ਦਿਨ ਰਾਤ ਉਪਜਦੇ ਨੇ, ਬਣਦੇ ਨੇ ਸਾਲ, ਸਦੀ,*
*ਬਸ ਧਰਤ ਨਿਮਾਣੀ ਦੇ, ਹਿੱਸੇ 'ਚ ਧੁਰੇ ਆਉਂਦੇ।*

*ਟਹਿਣੇ ਨਾ ਕੱਟ ਮੇਰੇ, ਝਾੜੀਂ ਨਾ ਪੱਤ ਮੇਰੇ,*
*ਨਾਰਾਜ਼ ਹੈਂ ਜੇ ਰਾਹੀਆ, ਜੜ੍ਹ ਤੋਂ ਉਖੇੜ ਮੈਨੂੰ।*
*ਘਸ ਜਾਣਗੇ ਈ ਪੁਰਜ਼ੇ, ਟੁੱਟ ਜਾਣਗੇ ਈ ਦੰਦੇ,*
*ਰੂਹ ਦੀ ਮਸ਼ੀਨ ਕੂਕੇ, ਖਾਲੀ ਨਾ ਗੇੜ ਮੈਨੂੰ।*

*ਸੀ ਰਾਤੀਂ ਝਾਂਜਰਾਂ ਛਣਕਾ ਰਹੀ ਜਦ ਪਉਣ ਪਰਬਤ 'ਤੇ,*
*ਤਾਂ ਬੱਦਲ਼ ਬਾਂਸ 'ਤੇ ਹੰਝੂ ਵਹਾ ਕੇ ਸੁਰਖਰੂ ਹੋਇਆ।*
*ਕੋਈ ਚੀਕੇ ਜਾਂ ਇਸ ਦੀ ਚੋਭ ਵਿਚੋਂ ਮਾਰਫਤ ਭਾਲ਼ੇ,*
*ਸਮਾਂ ਆਦੇਸ਼ ਨੂੰ 'ਅੰਕੁਸ਼' ਬਣਾ ਕੇ ਸੁਰਖਰੂ ਹੋਇਆ।*

*ਪੈਰਾਂ ਦੀ ਛੋਹ ਮਿਲੇ ਤਾਂ ਬਾਹਵਾਂ ਖਿਲਾਰ ਦੇਵੇ,*
*ਕੋਈ ਵੀ ਮਾਣ ਕਰਦੀ ਨਾ ਬੇਪਛਾਣ ਮਿੱਟੀ।*
*ਹੋ ਕੇ ਬੁਲੰਦ ਅਕਸਰ ਪਉਣਾਂ ਤੋਂ ਪਾਰ ਪਹੁੰਚੇ,*
*ਪਾਣੀ ਦੇ ਵਹਿਣ ਖ਼ਾਤਿਰ ਬਣਦੀ ਨਿਵਾਣ ਮਿੱਟੀ।*

ਗ਼ਜ਼ਲਾਂ ਦੇ ਪਾਰਖੂ ਜਾਣਦੇ ਹਨ ਕਿ ਗ਼ਜ਼ਲਗੋ ਇਕ ਇਕੱਲੇ ਸ਼ਿਅਰ ਵਿਚ ਕਈ ਕੁਝ ਕਹਿ ਜਾਂਦਾ ਹੈ। ਆਦੇਸ਼ ਦੀ ਸਿਫ਼ਤ ਇਹ ਹੈ ਕਿ ਉਹ ਸ਼ਬਦਾਂ ਦੀ ਚੋਣ ਕਰਦੇ ਸਮੇਂ ਅੰਮੜੀ ਦਾ ਵਿਹੜਾ ਹੀ ਨਹੀਂ, ਘਰ ਦੇ ਬੂਹੇ-ਬਾਰੀਆਂ ਸਮੇਤ ਆਪਣੇ ਚਾਰ-ਚੁਫ਼ੇਰੇ ਤੇ ਅੰਗ-ਸੰਗੀਆਂ ਦੇ ਬੋਲੇ ਸ਼ਬਦਾਂ ਦਾ ਆਸਰਾ ਲੈ ਕੇ ਆਪਣੀ ਪਹੁੰਚ ਤੇ ਦ੍ਰਿਸ਼ਟੀ ਚਮਕਾਉਂਦਾ ਹੈ।

*ਹਰ ਮੋੜ ਹਰ ਚੌਰਾਹੇ ਬੈਠੇ ਬਲਾਤਕਾਰੀ,*
*ਆਇਆ ਨਾ ਕਰ ਨੀਂ ਯਾਦੇ ਏਨੀ ਹਸੀਨ ਬਣ ਕੇ।*
*ਬਚਪਨ ਦੀ ਯਾਦ ਮਿੱਠੀ ਸੀਨੇ 'ਚ ਸਾਂਭ ਰੱਖੋ,*
*ਮਿਲਣਾ ਏ ਜ਼ਿੰਦਗੀ ਨੇ ਅਕਸਰ ਕੁਨੀਨ ਬਣ ਕੇ।*

ਮੈਂ ਆਦੇਸ਼ ਦੇ ਸ਼ਿਅਰਾਂ ਦੀ ਵਿਆਖਿਆ ਕਰਨ ਤੋਂ ਗੁਰੇਜ਼ ਕਰਾਂਗਾ। ਬਹੁਤਾ ਏਸ ਲਈ ਕਿ ਅਜਿਹਾ ਕੀਤਿਆਂ ਉਸ ਦੀ ਮੌਲਿਕਤਾ ਦੇ ਗੁੰਮਣ ਦਾ ਡਰ ਹੈ। ਉਸ ਦੀ ਸਿਰਜਣਾ ਵਿਚ ਸਹਿਜ ਵੀ ਹੈ, ਸੁਹਲਤਾ ਤੇ ਅਹਿਸਾਸ ਵੀ। ਉਸ ਨੇ ਮੇਰੇ ਦਿਲ ਦੀ ਭਾਵਨਾ ਆਪਣੇ ਇਸ ਸ਼ਿਅਰ ਵਿਚ ਹੀ ਲਿਖ ਛੱਡੀ ਸਮਝੋ:

*ਮੈਂ ਜੇਕਰ ਜਾਣਦਾ ਹੁੰਦਾ ਕਿ ਗੁੰਮ ਜਾਣੀ ਏਂ ਮੌਲਿਕਤਾ,*
*ਤੇਰੇ ਮੁਖੜੇ ਦੀ ਕਵਿਤਾ ਦਾ ਕਦੇ ਅਨੁਵਾਦ ਨਾ ਕਰਦਾ।*

ਮੈਨੂੰ ਇਹ ਗੱਲ ਵੀ ਚੰਗੀ ਲੱਗੀ ਹੈ ਕਿ ਆਦੇਸ਼ ਨੇ ਆਪਣੇ ਭਰਾ ਅਤੇ ਪਰਿਵਾਰਕ ਮਾਹੌਲ ਨੂੰ ਆਪਣੇ ਮਨ ਵਿਚ ਪੂਰੀ ਤਰ੍ਹਾਂ ਵਸਾ ਰੱਖਿਆ ਹੈ। ਏਥੋਂ ਤਕ ਕਿ ਉਸ ਨੇ ਆਪਣੀ ਪੁਸਤਕ ਦਾ ਸਮਰਪਣ ਵੀ ਇਨ੍ਹਾਂ ਬੋਲਾਂ ਨਾਲ ਕੀਤਾ ਹੈ:

*ਉਹੀ ਲੋਰੀ, ਉਹੀ ਮਮਤਾ, ਉਹਦੇ ਅੰਗੀਂ ਸਮਾਈ ਹੈ।*
*ਤੇ ਬੇਸ਼ੱਕ ਬਾਪ ਦੀ ਕਵਿਤਾ ਉਹਦੇ ਹਿੱਸੇ ਵੀ ਆਈ ਹੈ।*
*ਕਿਵੇਂ ਕੋਈ ਜਾਣ ਸਕਦਾ ਸੀ ਭਲਾ ਆਦੇਸ਼ ਅੰਕੁਸ਼ ਨੂੰ,*
*ਉਹਦੀ ਖੁਸ਼ਕਿਸਮਤੀ ਸਮਝੋ ਕਿ ਉਹ 'ਭੂਸ਼ਨ' ਦਾ ਭਾਈ ਹੈ।*

ਮੇਰਾ ਮਨ ਕਹਿੰਦਾ ਹੈ ਕਿ ਮੈਂ ਆਪਣੀ ਗੱਲ ਮਿਰਜ਼ਾ ਗ਼ਾਲਿਬ ਦੇ ਉਸ ਸ਼ਿਅਰ ਨਾਲ ਖ਼ਤਮ ਕਰਾਂ ਜਿਸ ਵਿਚ ਉਸ ਨੇ ਮੀਰ ਤਕੀ ਮੀਰ ਦੀ ਅਜ਼ਮਤ 'ਤੇ ਫੁੱਲ ਚੜ੍ਹਾਏ ਸਨ:

*ਰੇਖਤਾ ਕੇ ਤੁਮ ਹੀ ਉਸਤਾਦ ਨਹੀਂ ਹੋ .ਗ਼ਾਲਿਬ*
*ਕਹਿਤੇ ਹੈ ਅਗਲੇ ਜ਼ਮਾਨੇ ਮੇਂ ਕੋਈ ਮੀਰ ਭੀ ਥਾ।*

ਇਹ ਭਾਵਨਾ ਅਤੇ ਅਹਿਸਾਸ ਹੀ ਚੰਗੇ ਸਿਰਜਣਹਾਰਿਆਂ ਦੀ ਵਡਿੱਤਣ ਉੱਤੇ ਮੋਹਰ ਲਾਉਂਦਾ ਹੈ। ਆਦੇਸ਼ ਅੰਕੁਸ਼ ਦੀ 'ਤੇਰਾ ਆਪਣਾ' ਦਾ ਸਵਾਗਤ ਹੈ। ਜੇ ਮੈਂ ਇਹਦਾ ਵਿਸਥਾਰ ਕੀਤਾ ਤਾਂ ਇਹਦੇ ਵਿਚਲੀ ਮੌਲਿਕਤਾ ਹੀ ਨਹੀਂ, ਸੱਚ ਵੀ ਮਰ ਜਾਵੇਗਾ! **-ਗੁਲਜ਼ਾਰ ਸਿੰਘ ਸੰਧੂ**

## ਕੋਈ ਲੀਕ ਮੇਰੀ ਵੀ (ਕਵਿਤਾ ਸੰਗ੍ਰਹਿ) ਮੋਹਨਜੀਤ

ਪਿਛਲੀ ਅੱਧੀ ਸਦੀ ਦੌਰਾਨ ਹਰ ਤਰ੍ਹਾਂ ਦੇ ਮੌਸਮਾਂ ਅਤੇ ਵਕਤਾਂ ਵਿਚ ਮੌਲਦੇ ਰਹੇ ਸ਼ਾਇਰ ਮੋਹਨਜੀਤ ਦਾ ਨਵਾਂ ਕਾਵਿ ਸੰਗ੍ਰਹਿ 'ਕੋਈ ਲੀਕ ਮੇਰੀ ਵੀ' (ਪੰਨੇ 126, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ) ਦੇ ਨਾਂ ਹੇਠ ਸਾਹਿਤ ਜਗਤ ਵਿਚ ਦਰਜ ਹੋ ਗਿਆ ਹੈ। ਪਹਿਲੇ ਕਾਵਿ ਸੰਗ੍ਰਹਿ 'ਸਹਿਕਦਾ ਸ਼ਹਿਰ' ਤੋਂ ਲੈ ਕੇ ਇਸ ਕਿਤਾਬ ਤਕ 'ਵਰਵਰੀਕ', 'ਕੀ ਨਾਰੀ ਕੀ ਨਦੀ', 'ਓਹਲੇ ਵਿਚ ਉਜਿਆਰਾ', 'ਹਵਾ ਪਿਆਜ਼ੀ', 'ਕੋਣੇ ਦਾ ਸੂਰਜ' ਤੋਂ ਇਲਾਵਾ ਕਾਵਿ ਵਿਅਕਤੀ ਚਿੱਤਰਾਂ ਦੀ ਪੂਰੀ ਲਾਮਡੋਰੀ ਉਸ ਦੇ ਬੋਝੇ ਅੰਦਰ ਸਮਾਈ ਹੋਈ ਹੈ। ਇਨ੍ਹਾਂ ਸਾਰਿਆਂ ਦੇ ਰੰਗ ਵੱਖੋ-ਵੱਖਰੇ ਹਨ। ਆਪਣੇ ਪਹਿਲੇ ਕਾਵਿ ਸੰਗ੍ਰਹਿ 'ਸਹਿਕਦਾ ਸ਼ਹਿਰ' ਵਿਚ ਹੀ ਉਹਨੇ ਆਪਣੀ ਨਿਵੇਕਲੀ ਕਾਵਿ-ਭਾਸ਼ਾ ਨਾਲ ਠੁੱਕਦਾਰ ਹਾਜ਼ਰੀ ਲੁਆ ਲਈ ਸੀ। ਉਹਦੀ ਕਵਿਤਾ ਅੰਦਰ ਕਿਤੇ ਨਵ-ਪ੍ਰਗਤੀਵਾਦੀ ਸੁਰਾਂ ਹਨ, ਕਿਤੇ ਚਿਹਨਕਾਂ ਦੀਆਂ ਲੜੀਆਂ ਹਨ; ਕਿਸੇ ਪਾਸਿਓਂ ਸੁਹਜਵਾਦ ਨਾਲ ਸੰਵਾਦ ਹੈ ਤੇ ਕੋਈ ਸਰੋਕਾਰਾਂ ਦੀ ਬਾਤਾਂ ਹਨ। ਉਹਦੀ ਕਾਵਿ-ਚੇਤਨਾ ਸਦਾ ਸਫ਼ਰ ਵਿਚ ਰਹਿੰਦੀ ਹੈ। ਇਸ ਨਿਆਰੇ ਸਫ਼ਰ ਤੋਂ ਹੀ ਉਸ ਦੇ ਕਾਵਿ-ਰੰਗਾਂ ਦੀ ਸੋਅ ਪੈਂਦੀ ਹੈ। ਦਰਅਸਲ, ਉਹ ਕਦੀ ਵਕਤ ਦਾ

ਪ੍ਰਸੰਗ ਹੱਥੋਂ ਛੁੱਟਣ ਨਹੀਂ ਦਿੰਦਾ। ਸ਼ਾਇਦ ਇਸੇ ਕਰਕੇ 'ਕਵਿਤਾ ਦਾ ਯੁੱਗ ਖ਼ਤਮ' ਵਾਲੇ ਐਲਾਨ ਵਾਲੇ ਦੌਰ ਵਿਚ ਵੀ ਉਹ ਸ਼ਬਦਾਂ ਦੀ ਧੂਣੀ ਰਮਾਈ ਰੱਖਦਾ ਹੈ। ਇਸ ਦਾ ਰਾਜ਼ ਜਾਣਨਾ ਚਾਹੋ ਤਾਂ ਮੁਲਾਹਿਜ਼ਾ ਫ਼ਰਮਾਓ:

*ਉਹ ਵੇਲਾ ਕਦੋਂ ਆਵੇਗਾ,*
*ਜਦੋਂ ਇਹ ਕਹਿ ਸਕਾਂਗਾ*
*ਤੇਰੇ ਭੋਜਨ 'ਚ ਲਹੂ ਹੈ, ਮਲਿਕ ਭਾਗੋ !*

ਸ਼ਾਇਰ ਸਵਾਲ ਕਰਨ ਦਾ ਇਹ ਵਕਤ ਕਦੀ ਖੁੰਝਣ ਨਹੀਂ ਦਿੰਦਾ; ਉਹਦੀ ਜਾਚੇ 'ਸੰਵਾਦ ਲੇਖਕ ਦਾ ਮੂਲ ਧਰਮ ਹੈ', ਇਸੇ ਲਈ ਲਿਖਦਾ ਹੈ:

*ਗੁਰੂ ਕੋਲ ਸ਼ਬਦ ਸੀ ਸੰਗੀਤ ਸੀ*
*ਮਰਦਾਨੇ ਕੋਲ ਰਾਗ ਸੀ ਰਬਾਬ ਸੀ*
*...*
*ਮੈਂ ਇਹ ਅਹਿਸਾਸ ਲੋਚਦਾਂ*
*ਤੇਰੀਆਂ ਪੈੜਾਂ 'ਤੇ ਤੁਰਨ ਦੀ ਸੋਚਦਾਂ*

ਸ਼ਾਇਰ ਦੀ ਇਹ ਲੋਚਾ ਤਲਾਸ਼ ਦੀ ਜੂਨੇ ਪਈ ਰਹਿੰਦੀ ਹੈ। ਕਈ ਵਾਰ ਇਹ ਤਲਾਸ਼ ਅਣਲਿਖੀ ਰਹਿ ਗਈ ਕਵਿਤਾ ਨਾਲ ਘੁਲ਼ਦੇ ਕਵੀ ਮਾਇਕੋਵਸਕੀ ਜਾਂ ਊਰਜਾ ਦੀ ਸਿਖਰ ਚੁੰਮ ਚੁੱਕੇ ਸ਼ਾਇਰ ਮੀਸ਼ੇ ਵਾਲਾ ਰਾਹ ਅਖ਼ਤਿਆਰ ਕਰ ਲੈਂਦੀ ਹੈ ਪਰ ਸ਼ਾਇਰ ਅੰਦਰਲਾ ਸ਼ਾਇਰ ਅਣਕਹੀ ਸ਼ਾਇਰੀ ਦੇ ਲੜ ਲੱਗਦਾ ਜਾਪਦਾ ਹੈ:

*ਜੇ ਸਭ ਦੱਸ ਹੁੰਦਾ*
*ਮੈਨੂੰ ਕਵਿਤਾ ਦੇ ਉਬੜ-ਖਾਬੜ ਰਾਹਾਂ 'ਤੇ*
*ਤੁਰਨ ਦੀ ਭਲਾ ਕੀ ਲੋੜ ਸੀ?*

ਇਨ੍ਹਾਂ ਪਲਾਂ ਵਿਚ ਹੀ 'ਕੋਈ ਲੀਕ ਮੇਰੀ ਵੀ' ਜਨਮਦੀ ਹੈ: *'ਪੰਛੀਆਂ ਦੇ ਪਿੰਡਿਆਂ 'ਤੇ ਬਹੁ-ਰੰਗ ਧਾਰੀਆਂ/ਕੋਈ ਲੀਕ ਮੇਰੀ ਵੀ/ਹਲਕੀ ਕਿਤੋਂ ਗੂੜ੍ਹੀ/ਕਵਿਤਾ ਦੀ ਲੀਕ/ਇਸ ਲੀਕ ਨੇ ਜੀਣਾ ਸਿਖਾਇਆ'।* ਇਕ-ਇਕ ਕਰਕੇ ਸਭ ਕਵਿਤਾਵਾਂ ਜੀਣਾ ਸਿਖਾਉਂਦੀ ਇਸੇ ਲੀਕ ਦਾ ਜਲੌਅ ਹਨ। 'ਚੇਤਿਆਂ ਦੇ ਵਰਕੇ' ਜਦੋਂ ਉਲੱਦੇ ਜਾਂਦੇ ਹਨ ਤਾਂ ਬੜਾ ਵਿਰਾਟ ਦ੍ਰਿਸ਼ ਉਪਜਦਾ ਹੈ। ਇਹ ਕਵਿਤਾ ਹਰ ਮੌਸਮ, ਹਰ ਰੰਗ ਅਤੇ ਹਰ ਵਕਤ ਨੂੰ ਆਪਣੇ ਅੰਦਰ ਸਮੇਟਦੀ ਜਾਂਦੀ ਹੈ ਪਰ ਜਦੋਂ ਇਹ ਸਤਰ ਆਉਂਦੀ ਹੈ ਤਾਂ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ: *'ਬੈਲਗੱਡੀਆਂ 'ਤੇ 'ਆਜ਼ਾਦੀ' ਲੱਦ ਕੇ ਜਾ ਰਹੇ ਸਨ ਥੱਕੇ ਹਾਰੇ ਲੋਕ'।* ਥੋੜ੍ਹਾ ਅਗਾਂਹ ਜਾ ਕੇ ਥੱਕੇ ਕਾਫ਼ਲਿਆਂ ਜਿੱਡੀ ਲੰਮੀ ਇਹ ਚੀਕ ਇਸ ਸ਼ਿਅਰ ਨਾਲ ਹੌਸਲਾ ਫੜਦੀ ਹੈ: *'ਜਿਸ ਕੰਧ 'ਤੇ ਉਨ੍ਹਾਂ ਬਣਾਏ ਤੇਗ਼ ਤੇ ਤ੍ਰਿਸ਼ੂਲ/ਮੈਂ ਮਲਕੜੇ ਜਿਹੇ ਫੁੱਲ ਤੇ ਪੱਤਾ ਬਣਾ ਦਿੱਤਾ'*। ਇਹ ਮੌਲਦੇ ਵਕਤਾਂ ਦੀ ਪੇਸ਼ੀਨਗੋਈ ਹੈ। ਇਨ੍ਹਾਂ ਮੌਲ਼ਦੇ ਵਕਤਾਂ ਦਾ ਨਾਤ੍ਹੂਆ ਅਮਰੀਕੀ ਲਿਖਾਰੀ ਜੌਹਨ ਸਟੈੱਨਬੈੱਕ ਦੇ ਨਾਵਲ 'ਦਿ ਗਰੇਪਸ ਆਫ ਰੈਥ' ਦੀ ਨਾਇਕਾ ਰੋਜ਼ ਵਾਲੇ ਵਿਅਕਤੀ ਚਿੱਤਰ ਨਾਲ ਜਾ ਜੁੜਦਾ ਹੈ। ਰੋਜ਼ ਦੇ ਪੱਲੇ ਵਿਚ ਹੁਣੇ-ਹੁਣੇ ਫ਼ੌਤ ਹੋਏ ਬਾਲਕ ਦਾ ਦਰਦ ਉਛਾਲੇ ਮਾਰ ਰਿਹਾ ਹੈ ਪਰ ਉਸ ਦੀਆਂ ਭਰੀਆਂ ਛਾਤੀਆਂ ਅੰਦਰਲਾ ਦੁੱਧ ਮਰ ਰਹੇ ਬੁੱਢੇ ਲਈ ਸੰਜੀਵਨੀ ਬਣਦਾ ਹੈ। ਮੋਈ ਜਾਨ ਦਾ ਪਹਾੜ ਜਿੱਡਾ ਭਾਰ ਝੱਲਦੇ ਰੋਜ਼ ਦੇ ਹੱਥ ਬਿਮਾਰ ਬਜ਼ੁਰਗ ਦੇ ਵਾਲ਼ਾਂ 'ਤੇ ਫਿਰਨ ਲੱਗਦੇ ਹਨ। ਜੀਵਨ ਦੇ ਇਹੀ ਪਲ ਮੋਹਨਜੀਤ ਦੀ ਤਲਾਸ਼ ਵਿਚ ਸ਼ੁਮਾਰ ਹਨ ਜਿਹੜੇ ਕਵਿਤਾ ਦੀਆਂ ਅਟੁੱਟ ਕੜੀਆਂ ਬਣਦੇ ਹਨ।

ਇਨ੍ਹਾਂ ਕੜੀਆਂ ਵਿਚ ਕੁਦਰਤ ਦੀ ਮਿਲਣੀ ਹੈ: 'ਪੱਤਿਆਂ ਨੂੰ ਛੂਹ ਕੇ ਆਉਂਦੀ ਹਵਾ 'ਚ ਕੈਸੀ ਲੈਅ ਹੈ'; 'ਮਟਕ ਕੇ ਤੁਰਨ' ਵਾਲਾ ਸੁਹਜ ਹੈ; ਸਭ ਤੋਂ ਅਖ਼ੀਰ ਵਿਚ ਬੁੱਢੇ ਹੁੰਦੇ ਸਰੀਰ ਦੇ ਅੰਗ

'ਦਿਲ' ਦੀ ਦਾਸਤਾਂ ਹੈ; 'ਲਹਿਰਾਉਂਦੀਆਂ ਬਾਹਾਂ ਦੇ ਕਾਫ਼ਲੇ' ਹਨ ਜੋ ਨਿਰਭੈ ਵਰਗੇ ਜੀਆਂ ਨੂੰ ਸਲਾਮੀ ਦਿੰਦੇ ਹਨ; 'ਧਰਤੀ ਦੇ ਪਹਿਲੇ ਗੀਤ' ਦੀ ਸੁਗੰਧ ਹੈ। ਅਜਿਹੀਆਂ ਕੜੀਆਂ ਕਵਿਤਾ ਦੀ ਕੁੰਜੀ ਹਨ ਜਿਨ੍ਹਾਂ ਨੂੰ ਜੋੜ ਕੇ ਲੰਮੀ ਕਵਿਤਾ 'ਵਣ ਕੰਬਿਆ' ਬਣਦੀ ਹੈ। ਤਾਲੀਮ ਨਾਲ ਜੁੜੇ ਭਰਤ ਮਲਿਕ ਅਤੇ ਨੀਲਮ ਮਲਿਕ ਦੇ ਨਾਂ ਇਸ ਕਵਿਤਾ ਅੰਦਰ ਮਨੁੱਖ ਦੀ ਜ਼ਹਾਨਤ ਸਾਹ ਲੈਂਦੀ ਹੈ। ਇਹ ਕਵਿਤਾ ਸ਼ਾਹੀਨ ਬਾਗ਼ ਦੀ ਪਰਿਕਰਮਾ ਕਰਦੀ ਹੈ ਤਾਂ ਸਮੁੱਚੀ ਸਿਆਸਤ ਆਪਣੇ ਨੈਣ-ਨਕਸ਼ਾਂ ਨਾਲ ਹਾਜ਼ਰ ਹੋ ਜਾਂਦੀ ਹੈ। ਬਿਨਾਂ ਤਕੱਲਫ਼।

ਇਸ ਸਿਆਸਤ ਵੱਲ ਝਾਤੀ ਕਾਵਿ ਸੰਗ੍ਰਹਿ ਵਿਚ ਸਮਾਏ ਵਿਅਕਤੀ ਚਿੱਤਰਾਂ ਰਾਹੀਂ ਪੈਂਦੀ ਹੈ। ਜੰਗੀ ਫੋਟੋਗ੍ਰਾਫਰ ਦੇ ਬਹਾਨੇ ਜੋੜੇ ਅੱਖਰ ਬੇਹੱਦ ਅਹਿਮ ਹਨ, ਇਹ ਅੱਜ ਤਕ ਸੰਘ ਦੇ ਅੰਦਰ ਹੀ ਰਹਿ ਗਈ ਬੇਵਸੀ ਦੀ ਦਹਾੜ ਹੈ। ਇਹ ਉਸ ਮਾਰੂ ਅਤੇ ਧਾੜਵੀ ਸਿਆਸਤ ਦੀ ਮੰਜ਼ਰਕਸ਼ੀ ਹੈ ਜਿਹੜੀ ਬਾਰੂਦ ਦੇ ਬਿਆਨ ਨੂੰ ਵੀ ਜਾਅਲੀ ਦੱਸਣ ਦਾ ਤਰੱਦਦ ਕਰ ਸਕਦੀ ਹੈ। ਇਕ ਪਾਸੇ ਫੋਟੋਗ੍ਰਾਫਰ ਦੇ ਮਨ ਅੰਦਰੋਂ ਝਾਤੀਆਂ ਮਾਰਦੀ ਕਲਾ ਹੈ ਅਤੇ ਦੂਜੇ ਪਾਸੇ ਜ਼ਿੰਦਗੀ ਹੈ, ਸ਼ਾਇਰ ਲਈ ਇਨ੍ਹਾਂ ਦੋਹਾਂ ਵਿਚਕਾਰ ਚੋਣ ਸਵਾਲ ਬਣ ਜਾਂਦੀ ਹੈ। ਇਸ ਮੋੜ ਉੱਤੇ ਉਹ ਉਸ ਕਲਾਕਾਰ ਨੂੰ ਧਿਆਉਂਦਾ ਹੈ ਜਿਸ ਨੇ ਮਰ ਰਹੇ ਬੱਚੇ ਅਤੇ ਘਾਤ ਲਾ ਕੇ ਬੈਠੀ ਗਿੱਧ ਇਕ ਫਰੇਮ ਵਿਚ ਸਟਿੱਲ ਕਰ ਦਿੱਤੇ ਸਨ। ਇਹ ਸੰਵੇਦਨਾ ਦਾ ਕੋਈ ਸਿਖਰ ਹੀ ਹੋਵੇਗੀ ਕਿ ਫੋਟੋਗ੍ਰਾਫਰ ਖ਼ੁਦ ਸਟਿੱਲ ਹੋ ਗਿਆ। ਇਹ ਕਲਾ ਉੱਤੇ ਜ਼ਿੰਦਗੀ ਦੀ ਜਿੱਤ ਦੇ ਸੁੱਚੇ ਛਿਣ ਹਨ।

ਪਰਮਿੰਦਰ ਸੋਢੀ ਵਾਲੇ ਵਿਅਕਤੀ ਚਿੱਤਰ ਵਿਚ ਕਲਾ ਦੀਆਂ ਤਾਰਾਂ ਸੁਰ ਹੁੰਦੀਆਂ ਹਨ ਤਾਂ ਬੱਚਾ ਆਪਣੇ ਬਾਪ ਨੂੰ ਸੁਨਾਮੀ ਵਾਲੇ ਇਲਾਕੇ ਵਿਚ ਕਾਰ ਸੇਵਾ ਦੀ ਆਪਣੀ ਇੱਛਾ ਦੱਸਦਾ ਹੈ; ਬਾਪ ਜਿਹੜਾ ਆਪਣੇ ਮੁਲਕ ਜਾ ਰਿਹਾ ਹੈ! ਮਾਸਟਰ ਕਰਨੈਲ ਸਿੰਘ ਬੋਪਾਰਾਏ ਵਾਲੀ ਲਿਖਤ ਵਿਚ ਬਾਪ ਆਪਣੇ ਪੁੱਤਰ ਨੂੰ ਪਹਿਲੀ ਰਾਤ ਲਈ ਬਲੇਡ ਫੜਾਉਂਦਾ ਹੈ: 'ਕੁੜੀਆਂ ਨਾਲੇ ਨੂੰ ਪੀਚਵੀਆਂ ਗੰਢਾਂ ਦੇ ਲੈਂਦੀਆਂ'। ਤਬਲਾ ਵਾਦਕ ਅੱਲ੍ਹਾ ਰੱਖਾ ਖ਼ਾਂ ਧੀਆਂ ਨੂੰ ਮੁਹੱਲੇ ਵਿਚ ਬੁਰਕੇ ਬਿਨਾਂ ਤੋਰਦਾ ਹੈ। ਨਾਮ੍ਹੇ ਫਾਂਸੀ ਵਾਲੇ ਵਿਚ ਤਾਂ ਰਿਸ਼ਤਿਆਂ ਦਾ ਲਹਿਰੀਆ ਹੈ। ਗ਼ਦਰ ਖਾਤਰ ਕੁਰਬਾਨ ਹੋ ਰਹੇ ਨਾਮ੍ਹੇ ਦੀ ਪਤਨੀ ਪਦਮਣੀ ਦੀ ਜ਼ਿੰਦਗੀ ਵਿਯੋਗ ਦੀ ਸੂਲੀ ਚੜ੍ਹਦੀ ਹੈ। ਇਹ ਪਿੱਛੇ ਛੁੱਟ ਗਏ ਜੀਆਂ ਦਾ ਵਿਰਲਾਪ ਹੈ। ਸ਼ਾਇਰ ਪੋਸਟ ਸਕ੍ਰਿਪਟ ਵਿਚ ਅਜਿਹੀਆਂ ਕੁਰਬਾਨੀਆਂ ਨੂੰ 'ਗ਼ਦਰੀਆਂ ਦੀ ਜ਼ਿੰਦਗੀ ਦੀ ਵੱਡੀ ਤ੍ਰਾਸਦੀ' ਤੋਂ ਵੀ ਵੱਡੀ ਕਿਆਸ ਕਰਦਾ ਹੈ: 'ਯਾਦ ਆਉਂਦੀ/ਲਹੂ ਦੇ ਅੱਥਰੂ ਵਗਦੇ'। ਖੌਰੇ ਇਹ ਵਿਯੋਗਣ ਪਦਮਣੀ ਸਟੈੱਨਬੈੱਕ ਦੀ ਜਵਾਨ-ਜਹਾਨ ਨਾਇਕਾ 'ਰੋਜ਼' ਹੈ ਜਿਹੜੀ ਬਿਰਧ ਸਰੀਰ ਨਾਲ ਨਵਜੰਮੇ ਜੀਅ ਵਾਲਾ ਵਿਹਾਰ ਕਰਦੀ ਹੈ।

ਇਹ ਸਭ ਧੜਕਦੀ ਜ਼ਿੰਦਗੀ ਦੀਆਂ ਕਥਾ-ਕਹਾਣੀਆਂ ਹਨ। 'ਠੇਠ ਸ਼ਹਿਰੀ' ਮੋਹਨਜੀਤ ਲਈ ਇਨ੍ਹਾਂ ਦਾ ਸਬਕ 'ਸੁਹਬਤ ਦੇ ਦੀਵਿਆਂ' ਵਰਗਾ ਹੈ। ਕਵਿਤਾ ਕਦੀ ਸ਼ਬਦਾਂ ਦੇ ਓਹਲੇ-ਓਹਲੇ ਪੱਬ ਧਰਦੀ ਹੈ, ਕਦੀ ਸ਼ਬਦਾਂ ਤੋਂ ਪਾਰ ਜਾਂਦੀ ਹੈ। ਆਪੋ-ਆਪਣਾ ਲੁਤਫ਼ ਹੈ। ਤਮੰਨਾ ਤਾਂ ਹਵਾ ਜਾਂ ਮਹਿਕ ਵਾਂਗ ਆਉਣ ਦੀ ਹੈ ਪਰ:

*ਮੈਂ ਆਵਾਂਗੀ ਹਨੇਰੀ ਵਾਂਗ,*
*ਵਿੱਥਾਂ ਖੂੰਜਿਆਂ ਨੂੰ ਖ਼ਬਰ ਕਰਦੀ...*
*ਮੈਂ ਤੇਰੀ ਸਾਰੀ ਦੀ ਸਾਰੀ*
*'ਓਹਲੇ ਦੀ ਕਵਿਤਾ' ਪਾੜ ਦੇਣੀ ਹੈ*

ਇਹ ਓਹਲਾ ਉਡੀਕ ਵੀ ਹੈ: ਉਹ ਕਵਿਤਾ ਅਜੇ ਲਿਖਣੀ ਹੈ/ਜੋ ਤੇਰੇ ਵਰਗੀ ਹੈ। 'ਘੁਲ਼ ਰਿਹਾ ਮੇਘਲ਼ਾ' ਵਾਲੀਆਂ ਦੱਸਾਂ ਅੰਦਰ ਇਹੀ ਤਾਂ ਸ਼ਾਇਰ ਦਾ 'ਕੋਈ ਲੀਕ ਮੇਰੀ ਵੀ' ਵਾਲਾ ਦਾਅਵਾ ਹੈ। ਇਸ ਦਾਅਵੇ ਅੰਦਰ ਨਿਹੁੰ ਦੇ ਰੰਗ ਭਰੇ ਹੋਏ ਹਨ ਜੋ ਕਵਿਤਾ ਦਾ ਹੀ ਕੋਈ ਸਿਲਸਿਲਾ ਹੈ। ਇਸ

ਸਿਲਸਿਲੇ ਅੰਦਰ 'ਚਿਰਾਂ ਤੋਂ ਬਾਅਦ ਅੱਜ ਤੂੰ ਫੇਰ ਮਿਲਣਾ ਏ' ਵਾਲਾ ਵਾਅਦਾ ਹੈ। ਇਸੇ ਕਰਕੇ ਕਵਿਤਾ ਦਾ ਯੁੱਗ ਕਦੀ ਖ਼ਤਮ ਨਹੀਂ ਹੁੰਦਾ। ਜਦ ਤਕ ਉਣੀਂਦੀ ਹੋਂਦ ਵਿਚ ਜੁੰਬਿਸ਼ ਹੈ, ਨਿਹੁੰ ਵਾਲਾ ਸਿਲਸਿਲਾ ਅਮੁੱਕ ਅਤੇ ਅਰੋਕ ਹੈ। ਇਹ 'ਰਿਸ਼ੂ ਕਵਿਤਾਵਾਂ' ਦੇ ਸਿਰਲੇਖ ਹੇਠ ਦਰਜ ਕਵਿਤਾ 'ਆਦਿ ਲਿਪੀ' ਵਾਲੀਆਂ ਬਰਕਤਾਂ ਹਨ। ਇਹ ਲਿਪੀ ਸਿਰਫ਼ ਰਿਸ਼ੂ ਵਰਗੇ ਜੀਆ-ਜੰਤ ਹੀ ਉਠਾ ਸਕਦੇ ਹਨ। ਓ ਭਾਈ:

*ਚਿਰਾਗ਼ਾਂ ਦਾ ਵਕਤ ਹੈ*
*ਦੀਵਿਆਂ ਵਿਚ ਤੇਲ ਪਾਓ*
*ਰੌਸ਼ਨੀ ਦੇ ਫੁੱਲ ਲੈ ਕੇ*
*ਤੁਰੇ ਜਾਉ, ਤੁਰੇ ਜਾਉ, ਤੁਰੇ ਜਾਉ...*

**-ਜਸਬੀਰ**

## ਬੰਦਾ ਸਮੁੰਦਰ ਨਹੀਂ ਹੁੰਦਾ (ਕਹਾਣੀ ਸੰਗ੍ਰਹਿ) ਜੋਗੇ ਭੰਗਲ

ਜੋਗੇ ਭੰਗਲ ਪਿਛਲੇ ਲੰਮੇਂ ਚਿਰ ਤੋਂ ਸਾਹਿਤ ਸਾਧਨਾ ਨਾਲ ਜੁੜਿਆ ਹਸਤਾਖ਼ਰ ਹੈ। ਉਹ ਹੁਣ ਤਕ ਤਿੰਨ ਕਾਵਿ ਸੰਗ੍ਰਿਹ, ਇਕ ਕਾਵਿ ਨਾਟਕ ਅਤੇ ਇਕ ਇਕਾਂਗੀ ਸੰਗ੍ਰਹਿ ਲਿਖ ਚੁੱਕਿਆ ਹੈ। ਇਸ ਤੋਂ ਇਲਾਵਾ ਕਹਾਣੀ ਦੇ ਖੇਤਰ ਵਿਚ ਜੋਗੇ ਭੰਗਲ ਦੀ ਆਪਣੀ ਪਛਾਣ ਹੈ। ਉਸਦਾ ਪਹਿਲਾ ਕਹਾਣੀ ਸੰਗ੍ਰਿਹ 'ਕਾਹੀ ਵੱਢ' ਸਾਲ 2005 ਵਿਚ ਪ੍ਰਕਾਸ਼ਿਤ ਹੋਇਆ ਸੀ। ਵਿਚਾਰਧੀਨ ਕਹਾਣੀ ਸੰਗ੍ਰਿਹ 'ਬੰਦਾ ਸਮੁੰਦਰ ਨਹੀਂ ਹੁੰਦਾ' (ਪੰਨੇ 128, ਮੁੱਲ 176 ਰੁਪਏ, ਅਜੀਜ ਬੁੱਕ ਹਾਊਸ, ਬਠਿੰਡਾ) ਜੋਗੇ ਭੰਗਲ ਵੱਲੋਂ ਲਿਖਤ ਦੂਜੀ ਕਥਾ ਪੋਥੀ ਹੈ। ਇਸ ਪੁਸਤਕ ਵਿਚ ਲੇਖਕ ਦੀਆਂ 15 ਕਹਾਣੀਆਂ ਦਰਜ ਹਨ। ਇਨ੍ਹਾਂ ਕਹਾਣੀਆਂ ਦੁਆਰਾ ਲੇਖਕ ਸਮਾਜਕ ਯਥਾਰਥ ਦੇ ਕਰੂਰ ਪੱਖ ਦੀਆਂ ਕਈ ਪਰਤਾਂ ਪਾਠਕਾਂ ਅੱਗੇ ਨਸ਼ਰ ਕਰਦਾ ਹੈ। ਲੇਖਕ ਦੀਆਂ ਲਿਖਤਾਂ ਵਿਚ ਸਮਾਜਕ ਤੰਦ ਤਾਣੀ ਦਾ ਉਲਝਿਆ ਰੂਪ, ਸੰਸਥਾਵੀ ਭ੍ਰਿਸ਼ਟਾਚਾਰ, ਔਰਤ ਮਰਦ ਵਿਤਕਰੇ, ਜਾਤੀ ਜਮਾਤੀ ਭੇਦਭਾਵ, ਰਾਜਸੀ ਬੁਰਛਾਗਰਦੀ, ਆਰਥਿਕ ਵੱਖਰੇਵੇਂ, ਧਾਰਮਿਕ ਫਿਰਕਾਪ੍ਰਸਤੀ, ਅਨੈਤਿਕਤਾ ਅਤੇ ਸੰਸਕ੍ਰਿਤਕ ਮੁੱਲ ਪ੍ਰਬੰਧਾਂ ਪ੍ਰਤੀ ਹੇਰਵੇ ਸਮੇਤ ਸਮਾਜਕ ਪ੍ਰਬੰਧ ਦੀਆਂ ਉਹ ਤਮਾਮ ਕੁਰੀਤੀਆਂ ਰੌਚਿਕ ਬਿਰਤਾਂਤਕੀ ਪਾਠ ਦੇ ਰੂਪ ਵਿਚ ਪ੍ਰਕਾਸ਼ਮਾਨ ਹੁੰਦੀਆਂ ਹਨ ਜਿਨ੍ਹਾਂ ਕਰਕੇ ਸੰਵੇਦਨਸ਼ੀਲ ਮਨੁੱਖ ਦੀ ਸਾਲਮ ਹੋਂਦ ਸ਼ੰਕਾਗ੍ਰਸਤ ਰਹਿੰਦੀ ਹੈ।

ਜੋਗੇ ਭੰਗਲ ਦਾ ਕਥਾ ਬੋਧ ਸਮਾਜ ਦੀਆਂ ਵਿਸੰਗਤੀਆਂ ਨੂੰ ਪ੍ਰਗਟ ਕਰਨ ਦੀ ਚੇਤਨਾ ਤਕ ਮਹਿਦੂਦ ਨਹੀਂ ਸਗੋਂ ਪਰਤਵੇਂ ਰੂਪ ਵਿਚ ਸਮਾਜਕ ਇਨਸਾਫ ਦਾ ਇਕ ਸੁਪਨਾ ਵੀ ਸਿਰਜਦਾ ਹੈ। ਇਹ ਸੁਪਨਾ ਵਰਗੀ ਸਮਾਜ ਦੀ ਥਾਂ ਵਰਗ ਰਹਿਤ ਸਮਾਜ ਦੀ ਸਿਰਜਣਾ ਵਾਲਾ ਹੈ। ਵਰਗਾਂ ਵਿਚ ਵੰਡਿਆਂ ਸਮਾਜ ਜਿਸ ਤਰ੍ਹਾਂ ਦੇ ਤਣਾਅ, ਬੇਚੈਨੀ ਅਤੇ ਬੇਗਾਨਗੀ ਦੇ ਆਲਮ ਵਾਲਾ ਹੈ, ਲੇਖਕ ਇਸ ਪ੍ਰਬੰਧ ਤੋਂ ਨਾਬਰ ਹੈ। ਭੰਗਲ ਦੀ ਕਹਾਣੀ ਨੂੰ ਪੜ੍ਹਦਿਆਂ ਰਵਾਇਤੀ ਪੰਜਾਬੀ ਕਹਾਣੀ ਦੀ ਯਾਦ ਵੀ ਤਾਜ਼ਾ ਹੋ ਜਾਂਦੀ ਹੈ ਜਿਸ ਵਿਚ ਸਮਾਜਕ ਸੁਧਾਰ ਦੇ ਉੱਚੇ ਦਾਅਵੇ ਰਚਨਾ ਨੂੰ ਉਦੇਸ਼ਭਾਵੀ ਸੁਰ ਦੀ ਭਾਸ਼ਣ ਕਲਾ ਵਿਚ ਵਟਾ ਦਿੰਦੇ ਸਨ। ਜਾਣੇ ਪਛਾਣੇ ਅਤੇ ਚਰਚਿਤ ਸਮਾਜਕ ਯਥਾਰਥ ਦੀ ਸਪਾਟ ਦ੍ਰਿਸ਼ਕਾਰੀ, ਕਾਲੇ ਚਿੱਟੇ ਪਾਤਰ, ਲਕੀਰੀ ਬਿਰਤਾਂਤ ਅਤੇ ਮੰਤਵਮੂਲਕ ਰਚਨਾਕਾਰੀ ਨਾਲ ਇਹ ਕਹਾਣੀ ਸਮਾਜਕ ਬਦਲਾਅ ਦਾ ਰੁਮਾਂਸਿਕ ਸੁਪਨਾ ਬੀਜਦੀ ਹੈ। ਸਮਕਾਲ ਦੀ ਪ੍ਰਤੀਨਿਧ ਕਹਾਣੀ ਵਸਤੂ, ਕਲਾ ਅਤੇ ਦ੍ਰਿਸ਼ਟੀ ਪੱਖੋਂ ਬੇਸ਼ੱਕ ਵੱਖਰੇ ਰੁਝਾਨਾਂ ਨੂੰ ਪ੍ਰਤੀਬਿੰਬਤ ਕਰਦੀ ਹੈ ਪਰ ਜੋਗੇ ਭੰਗਲ ਵਰਗੇ ਕਈ ਕਥਾਕਾਰ ਪ੍ਰਤੀਨਿਧ ਕਹਾਣੀ ਦੇ ਸਮਾਨਅੰਤਰ ਆਪਣੇ ਸਹਿਜ ਬਿਰਤਾਂਤ ਸਿਰਜਣ ਨਾਲ ਪਾਠਕਾਂ ਨੂੰ ਕਥਾ ਦੇ ਰਵਾਇਤੀ ਸੁਹਜਬੋਧ ਨਾਲ ਜੋੜਦੇ ਆ ਰਹੇ ਹਨ। ਅਜਿਹੀ ਕਹਾਣੀ ਚਿੰਤਨੀ ਪਾਠਕਾਂ ਦੀ ਥਾਂ ਸਾਧਾਰਣ ਚਿੱਤ ਬੁੱਧ ਵਾਲੇ ਪਾਠਕਾਂ ਤਕ ਜ਼ਿਆਦਾ ਪ੍ਰਭਾਵੀ ਹੁੰਦੀ ਹੈ।

ਵਿਚਾਰਅਧੀਨ ਪੁਸਤਕ ਵਿੱਚਲੀਆਂ ਕਹਾਣੀਆਂ ਦਾ ਅਹਿਮ ਥੀਮ ਵਰਤਮਾਨ ਸਮੇਂ ਅੰਦਰ ਮਾਨਵੀ ਰਿਸ਼ਤਿਆਂ ਦੇ ਤਣਾਅਗ੍ਰਸਤ ਅਤੇ ਸੰਕਟਮਈ ਹੋਣ ਦਾ ਹੈ। ਇਸ ਤੋਂ ਇਲਾਵਾ ਸੰਸਥਾਵੀ ਭ੍ਰਿਸ਼ਟਾਚਾਰ ਅਤੇ ਗ਼ੈਰ ਇਖਲਾਕੀ ਵਿਹਾਰ ਤੋਂ ਪੈਦਾ ਹੁੰਦਾ ਵਿਸ਼ਾਦ ਵੀ ਇਨ੍ਹਾਂ ਕਹਾਣੀਆਂ ਦਾ ਕੇਂਦਰ ਹੈ। ਉਪਭੋਗੀ ਸੰਸਕ੍ਰਿਤੀ ਨੇ ਮਨੁੱਖ ਨੂੰ ਆਪਣੇ ਸਭਿਆਚਾਰ ਦੇ ਉਸਾਰੂ ਮੁੱਲ ਵਿਧਾਨ ਅਤੇ ਉੱਚੀਆਂ ਕਦਰਾਂ-ਕੀਮਤਾਂ ਤੋਂ ਤੋੜ ਦਿੱਤਾ ਹੈ। ਇਸ ਨਾਲ ਮਨੁੱਖੀ ਹੋਂਦ ਸਵੈ ਕੇਂਦਰਤ, ਖੁਦਗਰਜ਼ ਅਤੇ ਖੰਡਿਤ ਕਿਸਮ ਦੇ ਵਿਹਾਰ ਵਾਲੀ ਹੋ ਗਈ ਹੈ। ਲੇਖਕ ਇਸ ਵਰਤਾਰੇ ਨੂੰ 'ਬੰਦਾ, ਕ੍ਰਿਕਟ ਅਤੇ ਦਰਸ਼ਕ' ਵਰਗੀ ਕਹਾਣੀ ਵਿਚ ਪੇਸ਼ ਕਰਦਾ ਹੈ, ਜਿੱਥੇ ਕਿਸੇ ਸੜਕੀ ਹਾਦਸੇ ਦਾ ਸ਼ਿਕਾਰ ਲਾਲਾ ਅਮਰ ਨਾਥ ਵਰਗਾ ਪਾਤਰ ਸਹਾਇਤਾ ਲਈ ਵਿਲਕਦਾ ਹੈ ਪਰ ਸ਼ਹਿਰ ਦੇ ਲੋਕ ਚੱਲ ਰਹੇ ਕ੍ਰਿਕਟ ਮੈਚ ਵਿਚ ਇੰਨੇ ਮਸਰੂਫ ਹੁੰਦੇ ਹਨ ਕਿ ਅਮਰ ਨਾਥ ਦੀ ਪੁਕਾਰ 'ਕ੍ਰਿਕਟ ਬੁਖ਼ਾਰ' ਵਿਚ ਦੱਬ ਜਾਂਦੀ ਹੈ। ਕਹਾਣੀ ਦੱਸਦੀ ਹੈ ਕਿ ਕਾਰਪੋਰੇਟ ਸੈਕਟਰ ਨੇ ਆਪਣੇ ਸਾਮਰਾਜ ਦੇ ਵਿਸਤਾਰ ਲਈ ਮਨੁੱਖ ਤੋਂ ਉਸਦੀ ਸੁਤੰਤਰ ਚੋਣ ਅਤੇ ਸਹਿਜ ਭਾਵੀ ਜੀਵਨ ਸ਼ੈਲੀ ਖੋਹ ਕੇ ਉਸਨੂੰ ਬਾਜ਼ਾਰ ਦੇ ਹਵਾਲੇ ਕਰ ਦਿੱਤਾ ਹੈ। ਇਸੇ ਤਰ੍ਹਾਂ 'ਸੰਮਾਂ ਵਾਲੀ ਡਾਂਗ' ਕਹਾਣੀ ਜਗੀਰੂ ਸਮਾਜ ਵਿਚ ਜ਼ਮੀਨ ਜਾਇਦਾਦ ਦੀ ਖਾਤਿਰ ਆਪਣੇ ਖੂਨ ਦੇ ਰਿਸ਼ਤਿਆਂ ਦੇ ਸਫੈਦ ਹੋ ਜਾਣ ਦਾ ਬਿਰਤਾਂਤ ਹੈ। ਸ਼ਮਸ਼ੇਰ ਦੀ ਮੌਤ ਤੋਂ ਬਾਅਦ ਉਸਦੇ ਭਰਾ ਜ਼ਮੀਨ 'ਤੇ ਕਾਬਜ਼ ਹੋ ਜਾਂਦੇ ਹਨ ਅਤੇ ਸ਼ਮਸ਼ੇਰ ਦੀ ਬੇਵੱਸ ਪਤਨੀ ਇਸ ਜ਼ਮੀਨ ਨੂੰ ਪਿੰਡ ਦੀ ਹੋਰ ਧੜਵੈਲ ਧਿਰ ਨੂੰ ਦੇ ਦਿੰਦੀ ਹੈ। 'ਜਿਸਕੀ ਲਾਠੀ ਉਸਦੀ ਭੈਂਸ' ਵਾਲੀ ਕਹਾਵਤ ਵਾਂਗ ਇਹ ਕਹਾਣੀ ਸਾਮੰਤਵਾਦੀ ਮੁੱਲ ਪ੍ਰਬੰਧ ਵਿਚ ਜ਼ਮੀਨ ਦੀ ਬਟਵਾਰੇ ਤੋਂ ਪੈਦਾ ਹੁੰਦੇ ਪਰਿਵਾਰਕ ਸੰਤਾਪ ਅਤੇ ਸਮਾਜਕ ਤਣਾਅ ਦੀ ਦਾਸਤਾਨ ਹੈ।

ਭੰਗਲ ਦੀਆਂ ਕਹਾਣੀਆਂ ਅੰਦਰ ਵਰਤਮਾਨ ਸਮਾਜ ਵਿਚ ਸਭਿਆਚਾਰਕ ਕਦਰਾਂ-ਕੀਮਤਾਂ ਦੀ ਟੁੱਟ ਭੱਜ ਦੇ ਕਈ ਪਾਸਾਰ ਪੇਸ਼ ਹੁੰਦੇ ਹਨ। ਲੇਖਕ ਸਮਕਾਲ ਦੀ ਉਪਭੋਗੀ ਸੰਸਕ੍ਰਿਤੀ ਵਿਚ ਉਨ੍ਹਾਂ ਜੀਵਨ ਮੁੱਲਾਂ ਨੂੰ ਭੁਰਦਾ ਪੇਸ਼ ਹੁੰਦਾ ਹੈ ਜਿਹੜੇ ਮੁੱਲ ਪੰਜਾਬੀ ਜੀਵਨ ਜਾਚ ਦਾ ਅਟੁੱਟ ਹਿੱਸਾ ਹੁੰਦੇ ਸਨ। ਪਿੰਡ ਦੀ ਇਕਾਈ, ਜਿਸਨੂੰ ਲੋਕਤੰਤਰਕ ਯੂਨਿਟ ਦਾ ਮੁੱਢਲਾ ਆਧਾਰ ਮੰਨਿਆ ਜਾਂਦਾ ਹੈ, ਵਿਚ ਸਿਆਸਤੀ ਧੜੇਬੰਦੀਆਂ ਦਾ ਇਕ ਰੂਪ 'ਬੰਦਾ ਸਮੁੰਦਰ ਨਹੀਂ ਹੁੰਦਾ' ਕਹਾਣੀ ਵਿਚ ਪੇਸ਼ ਹੋਇਆ ਹੈ। ਕਹਾਣੀ ਵਿਚ ਜਾਤੀ ਜਮਾਤੀ ਭੇਦਭਾਵ ਵਾਲਾ ਜੀਵਨ ਭੋਗਦਾ ਮੋਚੀ ਮੋਤੀ ਰਾਮ ਪਿੰਡ ਦੇ ਸਾਧਨ ਸੰਪੰਨ ਵਿਅਕਤੀ ਫਤਿਹ ਸਿੰਘ ਵਿਰੁੱਧ ਸਰਪੰਚੀ ਦੀ ਚੋਣ ਲੜਦਾ ਹੈ। ਫਤਿਹ ਸਿੰਘ ਦਾ ਅਖੌਤੀ ਉੱਚ ਜਾਤੀ ਅਵਚੇਤਨ ਮੋਤੀ ਰਾਮ ਦੀ ਦਾਅਵੇਦਾਰੀ ਨੂੰ ਆਪਣੇ ਲਈ ਵੰਗਾਰ ਸਮਝਦਾ ਹੈ। ਫਤਿਹ ਸਿੰਘ ਬੇਸ਼ੱਕ ਆਪਣੀ ਵਿੱਤੀ ਸਮਰੱਥਾ ਕਰਕੇ ਚੋਣ ਜਿੱਤ ਜਾਂਦਾ ਹੈ ਪਰ ਮੋਤੀ ਰਾਮ ਦਾ ਹਰ ਵੇਲੇ ਹਸਮੁੱਖ ਰਹਿਣਾ ਅਤੇ ਲੋਕ ਹਿਤਾਂ ਲਈ ਜੂਝਣਾ ਉਸਨੂੰ ਮਾਨਸਿਕ ਤਣਾਅ ਦਿੰਦਾ ਰਹਿੰਦਾ ਹੈ। ਲੇਖਕ ਮੋਤੀ ਰਾਮ ਦੁਆਰਾ ਇਕ ਮਨੁੱਖ ਦੇ ਲੜਨ, ਭਿੜਨ ਅਤੇ ਸੰਘਰਸ਼ ਕਰਨ ਦੀਆਂ ਸੀਮਾਵਾਂ ਨੂੰ ਮਿੱਥਦਾ ਹੈ ਅਤੇ ਬੰਦੇ ਨੂੰ ਉਸਦੇ ਸੁੱਖਾਂ ਦੁੱਖਾਂ ਦੀਆਂ ਹੱਦਾਂ ਵਿਚ ਚਿਤਰਦਾ ਹੈ। ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦੇ ਦਿਹਾਤੀ ਸਮਾਜ ਵਿਚ ਪਰਵਾਸੀ ਮਜ਼ਦੂਰਾਂ ਦੀ ਆਮਦ ਦੇ ਬਹੁਪਾਸਾਰੇ ਪ੍ਰਭਾਵ ਚਿਤਰਦੀਆਂ ਕਹਾਣੀਆਂ 'ਸ਼ਿਵ ਜੀ ਡੋਲ ਗਏ' ਅਤੇ 'ਅੱਖਾਂ 'ਚੋਂ ਡਿਗਦਾ ਹੰਝੂ' ਹਨ। ਪਰਵਾਸੀ ਨੌਕਰ ਸ਼ਿਵ ਆਪਣੇ ਜ਼ਿਮੀਂਦਾਰ ਮਾਲਕ ਦੀ ਧੀ ਬਿੱਲੋ ਨਾਲ ਪਿਆਰ ਵਿਆਹ ਕਰਵਾਉਂਦਾ ਹੈ। ਇਹ ਵਿਆਹ ਜ਼ਿਮੀਂਦਾਰ ਗੱਜਣ ਸਿੰਘ ਦੀ ਸਮਾਜਕ ਸਰਦਾਰੀ ਵਾਲੇ ਬਿੰਬ ਨੂੰ ਤੋੜ ਦਿੰਦਾ ਹੈ ਜਿਸ ਤੋਂ ਉਭਰਨ ਲਈ ਉਹ ਬਿੱਲੋ ਅਤੇ ਸ਼ਿਵ ਨੂੰ ਯੂ.ਪੀ. ਭੇਜ ਕੇ ਸੁਰਖਰੂ ਹੋਣ ਦਾ ਯਤਨ ਕਰਦਾ ਹੈ। ਇਹ ਕਹਾਣੀ ਲੇਖਕ ਦੇ ਮਨਇੱਛਤ ਯਥਾਰਥ ਵਾਲੀ ਅਤੇ ਕਈ ਗ਼ੈਰ ਵਿਸ਼ਵਾਸਯੋਗ ਵੇਰਵਿਆਂ ਵਾਲੀ ਹੈ। ਇਸੇ ਤਰ੍ਹਾਂ 'ਅੱਖਾਂ 'ਚੋਂ ਡਿਗਦਾ ਹੰਝੂ' ਕਹਾਣੀ ਵਿਚ ਲੇਖਕ ਪਰਵਾਸੀ ਔਰਤ ਗੁਲਾਬੋ ਅਤੇ ਆਪਣੇ ਨਾਨਕਾ ਪਰਿਵਾਰ ਰਹਿੰਦੇ ਨੌਜਵਾਨ ਦਲਬੀਰ ਦਾ ਵਿਆਹ ਕਰਵਾ ਕੇ ਸਮਾਜ ਦੇ ਹਾਸ਼ੀਅਤ ਪਾਤਰਾਂ ਦੀ

ਇਕਜੁੱਟਤਾ ਵਾਲੀ ਗਲਪੀ ਦ੍ਰਿਸ਼ਟੀ ਸਿਰਜਦਾ ਹੈ। ਇਹ ਕਹਾਣੀਆਂ ਆਪਣੇ ਮੰਤਵੀ ਲਹਿਜੇ ਵਿਚ ਲੇਖਕ ਦੀ ਮਾਨਵਵਾਦੀ ਸੁਰ ਦੀ ਸ਼ਾਅਦੀ ਭਰਦੀਆਂ ਹਨ।

ਜੋਗੇ ਭੰਗਲ ਦੀਆਂ ਕਹਾਣੀਆਂ ਦਾ ਇਕ ਥੀਮ ਮਨੁੱਖ ਦੀ ਕਹਿਣੀ ਕਰਨੀ ਦੇ ਅੰਤਰ ਵਾਲੀ ਰੂੜ੍ਹੀ ਨੂੰ ਚਿਤਰਨ ਦਾ ਵੀ ਹੈ। 'ਖੁਦ ਨੂੰ ਸਮਝੇ ਸਾਨ੍ਹ ਜੋ' ਕਹਾਣੀ ਵਿਚ ਪੁਲਸੀਆ ਪਾਤਰ ਦੀ ਅਖੌਤੀ ਚੜ੍ਹਤ ਉਸ ਸਮੇਂ ਢਹਿ ਢੇਰੀ ਹੋ ਜਾਂਦੀ ਹੈ ਜਦੋਂ ਉਹ ਆਪਣੀ ਸਰੀਰਕ ਸਮਰੱਥਾ ਦਾ ਦਾਅਵਾ ਕਰਦਾ ਹੋਇਆ ਇਕ ਡਾਕਟਰ ਕੋਲ਼ ਆਪਣੀ ਪੋਲ ਖੁਲ੍ਹਾ ਲੈਂਦਾ ਹੈ। 'ਮੱਛਰ' ਕਹਾਣੀ ਨੌਕਰੀਪੇਸ਼ਾ ਜੀਵਨ ਵਾਲੇ ਮੱਧਵਰਗੀ ਪਾਤਰ ਰਮੇਸ਼ ਨਾਲ ਹੋਈ ਠੱਗੀ ਦੀ ਦਾਸਤਾਨ ਹੈ। ਇਸੇ ਤਰ੍ਹਾਂ 'ਜਿੱਤ ਜਿਹੀ ਇਹ ਹਾਰ' ਕਹਾਣੀ ਮਨੁੱਖੀ ਸੁਭਾਅ ਦੇ ਦੋ ਪਾਸਿਆਂ ਨੂੰ ਸੰਤਾ ਸਿੰਘ ਅਤੇ ਮੇਵਾ ਸਿੰਘ ਦੀ ਵਾਰਤਾਲਾਪ ਦੁਆਰਾ ਪੇਸ਼ ਕਰਦੀ ਹੈ। ਸੰਤਾ ਸਿੰਘ ਵਹਿਮੀ ਕਿਸਮ ਦਾ ਅਤੇ ਅਫਵਾਹਾਂ ਫੈਲਾਉਣ ਵਾਲਾ, ਜਦਕਿ ਮੇਵਾ ਸਿੰਘ ਤਾਰਕਿਕ ਅਤੇ ਚਿੰਤਨੀ ਸੁਭਾਅ ਵਾਲਾ ਪਾਤਰ ਹੈ। ਲੇਖਕ ਦੋਵਾਂ ਦੀ ਬਹਿਸਬਾਜ਼ੀ ਭਰੀ ਗੱਲਬਾਤ ਨੂੰ ਕਹਾਣੀ ਦੀ ਕੇਂਦਰੀ ਕਥਾ ਜੁਗਤ ਬਣਾ ਕੇ ਪੇਸ਼ ਕਰਦਾ ਹੈ। ਪੁਸਤਕ ਦੀ ਕਹਾਣੀ 'ਰੇਲ' ਇਕ ਅਬਲਾ ਲੜਕੀ ਨਾਲ ਹੋਏ ਜਬਰ ਜਨਾਹ ਦੀ ਦਾਸਤਾਨ ਹੈ। ਉਕਤ ਲੜਕੀ ਆਪਣੇ ਨਾਲ ਹੋਏ ਜਬਰ ਜਨਾਹ ਤੋਂ ਬਾਅਦ ਅਬਲਾ ਦੀ ਥਾਂ ਆਪਣੇ ਹੱਕਾਂ ਲਈ ਲੜਨ ਭਿੜਨ ਵਾਲੇ ਜੁਝਾਰੂ ਬਿੰਬ ਵਾਲੀ ਬਣ ਜਾਂਦੀ ਹੈ। ਲੇਖਕ ਇਸ ਵਰਤਾਰੇ ਨੂੰ ਚਿੜੀ ਦੀ ਥਾਂ ਬਾਜ਼ ਬਣਨ ਵਾਲੇ ਰੂਪਕ ਨਾਲ ਪੇਸ਼ ਕਰਦਾ ਹੈ।

ਲੇਖਕ ਦੀਆਂ ਕਹਾਣੀਆਂ ਵਿਚ ਪਾਤਰਾਂ ਦਾ ਆਪਣਾ ਨਿਆਰਾ ਸਥਾਨ ਹੈ। ਉਹ ਅਨਾਥ ਬੱਚਿਆਂ, ਪਰਵਾਸੀਆਂ, ਅਬਲਾ ਔਰਤਾਂ ਅਤੇ ਹੋਰ ਹਾਸ਼ੀਆਗ੍ਰਸਤ ਪਾਤਰਾਂ ਦੀ ਸੰਵੇਦਨਾ ਨੂੰ ਆਪਣੇ ਗਲਪੀ ਬੋਧ ਦਾ ਹਿੱਸਾ ਬਣਾਉਂਦਾ ਹੈ। ਉਸਦੇ ਇਹ ਪਾਤਰ ਪ੍ਰਤੀਕੂਲ ਹਾਲਾਤ ਵਿਚ ਵੀ ਆਪਣੇ ਜੀਣ ਥੀਣ ਦੀ ਸਪੇਸ ਤਲਾਸ਼ ਲੈਂਦੇ ਹਨ। ਲੇਖਕ ਕੋਲ਼ ਆਪਣੇ ਕਥਾ ਬਿਰਤਾਂਤ ਦੀ ਉਸਾਰੀ ਦਾ ਮੌਲਿਕ ਹੁਨਰ ਹੈ। ਪਿੱਛਲਝਾਤ ਦੀ ਕਥਾ ਜੁਗਤ ਦੇ ਨਾਲ ਨਾਲ ਦੋਆਬੇ ਦੀ ਆਂਚਲਿਕ ਭਾਸ਼ਾ ਲੇਖਕ ਦੇ ਕਥਾ ਸ਼ਿਲਪ ਦੇ ਪਛਾਨਣਯੋਗ ਪਹਿਲੂ ਹਨ। ਲਕੀਰੀ ਕਥਾ ਕ੍ਰਮ, ਸੂਚਨਾਵੀ ਬਿਰਤਾਂਤ ਅਤੇ ਨਾਟਕੀਯਤਾ ਦੇ ਅੰਸ਼ ਜੋਗੇ ਭੰਗਲ ਦੀ ਕਹਾਣੀ ਨੂੰ ਪੜ੍ਹਨਯੋਗ ਬਣਾਉਂਦੇ ਤੱਤ ਹਨ। ਲੇਖਕ ਆਦਰਸ਼ਵਾਦ, ਮਾਨਵਵਾਦ ਅਤੇ ਨਾਰੀਵਾਦ ਦੇ ਮਿੱਸ ਵਾਲੇ ਕਥਾ ਬਿੰਬਾਂ ਦੀ ਉਸਾਰੀ ਕਰਦਾ ਸੁਖਾਂਤਕ ਅੰਤ ਵਾਲੇ ਕਥਾ ਬਿੰਬ ਸਿਰਜਦਾ ਹੈ। ਜੋਗੇ ਭੰਗਲ ਦਾ ਇਹ ਕਥਾ ਸੰਗ੍ਰਿਹ ਸੰਵਾਦਮਈ ਹੈ ਜਿਸਦੇ ਲਈ ਉਹ ਵਧਾਈ ਦਾ ਹੱਕਦਾਰ ਹੈ। **-ਜੇ. ਬੀ. ਸੇਖੋਂ**

## ਥੈਂਕ ਯੂ ਬਾਪੂ (ਕਹਾਣੀ ਸੰਗ੍ਰਹਿ) ਬਲਬੀਰ ਪਰਵਾਨਾ

ਬਲਬੀਰ ਪਰਵਾਨਾ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਵਿਸ਼ੇਸ਼ ਵਿਚਾਰਧਾਰਕ ਪਛਾਣ ਨਾਲ ਕਾਰਜਸ਼ੀਲ ਹੈ। ਪਰਵਾਨਾ ਨੇ ਇਹ ਪਛਾਣ ਲੰਬੇ ਸਮੇਂ ਵਿਚ ਹਾਸਿਲ ਕੀਤੀ ਹੈ। ਆਮ ਤੌਰ 'ਤੇ ਅਸੀਂ ਦੇਖਦੇ ਹਾਂ ਕਿ ਜਦੋਂ ਕੋਈ ਲੇਖਕ ਕਹਾਣੀ ਤੋਂ ਨਾਵਲ ਨਿਗਾਰੀ ਵੱਲ ਚਲਾ ਜਾਂਦਾ ਹੈ ਤਾਂ ਉਸਦੀ ਕਹਾਣੀ ਰਚਨਾ ਘਟ ਜਾਂਦੀ ਹੈ ਪਰ ਬਲਬੀਰ ਪਰਵਾਨਾ ਅੱਜ ਵੀ ਕਹਾਣੀ ਦੇ ਖੇਤਰ ਵਿਚ ਕਾਰਜਸ਼ੀਲ ਹੈ। ਹੱਥਲਾ ਕਹਾਣੀ ਸੰਗ੍ਰਹਿ (ਪੀਪਲਜ਼ ਫੋਰਮ ਬਰਗਾੜੀ, ਮੁੱਲ 150 ਰੁਪਏ, ਪੰਨੇ120) ਇਸੇ ਗੱਲ ਦਾ ਜ਼ਾਮਨ ਹੈ। ਵੱਖ-ਵੱਖ ਥਾਵਾਂ 'ਤੇ ਛਪੀਆਂ ਇਹ ਕਹਾਣੀਆਂ ਸਮਕਾਲੀ ਯਥਾਰਥ ਦੀ ਪੇਸ਼ਕਾਰੀ ਨਾਲ ਜੁੜੀਆਂ ਹੋਈਆਂ ਹਨ। ਸਮਕਾਲੀ ਯਥਾਰਥ ਦੀਆਂ ਅਨੇਕਾਂ ਤੈਹਾਂ ਹਨ। ਹਰ ਇਕ ਤੈਹ ਦੀਆਂ ਅੱਗੋਂ ਅਨੇਕਾਂ ਉਪ ਤੈਹਾਂ। ਇਹ ਕਹਾਣੀਆਂ ਬਹੁਤ ਸਾਰੀਆਂ ਤੈਹਾਂ ਨੂੰ ਫਰੋਲਦੀਆਂ ਨਜ਼ਰ ਆਉਂਦੀਆਂ ਹਨ।

ਹਾਸ਼ੀਆਗਤ ਧਿਰਾਂ ਬਾਰੇ ਸਾਡੇ ਸਮੀਕਰਨ ਅਕਸਰ ਪਰੰਪਰਕ ਵਿਚਾਰਾਂ ਦੇ ਅਨੁਸਾਰੀ ਹਨ।

ਜਦੋਂ ਅਸੀਂ ਹਾਸ਼ੀਆਗਤ ਧਿਰਾਂ ਦੀ ਗੱਲ ਕਰਦੇ ਹਾਂ ਤਾਂ ਇਸ ਵਿਚ ਆਰਥਿਕ ਪੱਖ ਤੋਂ ਸਾਧਨ ਹੀਣ ਦਲਿਤ ਵਰਗ, ਮਰਦ ਸੱਤਾ ਦੀ ਅਧੀਨਗੀ ਹੰਢਾਉਂਦੀ ਔਰਤ, ਸਮਾਜ ਦੀ ਮੁੱਖ ਧਾਰਾ ਤੋਂ ਬਾਹਰ ਰੱਖੇ ਜਾਣ ਵਾਲੇ ਹੀਜੜੇ, ਛੜੇ ਆਦਿ ਵਰਗਾਂ ਨੂੰ ਇਸ ਮਦ ਵਿਚ ਰਖਿਆ ਜਾਂਦਾ ਹੈ। ਸਮਕਾਲੀ ਯਥਾਰਥ ਵਿਚ ਹਾਸ਼ੀਆਗਤ ਧਿਰਾਂ ਦੇ ਪਰਿਭਾਸ਼ਾ ਕੋਸ਼ ਵਿਚ ਨਵੀਆਂ ਧਿਰਾਂ ਜੁੜ ਰਹੀਆਂ ਹਨ। ਪਰਵਾਨਾ ਦੇ ਇਸ ਸੰਗ੍ਰਹਿ ਦੀਆਂ ਕੁਝ ਕਹਾਣੀਆਂ ਅਜਿਹੀਆਂ ਹਾਸ਼ੀਆਗਤ ਧਿਰਾਂ ਦੀ ਵੇਦਨਾ ਉਭਾਰਦੀਆਂ ਹਨ। ਕਹਾਣੀ 'ਕਤਰਾ-ਕਤਰਾ ਮੌਤ' ਦਾ ਗੁਰਦੀਸ਼ ਇਸੇ ਹੀ ਤ੍ਰਿਸਕਾਰੀ ਧਿਰ ਵਜੋਂ ਉਭਰਿਆ ਹੈ। ਪਤਨੀ ਦੇ ਚਰਿੱਤਰਕ ਖਾਸੇ ਤੋਂ ਦੁਖੀ ਗੁਰਦੀਸ਼ ਦੀ ਵੇਦਨਾ ਨੂੰ ਸਮਝਣ ਵਾਲਾ ਕੋਈ ਨਹੀਂ। ਜਿਸ ਦਫ਼ਤਰ ਵਿਚ ਉਹ ਨੌਕਰੀ ਕਰਦਾ ਹੈ ਉਥੋਂ ਵੀ ਤ੍ਰਿਸਕਾਰਿਆ ਜਾਂਦਾ ਹੈ। ਉਹ ਸਾਧਾਰਨ ਕਿਸਮ ਦਾ ਸੰਵੇਦਨਸ਼ੀਲ ਇਨਸਾਨ ਹੈ ਜਿਸਨੂੰ ਬਹੁਗਿਣਤੀ ਸਮਾਜ 'ਸਿੱਧ ਪੱਧਰਾ' ਦਾ ਲਕਬ ਦਿੰਦਾ ਹੈ। ਮਰਦਾਵੀਂ ਗੜਸ ਨਾ ਹੋਣ ਕਾਰਨ ਉਸਦੀ ਪਤਨੀ ਮਾਲਤੀ ਉਸਤੋਂ ਨਾਬਰ ਹੋ ਜਾਂਦੀ ਹੈ। ਮਾਲਤੀ ਦੀ ਇਹ ਨਾਬਰੀ ਪੁਰਸ਼ ਸੱਤਾ ਤੋਂ ਬਗ਼ਾਵਤ ਲਈ ਨਹੀਂ ਬਲਕਿ ਆਪਣੀ ਦੇਹ ਸੁੱਖ ਨਾਲ ਜੁੜੀ ਹੋਈ ਹੈ। ਇਸਨੂੰ ਠੀਕ ਨਾ ਕਰ ਸਕਣ ਦੇ ਅਸਮਰੱਥ ਉਹ ਖੁਦਕੁਸ਼ੀ ਕਰ ਜਾਂਦਾ ਹੈ।

'ਇੱਕ ਸੱਚੇ ਕਾਮਰੇਡ ਦਾ ਇਕਲਾਪਾ' ਕਹਾਣੀ ਨੂੰ ਇਸੇ ਵੇਦਨਾ ਤੋਂ ਸਮਝਣ ਦੀ ਲੋੜ ਹੈ। ਕਮਿਊਨਿਸਟ ਪਾਰਟੀਆਂ ਦੀ ਲੋਕਾਂ ਲਈ ਕੰਮ ਕਰਨ ਵਾਲੀ ਆਭਾ ਧੁੰਦਲੀ ਪੈ ਗਈ ਹੈ। ਪਾਰਟੀ ਵਿਚ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਕਾਡਰ ਦੀ ਥਾਂ ਸੱਤਾ ਨਾਲ ਸਾਂਝ ਪਾ ਕੇ ਚੱਲਣ ਵਾਲੇ ਅਖੌਤੀ ਲੀਡਰਾਂ ਦਾ ਪ੍ਰਭਾਵ ਵਧੇਰੇ ਹੈ। ਕਹਾਣੀ ਦਾ ਬਿਰਤਾਂਤਕਾਰ ਆਪਣੇ ਸਿਧਾਂਤਾਂ ਕਾਰਨ ਇਕੱਲਾ ਰਹਿ ਜਾਂਦਾ ਹੈ ਜਦਕਿ ਕਾਮਰੇਡ ਗੁਰਦੇਵ ਵਰਗੇ ਸਰਮਾਏਦਾਰਾਂ ਨਾਲ ਸਾਂਝ ਪਾ ਕੇ ਸੱਤਾ ਦਾ ਸੁਖ ਮਾਣਦੇ ਹਨ। ਸੱਚੇ ਕਾਮਰੇਡਾਂ ਦਾ ਹਾਸ਼ੀਏ ਤੋਂ ਬਾਹਰ ਰਹਿ ਜਾਣਾ ਦੁਖਦਾਈ ਹੈ। ਕਮਿਊਨਿਸਟ ਪਾਰਟੀਆਂ ਵਿਚ ਅਜਿਹੇ ਵਰਤਾਰੇ ਕਾਰਨ ਉਹ ਖੁਦ ਹਾਸ਼ੀਏ 'ਤੇ ਚਲੀਆਂ ਗਈਆਂ ਹਨ। ਕਮਿਊਨਿਸਟ ਪਾਰਟੀਆਂ ਦੇ ਲੀਡਰਾਂ ਤੇ ਕਾਡਰਾਂ ਨਾਲ ਵਿਚਰਦੇ ਰਹਿਣ ਕਾਰਨ ਬਲਬੀਰ ਪਰਵਾਨਾ ਕੋਲ਼ ਵਿਸ਼ਾਲ ਅਨੁਭਵ ਹੈ। ਇਸ ਅਨੁਭਵ ਵਿਚੋਂ ਜਿੱਥੇ ਕਮਿਊਨਿਸਟ ਪਾਰਟੀਆਂ ਦੇ ਪਤਨ ਦੇ ਕਾਰਨ ਸਪੱਸ਼ਟ ਹੁੰਦੇ ਹਨ ਉਥੇ ਵਿਚਾਰਧਾਰਕ ਪ੍ਰਤੀਬੱਧਤਾ ਨਾਲ ਗੜੁੰਦ ਕਿਰਦਾਰਾਂ ਦੀ ਝਲਕ ਵੀ ਮਿਲਦੀ ਹੈ। 'ਇਨਕਾਰ' ਕਹਾਣੀ ਦਾ ਮੁੱਖ ਪਾਤਰ ਪ੍ਰੋਫ਼ੈਸਰ ਕਰਨ ਇਸੇ ਪ੍ਰਤੀਬੱਧਤਾ ਕਾਰਨ ਨਿਰਾਸ਼ਾਮਈ ਮਾਹੌਲ ਵਿਚ ਵੀ ਆਸਵੰਦ ਰਹਿੰਦਾ ਹੈ। ਜਦੋਂ ਸੱਤਾ ਦਾ ਭਾਰੂ ਬਿਰਤਾਂਤ ਲਿਖਣ ਅਤੇ ਬੋਲਣ 'ਤੇ ਵੀ ਪਾਬੰਦੀ ਲਾਉਣ ਲੱਗ ਪਵੇ ਤਾਂ ਅਜਿਹੇ ਦੌਰ ਵਿਚ ਆਪਣੀ ਵਿਚਾਰਧਾਰਾ 'ਤੇ ਅਡੋਲ ਪਹਿਰਾ ਦੇਣਾ ਬਹੁਤ ਔਖਾ ਕਾਰਜ ਹੁੰਦਾ ਹੈ। ਪ੍ਰੋਫ਼ੈਸਰ ਕਰਨ ਇਸ ਲਈ ਰੋਲ ਮਾਡਲ ਸਿਰਜਦਾ ਹੈ। ਮੱਧ ਵਰਗ ਹਮੇਸ਼ਾ ਆਪਣੀਆਂ ਅਕਾਂਖਿਆਵਾਂ ਨੂੰ ਵਿਸਥਾਰਨ ਵਿਚ ਲੱਗਾ ਰਹਿੰਦਾ ਹੈ। ਚੰਗੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਚੰਗਾ ਜੀਵਨ ਜਿਉਣ ਦੀ ਰੁਚੀ ਮੱਧਵਰਗੀ ਖਾਸਾ ਹੈ। ਪ੍ਰੋਫ਼ੈਸਰ ਇਸ ਮਿੱਥ ਨੂੰ ਉਲਟਾਉਂਦਾ ਹੈ। ਉਹ ਸੇਵਾ ਮੁਕਤ ਹੋਣ ਉਪਰੰਤ ਪਿੰਡ ਆ ਕੇ ਰਹਿਣ ਲੱਗ ਜਾਂਦਾ ਹੈ ਅਤੇ ਜ਼ਹਿਰ/ਕੀਟ ਨਾਸ਼ਕ ਮੁਕਤ ਔਰਗੈਨਿਕ ਖੇਤੀ ਮਾਡਲ ਨੂੰ ਅਪਣਾਉਂਦਾ ਹੈ ਅਤੇ ਨਾਲ ਦੀ ਨਾਲ ਪਿੰਡ ਦੇ ਲੋਕਾਂ ਨੂੰ ਚੇਤਨ ਕਰਨ ਦਾ ਕਾਰਜ ਕਰਦਾ ਹੈ। ਲੋਕ ਚੇਤਨਾ ਦੇ ਪੱਖ ਤੋਂ ਇਹ ਅਹਿਮ ਮਾਡਲ ਹੈ।

ਸਮਕਾਲੀ ਦੌਰ ਵਿਚ ਰਿਸ਼ਤਿਆਂ ਦਾ ਜੋ ਖਾਸਾ ਸਾਹਮਣੇ ਆ ਰਿਹਾ ਹੈ ਉਹ ਸਾਡੀ ਸਮਾਜਕ ਸੰਰਚਨਾ ਲਈ ਖਤਰਨਾਕ ਹੈ। ਅਸੀਂ ਬੇਸ਼ੱਕ ਪੂੰਜੀ ਨੂੰ ਇਸਦਾ ਮੁੱਖ ਕਾਰਨ ਸਵੀਕਾਰਦੇ ਹੋਏ ਇਸਦੇ ਅਨੇਕਾਂ ਪੱਖਾਂ 'ਤੇ ਵਿਚਾਰ ਚਰਚਾ ਕਰਦੇ ਰਹਿੰਦੇ ਹਾਂ ਪਰ ਜਿਹੜੇ ਵਰਗਾਂ ਵਿਚ ਪੂੰਜੀ ਦਾ ਮਸਲਾ ਨਹੀਂ ਉਹਨਾਂ ਵਰਗਾਂ ਵਿਚ ਵੀ ਰਿਸ਼ਤਿਆਂ ਦਾ ਪਾੜਾ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਸਾਹਿਤ ਦੀ ਹਰ ਵਿਧਾ ਵਿਚ ਇਸਨੂੰ ਵੱਖ-ਵੱਖ ਪਹਿਲੂਆਂ ਤੋਂ ਪੇਸ਼ ਕੀਤਾ ਜਾਂਦਾ ਰਿਹਾ ਹੈ।

ਬਲਬੀਰ ਪਰਵਾਨਾ ਨੇ 'ਥੈਂਕ ਯੂ ਬਾਪੂ' ਤੇ 'ਆਸ ਨਿਰਾਸ਼' ਕਹਾਣੀਆਂ ਵਿਚ ਖ਼ੂਨ ਦੇ ਰਿਸ਼ਤਿਆਂ ਹੱਥੋਂ ਤ੍ਰਿਸਕਾਰੇ ਜਾਣ ਵਾਲੇ ਮਾਪਿਆਂ ਦਾ ਦੁਖਾਂਤ ਸਿਰਜਿਆ ਹੈ। ਸਮਕਾਲੀ ਦੌਰ ਵਿਚ ਆਪਣੇ ਬੱਚਿਆਂ ਕੋਲੋਂ ਗ਼ੈਰ ਮਨੁੱਖੀ ਵਿਵਹਾਰ ਝੱਲ ਰਹੇ ਬਜ਼ੁਰਗਾਂ ਦੀ ਧਿਰ ਬਹੁਤ ਵੱਡੇ ਪੱਧਰ 'ਤੇ ਹਾਸ਼ੀਆਗਤ ਵਰਗਾਂ ਦੀ ਪਰਿਭਾਸ਼ਾ ਵਿਚ ਸ਼ਾਮਲ ਹੋ ਰਹੀ ਹੈ।ਇਸ ਪੱਖ ਤੋਂ 'ਥੈਂਕ ਯੂ ਬਾਪੂ' ਕਹਾਣੀ ਦਾ ਬਿਰਤਾਂਤ ਅਤਿ ਭਾਵੁਕ ਹੈ। ਜਦ ਔਲਾਦ ਲਈ ਮਾਂ-ਬਾਪ ਬੋਝ ਲੱਗਣ ਲੱਗ ਜਾਣ ਅਤੇ ਉਹਨਾਂ ਦੀ ਮੌਤ ਹੋ ਜਾਣ 'ਤੇ ਔਲਾਦ ਪ੍ਰਸੰਨਤਾ ਮਹਿਸੂਸ ਕਰੇ ਤਾਂ ਇਸ ਦੌਰ ਨੂੰ ਸਮਾਜਕ ਵਿਕਾਸ ਦਾ ਦੌਰ ਨਹੀਂ ਬਲਕਿ ਵਿਨਾਸ਼ ਦਾ ਦੌਰ ਸਮਝਿਆ ਜਾਣਾ ਚਾਹੀਦਾ ਹੈ।

ਇਹ ਦੌਰ ਸਰਮਾਏ ਦੀ ਖਿੱਚ ਅਤੇ ਸਵੈ ਕੇਂਦਰਤ ਹੋ ਰਹੀ ਸੋਚ ਦਾ ਦੌਰ ਹੈ। ਉਕਤ ਵਰਣਿਤ ਹਾਸ਼ੀਆਗਤ ਵਰਗਾਂ ਦੀਂ ਹੋਂਦ ਦਾ ਇਕ ਕਾਰਨ ਜਿੱਥੇ ਆਰਥਿਕਤਾ ਹੈ ਉਥੇ ਦੂਜਾ ਵੱਡਾ ਕਾਰਨ ਮਨੁੱਖ ਦਾ ਸਵੈ ਕੇਂਦਰਤ ਹੋਣਾ ਹੈ। 'ਆਤਮ ਸੰਮੋਹਨ' ਕਹਾਣੀ ਇਸੇ ਸਵੈ ਕੇਂਦਰਤ ਮਨੁੱਖ ਦੀ ਗੱਲ ਕਰਦੀ ਹੈ। ਸਰਮਾਏ ਦੀ ਚਕਾਚੌਂਧ ਵਿਚ ਗੁਆਚਿਆ ਮਨੁੱਖ ਇਸ ਕਦਰ ਸਵੈ ਕੇਂਦਰਤ ਹੋ ਜਾਂਦਾ ਹੈ ਕਿ ਉਹ ਰਿਸ਼ਤਿਆਂ ਦੀ ਪਛਾਣ ਤੋਂ ਇਨਕਾਰੀ ਹੋ ਜਾਂਦਾ ਹੈ। ਕਹਾਣੀ ਵਿਚਲਾ ਦੰਪਤੀ ਜੋੜਾ ਇਸੇ ਬਿਰਤੀ ਦਾ ਲਖਾਇਕ ਹੈ। ਉਹਨਾਂ ਨੂੰ ਆਪਣੇ ਨਾਲ ਜੁੜੇ ਰਿਸ਼ਤਿਆਂ ਨਾਲ ਕੋਈ ਲਗਾਵ ਨਹੀਂ ਹੈ।

'ਡਬਲ ਲੇਨ' ਕਹਾਣੀ ਸਾਧਾਰਨ ਕਿਸਾਨ ਜਸਪਾਲ ਸਿੰਘ ਦਾ ਗੂੜ੍ਹ ਦੁਖਾਂਤ ਹੈ। ਕਹਾਣੀ ਦਾ ਬਿਰਤਾਂਤ ਜਸਪਾਲ ਦੇ ਜਨਮ ਤੋਂ ਲੈ ਕੇ ਚਾਲ਼ੀ-ਪੰਜਾਹ ਕੁ ਸਾਲ ਦੇ ਵਕਫੇ ਤਕ ਫੈਲਿਆ ਹੋਇਆ ਹੈ। ਉਸਏ ਜੀਵਨ ਵਿਕਾਸ ਵਿਕਾਸ ਦੇ ਨਾਲ ਨਾਲ ਪੰਜਾਬ ਦਾ ਆਰਥਿਕ ਤੇ ਸਿਆਸੀ ਵਿਕਾਸ ਵੀ ਪੇਸ਼ ਹੋਇਆ ਹੈ। ਬਦਲਦੇ ਸਮਾਜਕ ਯਥਾਰਥ ਵਿਚ ਜਸਪਾਲ ਆਪਣੇ ਲਈ ਬਿਹਤਰ ਜੀਵਨ ਜਾਚ ਨਹੀਂ ਜੁਟਾ ਪਾਉਂਦਾ। ਕਹਾਣੀ ਵਿਚ ਪੇਸ਼ ਐਨੇ ਸਾਲਾਂ ਦੇ ਇਸ ਬਿਰਤਾਂਤ ਵਿਚ ਪਰਿਵਾਰ ਲਈ ਇਕ ਵੀ ਪਲ ਖ਼ੁਸ਼ੀਆਂ ਦਾ ਨਹੀਂ ਆਉਂਦਾ। ਵਾਰ-ਵਾਰ ਪੇਸ਼ ਹੁੰਦਾ ਘੋਰ ਦੁਖਾਂਤ ਮਨ ਵਿਚ ਨਿਰਾਸ਼ਾ ਪੈਦਾ ਕਰ ਦਿੰਦਾ ਹੈ। ਦੇਖਿਆ ਜਾਵੇ ਤਾਂ ਇਹ ਵੀ ਯਥਾਰਥ ਹੈ ਪਰ ਬਿਰਤਾਂਤਕਾਰ ਨੂੰ ਘੋਰ ਦੁਖਾਂਤ ਵਿਚੋਂ ਵੀ ਸੁਖਾਂਤਕ ਤੇ ਆਸ਼ਾਵਾਦੀ ਪਲ ਕੱਢ ਕੇ ਲਿਆਉਣੇ ਚਾਹੀਦੇ ਹਨ, ਜਿਸ ਨਾਲ ਜ਼ਿੰਦਗੀ ਨੂੰ ਜਿਉਣ ਦਾ ਉਤਸ਼ਾਹ ਬਣਿਆ ਰਹਿ ਸਕੇ। ਇਸ ਪੱਖ ਤੋਂ ਇਹ ਕਹਾਣੀ ਥੋੜ੍ਹੀ ਕਮਜ਼ੋਰ ਜਾਪਦੀ ਹੈ। ਇਸੇ ਨਾਲ ਜੁੜਦੀ ਇਕ ਹੋਰ ਕਹਾਣੀ 'ਉਸਨੇ ਮਰ ਹੀ ਜਾਣਾ ਸੀ' ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ। ਹਰ ਮਨੁੱਖ ਦੀ ਸ਼ਖ਼ਸੀਅਤ ਵਿਚ ਚੰਗੇ ਤੇ ਬੁਰੇ ਵਿਚਾਰਾਂ ਦਾ ਸਮਤੋਲ ਹੁੰਦਾ ਹੈ। ਕਈ ਵਾਰ ਇਕ ਗ਼ਲਤ ਫੈਸਲਾ ਉਸਨੂੰ ਬਰਬਾਦੀ ਵੱਲ ਧੱਕ ਦਿੰਦਾ ਹੈ। ਕਹਾਣੀ ਦਾ ਕੇਂਦਰੀ ਪਾਤਰ ਹਰਜੀਤ ਇਕ ਤਰਫ਼ਾ ਪਿਆਰ ਵਿਚ ਆਪਣੇ ਆਪ ਨੂੰ ਬਰਬਾਦੀ ਦੇ ਰਾਹ ਤੋਰ ਲੈਂਦਾ ਹੈ। ਇਸ ਕਹਾਣੀ ਦਾ ਨਾਮ 'ਡਬਲ ਲੇਨ' ਹੋਣਾ ਚਾਹੀਦਾ ਸੀ। ਹਰਜੀਤ ਆਪਣੀ ਸਹੀ ਲੇਨ ਤੋਂ ਭਟਕ ਕੇ ਦੂਜੀ ਲੇਨ ਵਿਚ ਚਲਾ ਜਾਂਦਾ ਹੈ ਤਾਂ ਉਸਦੀ ਜ਼ਿੰਦਗੀ ਦੀ ਗੱਡੀ ਦਿਸ਼ਾਹੀਣ ਹੋ ਜਾਂਦੀ ਹੈ। ਇਸੇ ਤਰ੍ਹਾਂ 'ਡਬਲ ਲੇਨ' ਕਹਾਣੀ ਦਾ ਜਸਪਾਲ ਆਪਣੀਆਂ ਸਮੱਸਿਆਵਾਂ ਤੋਂ ਨਿਰਾਸ਼ ਹੋਇਆ ਮਰਨ ਬਾਰੇ ਸੋਚਦਾ ਹੈ ਤਾਂ ਇਸ ਕਹਾਣੀ ਦਾ ਨਾਮਕਰਨ 'ਉਸਨੇ ਮਰ ਹੀ ਜਾਣਾ ਸੀ' ਵਧੇਰੇ ਢੁੱਕਵਾਂ ਬਣ ਜਾਣਾ ਸੀ।

'ਪ੍ਰੇਤ ਛਾਇਆ' ਕਹਾਣੀ ਪੜ੍ਹਦਿਆਂ ਦੈਰਿਦਾ ਦੀ ਲਿਖਤ 'ਮਾਰਕਸ ਦੇ ਪ੍ਰੇਤ' ਯਾਦ ਆ ਗਈ ਜਿਸ ਵਿਚ ਉਹ ਮਾਰਕਸ ਤੇ ਉਸਦੇ ਉਤਰਾਧਿਕਾਰੀਆਂ ਨੂੰ ਚਿੰਤਨ ਤੇ ਵਿਚਾਰਧਾਰਾ ਦੇ ਪੱਖ ਤੋਂ ਅਜਿਹੇ ਪ੍ਰੇਤ ਆਖਦਾ ਹੈ ਜਿਹੜੇ ਇਕ ਵਾਰ ਚੁੰਬੜ ਜਾਣ 'ਤੇ ਆਸਾਨੀ ਨਾਲ ਖਹਿੜਾ ਨਹੀਂ ਛੱਡਦੇ। ਇਸ ਕਹਾਣੀ ਵਿਚ ਬਿਰਤਾਂਤਕਾਰ ਨੇ ਚਿੰਤਨ ਨੂੰ ਅਜਿਹਾ ਹੀ ਪ੍ਰੇਤ ਮੰਨਿਆ ਹੈ। ਜਿਸ ਨੂੰ ਚਿੰਤਨ ਦਾ ਇਹ ਪ੍ਰੇਤ ਚੁੰਬੜ ਜਾਂਦਾ ਹੈ ਉਸਨੂੰ ਹੋਰ ਕੁਝ ਚੰਗਾ ਲੱਗਣੋ ਹਟ ਜਾਂਦਾ ਹੈ। ਕਹਾਣੀ ਦੇ ਮੁੱਖ ਪਾਤਰ ਪ੍ਰੋਫ਼ੈਸਰ ਨੂੰ ਇਸੇ ਚਿੰਤਨ ਦੀ ਪ੍ਰੇਤ ਛਾਇਆ ਹੈ। ਇਸੇ ਚਿੰਤਨ ਦੀ ਪ੍ਰੇਤ ਛਾਇਆ

ਨਾਲ ਸੱਚ ਤੇ ਝੂਠ ਦੀ ਸੋਝੀ ਆ ਜਾਂਦੀ ਹੈ ਅਤੇ ਹਾਕਮ ਜਮਾਤ ਵੱਲੋਂ ਫੈਲਾਈ ਭ੍ਰਾਂਤੀ ਮੂਲਕ ਚੇਤਨਾ ਦਾ ਪਰਦਾ ਚਾਕ ਕੀਤਾ ਜਾ ਸਕਦਾ ਹੈ। 'ਆਲੂ ਜ਼ੀਰਾ' ਕਹਾਣੀ ਬੇਸ਼ੱਕ ਕਰੋਨਾ ਕਾਲ਼ ਦੌਰਾਨ ਵਾਪਰਦੇ ਯਥਾਰਥ ਨੂੰ ਬਿਆਨ ਕਰਦੀ ਹੈ ਪਰ ਇਸ ਕਹਾਣੀ ਦੀਆਂ ਅੰਦਰਲੀਆਂ ਪਰਤਾਂ ਵਿਚ ਉਕਤ ਚਿੰਤਨ ਪ੍ਰੇਤ ਦੀ ਸੋਝੀ ਦਾ ਝਲਕਾਰਾ ਮਿਲਦਾ ਹੈ। ਕਰੋਨਾ ਕਾਲ਼ ਵਿਚ ਆਮ ਲੋਕਾਂ ਦੀ ਤਰਸਯੋਗ ਸਥਿਤੀ ਤੇ ਦੂਜੇ ਪਾਸੇ ਕਾਰਪੋਰੇਟ ਜਗਤ ਦੀ ਮੁਨਾਫ਼ਾ ਬਿਰਤੀ ਦਾ ਤੁਲਨਾਤਮਕ ਅਧਿਐਨ ਇਸੇ ਚਿੰਤਨ ਦ੍ਰਿਸ਼ਟੀ ਤੋਂ ਪੇਸ਼ ਹੋਇਆ ਹੈ।

ਬਲਬੀਰ ਪਰਵਾਨਾ ਨੂੰ ਕਹਾਣੀ ਦੀ ਕਲਪਨਾਤਮਕ ਉਚਾਈ ਅਤੇ ਕਲਾਤਮਕ ਗਹਿਰਾਈ ਦਾ ਚੋਖਾ ਗਿਆਨ ਹੈ। ਉਸਦੀਆਂ ਕਹਾਣੀਆਂ ਦੀ ਕਲਾਤਮਕ ਉਸਾਰੀ ਮਜ਼ਬੂਤ ਹੈ। ਉਸਨੂੰ ਕਹਾਣੀਆਂ ਦੇ ਵਿਸਫੋਟਕ ਅੰਤ ਚੰਗੇ ਨਹੀਂ ਲੱਗਦੇ। ਇਹੀ ਕਾਰਨ ਹੈ ਕਿ ਉਹ ਕਹਾਣੀ ਦੇ ਅੰਤ ਨੂੰ ਬੜੀ ਸਹਿਜਤਾ ਨਾਲ ਖੁੱਲ੍ਹਾ ਛੱਡ ਦਿੰਦਾ ਹੈ। ਉਸਦੀ ਪਾਤਰ ਉਸਾਰੀ ਯਥਾਰਥਕ ਵੀ ਹੈ ਤੇ ਪ੍ਰਭਾਵਸ਼ਾਲੀ ਵੀ। ਉਹ ਆਪਣੇ ਪਾਤਰਾਂ ਦੇ ਨਾਲ-ਨਾਲ ਵੀ ਰਹਿੰਦਾ ਹੈ ਪਰ ਉਹਨਾਂ 'ਤੇ ਕੋਈ ਬੰਦਿਸ਼ ਵੀ ਨਹੀਂ ਲਾਉਂਦਾ। 'ਥੈਂਕ ਯੂ ਬਾਪੂ' ਕਹਾਣੀ ਦੇ ਪਤੀ-ਪਤਨੀ, 'ਕਤਰਾ ਕਤਰਾ ਮੌਤ' ਦਾ ਗੁਰਦੀਸ਼ ਅਤੇ 'ਇਨਕਾਰ' ਕਹਾਣੀ ਦਾ ਪ੍ਰੋਫ਼ੈਸਰ ਕਮਾਲ ਦੇ ਪਾਤਰ ਹਨ, ਜਿਹੜੇ ਆਪਣੇ ਚਰਿੱਤਰਕ ਗੁਣਾਂ-ਔਗੁਣਾਂ ਸਮੇਤ ਪੇਸ਼ ਹੋਏ ਹਨ। ਬਾਕੀ ਪਾਤਰ ਵੀ ਆਪਣੇ ਜਮਾਤੀ ਖਾਸੇ ਨੂੰ ਉਭਾਰਦੇ ਹਨ। ਪਰਵਾਨਾ ਦੀ ਭਾਸ਼ਾ ਦਾ ਵੱਖਰਾਪਣ ਇਹ ਹੈ ਕਿ ਉਹ ਆਪਣੀਆਂ ਕਹਾਣੀਆਂ ਨੂੰ ਪਾਠਕਾਂ ਦੀ ਰੁਚੀ ਅਨੁਸਾਰ ਰੌਚਿਕ ਬਣਾਉਣ ਲਈ ਕਹਾਣੀਆਂ ਦੇ ਬਿਰਤਾਂਤਕ ਵਾਕਾਂ ਨਾਲ ਛੇੜ-ਛਾੜ ਨਹੀਂ ਕਰਦਾ। ਉਸਦੀ ਭਾਸ਼ਾ ਸਾਧਾਰਨ ਤਾਂ ਹੈ ਹੀ ਪਰ ਉਸ ਵਿਚ ਇਕ ਖਾਸ ਕਿਸਮ ਦੀ ਵਿਹਾਰਕ ਸੰਜੀਦਗੀ ਵੀ ਝਲਕਦੀ ਹੈ। ਪਰਵਾਨਾ ਦੀਆਂ ਕਹਾਣੀਆਂ ਵਿਚ ਜਿੱਥੇ ਉਸਦੇ ਪਾਤਰਾਂ ਦੀ ਵਿਚਾਰਧਾਰਕ ਪ੍ਰਤੀਬੱਧਤਾ ਨਜ਼ਰ ਆਉਂਦੀ ਹੈ ਉਥੇ ਕਹਾਣੀਆਂ ਦੇ ਬਿਰਤਾਂਤਕ ਸੰਗਠਨ ਵਿਚੋਂ ਪਰਵਾਨਾ ਦੀ ਵਿਚਾਰਧਾਰਕ ਪ੍ਰਤੀਬੱਧਤਾ ਦੀ ਨਿਸ਼ਾਨਦੇਹੀ ਵੀ ਕੀਤੀ ਜਾ ਸਕਦੀ ਹੈ। ਭਵਿੱਖ ਵਿਚ ਵੀ ਪਰਵਾਨਾ ਤੋਂ ਇਸੇ ਲੋਕ ਪੱਖੀ ਚਿੰਤਨ ਦ੍ਰਿਸ਼ਟੀ ਦੀ ਆਸ ਹੈ। ਉਮੀਦ ਕਰਦੇ ਹਾਂ ਕਿ ਪਰਵਾਨਾ ਨੂੰ ਸਾਹਿਤ ਤੇ ਚਿੰਤਨ ਦਾ ਇਹ ਪ੍ਰੇਤ ਚੁੰਬੜਿਆ ਰਹੇ। **–(ਡਾ.) ਹਰਿੰਦਰ ਸਿੰਘ**

## ਡਬੋ.ਲੀਆ (ਕਹਾਣੀ ਸੰਗ੍ਰਹਿ) ਬਲਵਿੰਦਰ ਗਰੇਵਾਲ

ਬਲਵਿੰਦਰ ਗਰੇਵਾਲ ਪੰਜਾਬੀ ਕਹਾਣੀ ਜਗਤ ਵਿਚ ਜਾਣਿਆ ਪਛਾਣਿਆ ਹਸਤਾਖਰ ਹੈ। ਉਹ ਹੁਣ ਤਕ ਤਿੰਨ ਕਹਾਣੀ ਸੰਗ੍ਰਹਿ 'ਯੁੱਧ ਖੇਤਰ', 'ਇਕ ਘਰ ਆਜ਼ਾਦ ਹਿੰਦੀਆਂ ਦਾ' ਤੇ 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ' ਪੰਜਾਬੀ ਪਾਠਕਾਂ ਦੀ ਝੋਲੀ ਵਿਚ ਪਾ ਚੁੱਕਾ ਹੈ। ਉਹ ਆਪਣਾ ਚੌਥਾ ਕਹਾਣੀ ਸੰਗ੍ਰਹਿ 'ਡਬੋਲੀਆ' (ਪੰਨੇ 115, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ ਲੁਧਿਆਣਾ) ਲੈ ਕੇ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੋਇਆ ਹੈ। ਬਲਵਿੰਦਰ ਗਰੇਵਾਲ ਗਿਣਾਤਮਕ ਤੌਰ 'ਤੇ ਘੱਟ ਲਿਖਣ ਵਾਲਾ ਸਿਰਜਕ ਹੈ ਪਰ ਉਸ ਦੀਆਂ ਲਿਖਤਾਂ ਦਾ ਗੁਣਾਤਮਕ ਪੱਖ ਬੜਾ ਬਲਵਾਨ ਹੁੰਦਾ ਹੈ। ਇਸ ਗੁਣਵੱਤਾ ਨੂੰ ਪਛਾਣਦਿਆਂ ਹੀ ਉਸਦੀ ਪਹਿਲੀ ਪੁਸਤਕ ਭਾਰਤੀ ਸਾਹਿਤ ਅਕਾਦਮੀ ਨੇ ਪ੍ਰਕਾਸ਼ਤ ਕੀਤੀ ਸੀ ਅਤੇ ਇੰਝ ਇਕ ਉਭਰਦੇ ਲੇਖਕ ਵਜੋਂ ਉਸਨੂੰ ਮਾਣ ਦਿੱਤਾ ਸੀ। ਬਲਵਿੰਦਰ ਗਰੇਵਾਲ ਨੇ ਆਪਣੀ ਨਿਵੇਕਲੀ ਪ੍ਰੌਢ ਸ਼ੈਲੀ ਨੂੰ ਹਮੇਸ਼ਾ ਬਣਾਈ ਰੱਖਿਆ ਹੈ ਅਤੇ ਹੱਥਲੇ ਚੌਥੇ ਕਹਾਣੀ ਸੰਗ੍ਰਹਿ ਵਿਚ ਵੀ ਇ ਨੂੰ ਪ੍ਰਮਾਣਤ ਕੀਤਾ ਹੈ। ਹੱਥਲੀ ਪੁਸਤਕ ਵਿਚ ਕੁੱਲ ਪੰਜ ਕਹਾਣੀਆਂ ਹਨ ਜਿੰਨ੍ਹਾਂ ਨੂੰ ਲੰਮੀ ਕਹਾਣੀਆਂ ਵੀ ਆਖਿਆ ਜਾ ਸਕਦਾ ਹੈ।

ਕਹਾਣੀ ਸੰਗ੍ਰਹਿ ਵਿਚ ਪਹਿਲੀ ਤੇ ਦੂਜੀ ਕਹਾਣੀ 'ਜੰਗਲ 1' ਅਤੇ 'ਜੰਗਲ 2' ਦੇ ਸਿਰਲੇਖ ਅਧੀਨ ਦਰਜ ਹਨ। ਇਨ੍ਹਾਂ ਕਹਾਣੀਆਂ ਵਿਚ ਭਾਰਤੀ (ਪੰਜਾਬੀ) ਫੌਜੀ ਅਤੇ ਪਾਕਿਸਤਾਨੀ (ਪੰਜਾਬੀ) ਫੌਜੀ ਦੀਆਂ ਸਮਾਜਕ, ਆਰਥਿਕ ਤੇ ਮਨੋਵਿਗਿਆਨਕ ਸਥਿਤੀਆਂ ਨੂੰ ਰੂਪਮਾਨ ਕੀਤਾ

ਗਿਆ ਹੈ। ਵਾਸਤਵ ਵਿਚ ਜੰਗ ਕਿਸੇ ਵੀ ਮੁਲਕ ਦੀ ਆਵਾਮ ਲਈ ਸੁੱਖ ਦਾ ਸੁਨੇਹਾ ਲੈ ਕੇ ਨਹੀਂ ਆਉਂਦੀ ਅਤੇ ਨਾ ਹੀ ਕਿਸੇ ਵੀ ਮੁਲਕ ਦਾ ਆਮ ਬਾਸ਼ਿੰਦਾ ਜੰਗ ਦੀ ਚੋਣ ਕਰਦਾ ਹੈ। ਦਰਅਸਲ ਦੇਸਾਂ ਦੀਆਂ ਲੜਾਈਆਂ ਦੀ ਪਿੱਠਭੂਮੀ ਵਿਚ ਰਾਜਨੀਤਕ ਮੁਫ਼ਾਦ ਤੇ ਹਾਕਮਾਂ ਦੇ ਨਿੱਜੀ ਹਿੱਤ ਕਾਰਜਸ਼ੀਲ ਹੁੰਦੇ ਹਨ ਪਰ ਇਹਨਾਂ ਜੰਗਾਂ ਦੀ ਬਲ਼ਦੀ ਅੱਗ ਵਿਚ ਬਾਲਣ ਵਜੋਂ ਆਮ ਘਰਾਂ ਦੇ ਧੀਆਂ-ਪੁੱਤਾਂ ਨੂੰ ਝੋਕਿਆ ਜਾਂਦਾ ਹੈ। ਸਮਾਜਕ ਸਮਝ ਦੀ ਘਾਟ ਤੇ ਆਰਥਿਕ ਥੁੜਾਂ ਕਾਰਨ ਸਾਧਾਰਨ ਫੌਜੀ ਹੱਦਾਂ-ਸਰਹੱਦਾਂ ਦੀ ਗੁੰਝਲਦਾਰ ਸਿਆਸਤ ਵਿਚ ਉਲਝ ਜਾਂਦਾ ਹੈ ਅਤੇ ਆਪਣੇ ਘਰ ਦਾ ਚੁੱਲ੍ਹਾ ਬਲ਼ਦਾ ਰੱਖਣ ਲਈ ਆਪਣਾ ਆਪ ਝੋਕ ਦਿੰਦਾ ਹੈ। 'ਜੰਗਲ 1' ਕਹਾਣੀ ਵਿਚ ਸਿਕੰਦਰ ਜੋ ਭਾਰਤੀ (ਪੰਜਾਬੀ) ਹੈ, ਪਾਕਿਸਤਾਨੀ ਪੰਜਾਬੀ ਫੌਜੀਆਂ ਨਾਲ ਜੰਗ ਲੜਦਾ ਹੈ। ਆਪਣੇ ਜ਼ਖ਼ਮੀ ਭਾਰਤੀ ਕਮਾਂਡਰ ਨੂੰ ਮੋਢੇ 'ਤੇ ਲੱਦ ਕੇ ਬਚਾ ਕੇ ਲਿਆਉਣ ਦੀ ਹਰ ਕੋਸ਼ਿਸ਼ ਕਰਦਾ ਹੈ। ਰਾਤ ਦੇ ਗਹਿਰੇ ਹਨ੍ਹੇਰਿਆਂ ਵਿਚ ਉਹ ਹਰ ਪਲ ਡਰ ਨਾਲ ਲੜਦਾ ਹੈ ਅਤੇ ਆਪਣੇ ਅੰਦਰਲੀ ਮਾਨਵਤਾ ਨੂੰ ਬਚਾ ਕੇ ਰੱਖਣ ਦਾ ਯਤਨ ਕਰਦਾ ਹੈ। ਪਰ ਅਖੀਰ ਵਿਚ ਸਿਕੰਦਰ ਦੀ ਹੋਣੀ ਉਸ ਨੂੰ ਆਪਣੇ ਹੀ ਭਰਾਵਾਂ ਦੇ ਹੱਥੋਂ ਕਤਲ ਕਰਵਾ ਦਿੰਦੀ ਹੈ। ਹਾਲਾਂਕਿ ਸਿਕੰਦਰ ਦੋਨਾਂ ਮੁਲਕਾਂ ਦੀ ਸਾਂਝ ਨੂੰ ਉਚਿਆਉਣ ਲਈ ਸਾਂਝੇ ਸਭਿਆਚਾਰ ਦੇ ਗੀਤ ਦੀ ਹੇਕ ਵੀ ਚੁੱਕਦਾ ਹੈ। ਪਰ ਉਸ ਦੀ ਆਵਾਜ਼ ਜੰਗ ਵਿਚ ਚੱਲਦੀਆਂ ਗੋਲ਼ੀਆਂ ਦੀਆਂ ਬੁਛਾੜਾਂ ਦੱਬ ਲੈਂਦੀਆਂ ਹਨ ਜਾਂ ਬੰਦ ਕਰ ਦਿੰਦੀਆਂ ਹਨ। ਕਹਾਣੀ ਵਿਚ ਜੰਗੀ ਕੈਦੀਆਂ ਉਪਰ ਕੀਤੇ ਜਾਂਦੇ ਤਸ਼ੱਦਦ ਨੂੰ ਵੀ ਉਜਾਗਰ ਕੀਤਾ ਗਿਆ ਹੈ।

ਦੂਜੀ ਕਹਾਣੀ ਵਿਚ ਪਾਕਿਸਤਾਨੀ ਪੰਜਾਬੀ ਫੌਜੀ ਮੁਖਤਿਆਰ ਦੀ ਕਥਾ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ ਜਿਸ ਦੁਆਰਾ ਪਹਿਲੀ ਕਹਾਣੀ ਵਿਚ ਸਿਕੰਦਰ ਦਾ ਕਤਲ ਕੀਤਾ ਜਾਂਦਾ ਹੈ। ਦਰਅਸਲ ਮੁਖਤਿਆਰ ਜੰਗੀ ਜ਼ਖ਼ਮੀਆਂ ਨੂੰ ਸਹਾਇਤਾ ਦੇਣ ਲਈ ਗਿਆ ਸੀ ਤੇ ਜੰਗ ਤਾਂ ਅੱਗੇ ਕਿਤੇ ਦੂਰ ਚੱਲ ਰਹੀ ਸੀ। ਪਰ ਉਹ ਨੂਰ ਨਾਲ ਅੱਗੇ ਚਲਾ ਜਾਂਦਾ ਹੈ ਅਤੇ ਆਪਣੀ ਖੱਬੀ ਬਾਂਹ ਗੁਆ ਬੈਠਦਾ ਹੈ। ਕਹਾਣੀ ਵਿਚ ਆਇਆ ਨੂਰ ਤੇ ਮੁਖਤਿਆਰ ਦਾ ਸੰਵਾਦ, ਜਿਸ ਵਿਚ ਸਿਕੰਦਰ ਦੇ ਕੋਲ ਆਪਣੇ ਕਿਸੇ ਅਫ਼ਸਰ ਦੇ ਬੂਟ ਹੋਣ ਦਾ ਜ਼ਿਕਰ ਹੈ, ਬੇਰੁਜ਼ਗਾਰੀ ਤੇ ਆਰਥਿਕ ਥੁੜਾਂ ਦੀ ਭਿਆਨਕਤਾ ਨੂੰ ਪ੍ਰਗਟ ਕਰਦਾ ਹੈ। ਮੁਖਤਿਆਰ ਜੰਗ ਵਿਚ ਸਿਰਫ਼ ਆਪਣੀ ਬਾਂਹ ਹੀ ਨਹੀਂ ਗੁਆਉਂਦਾ ਬਲਕਿ ਕੋਰਟ ਮਾਰਸ਼ਲ ਕਰਵਾ ਕੇ ਆਪਣੀ ਰੋਜ਼ੀ ਵੀ ਗੁਆ ਬੈਠਦਾ ਹੈ। ਆਰਥਿਕ ਸਥਿਤੀਆਂ ਵਿਚ ਜਕੜਿਆ ਮੁਖਤਿਆਰ ਹੱਦਾਂ-ਸਰਹੱਦਾਂ ਦੀ ਸਿਆਸਤ ਵਿਚ ਉਲਝ ਜਾਂਦਾ ਹੈ ਅਤੇ ਦਹਿਸ਼ਤਗਰਦਾਂ ਦੇ ਟੋਲੇ ਵਿਚ ਸ਼ਾਮਲ ਹੋ ਜਾਂਦਾ ਹੈ। ਕਹਾਣੀ ਦੇ ਅੰਤ ਵਿਚ ਮੁਖਤਿਆਰ ਵੀ ਸਥਿਤੀਆਂ ਦੇ ਫ਼ਰਕ ਨਾਲ ਸਿਕੰਦਰ ਦੀ ਹੋਣੀ ਦਾ ਸ਼ਿਕਾਰ ਹੋ ਜਾਂਦਾ ਹੈ।

ਹੱਥਲੀ ਪੁਸਤਕ ਦੀ ਤੀਜੀ ਕਹਾਣੀ 'ਡਬੋਲ਼ੀਆ' ਕਹਾਣੀ ਸੰਗ੍ਰਹਿ ਦੀ ਸਿਰਨਾਂਵੀਂ ਹੈ। ਡਬੋਲ਼ੀਆ ਦਾ ਅਰਥ ਹੈ ਅਜਿਹਾ ਵਿਅਕਤੀ ਜੋ ਮਾਹਰ ਤੈਰਾਕ/ ਗੋਤਾਖੋਰ ਹੋਵੇ। ਇਸ ਕਹਾਣੀ ਦੇ ਕੇਂਦਰ ਵਿਚ ਬੇਰੁਜ਼ਗਾਰੀ, ਥੁੜ੍ਹੀ-ਟੁੱਟੀ ਆਰਥਿਕਤਾ ਤੇ ਪਰਵਾਸ ਦੇ ਮਸਲਿਆਂ ਨੂੰ ਰੱਖਿਆ ਗਿਆ ਹੈ। ਕਹਾਣੀ ਦਾ ਆਰੰਭ ਖ਼ੁਦਕੁਸ਼ੀ ਕਰ ਗਏ ਮੀਤ ਦੇ ਘਰ ਵਿਛੇ ਸੱਥਰ ਤੋਂ ਹੁੰਦਾ ਹੈ। ਇਸ ਕਹਾਣੀ ਵਿਚ ਦੋ ਕਹਾਣੀਆਂ, ਇਕ ਬਲਕਾਰ ਦੀ ਅਤੇ ਦੂਜੀ ਬਲਕਾਰ ਦੇ ਬਾਪ ਸਾਧਾ ਸਿੰਘ ਦੀ, ਸਮਾਨਾਂਤਰ ਚੱਲਦੀਆਂ ਹਨ। ਸਾਧਾ ਸਿੰਘ ਜੋ ਮਾਹਰ ਤੈਰਾਕ ਸੀ ਅਤੇ ਆਪਣੀ ਮਿਹਨਤ ਨਾਲ ਹੱਕ ਦੀ ਕਮਾਈ ਖਾਂਦਾ ਰਿਹਾ ਅਤੇ ਆਪਣੇ ਅਧੂਰੇ ਸੁਪਨਿਆਂ ਨੂੰ ਆਪਣੇ ਪੁੱਤ ਬਲਕਾਰ ਦੇ ਰਾਹੀਂ ਪੂਰਾ ਕਰਨਾ ਲੋਚਦਾ ਰਿਹਾ। ਸਾਧਾ ਆਪਣੇ ਘਰ ਦੀ ਗ਼ਰੀਬੀ ਬਲਕਾਰ ਦੇ ਪੜ੍ਹ ਕੇ ਨੌਕਰੀ 'ਤੇ ਲੱਗਣ ਨਾਲ ਦੂਰ ਕਰਨ ਦਾ ਸੁਪਨਾ ਵੇਖਦਾ ਹੈ। ਪਰ ਬਲਕਾਰ ਪੜ੍ਹਾਈ ਵਿਚ ਬਹੁਤਾ ਹੁਸ਼ਿਆਰ ਨਹੀਂ। ਉਹ ਆਪਣੀ ਇੰਜੀਨੀਅਰਿੰਗ ਦੀ ਪੜ੍ਹਾਈ ਦੇ ਕਿਸੇ ਵੀ ਸਾਲ ਦੇ ਸਾਰੇ ਪੇਪਰ ਪਾਸ ਨਹੀਂ ਕਰ ਪਾਉਂਦਾ। ਹਾਲਾਂਕਿ ਉਹ ਆਪਣੇ ਬਾਪ ਵਾਂਗੂੰ ਚੰਗਾ ਤੈਰਾਕ ਹੈ ਅਤੇ ਆਪਣੇ ਇਸ ਹੁਨਰ ਕਾਰਨ ਰਾਸ਼ਟਰੀ

ਤੈਰਾਕੀ ਮੁਕਾਬਲਿਆਂ ਵਿਚ ਅਵੱਲ ਵੀ ਆ ਜਾਂਦਾ ਹੈ ਪਰ ਆਪਣੇ ਜ਼ਿੰਦਗੀ ਤੇ ਭਵਿੱਖ ਦੇ ਮੁਕਾਬਲੇ ਪਾਸ ਕਰਨ ਵਿਚ ਅਸਫ਼ਲ ਰਹਿੰਦਾ ਹੈ। ਅਖੀਰ ਉਹ ਨਹਿਰ ਵਿਚੋਂ ਮੁਰਦਾ ਲਾਸ਼ਾਂ ਕੱਢ-ਕੱਢ ਰੁਪਏ ਜ਼ੋੜ ਕੇ ਪਰਵਾਸ ਜਾਣ ਦਾ ਵਿਚਾਰ ਬਣਾਉਂਦਾ ਹੈ। ਵਾਸਤਵ ਵਿਚ ਪੰਜਾਬ ਵਿਚ ਖਿਡਾਰੀਆਂ ਦੀ ਹੋ ਰਹੀ ਬੇਕਦਰੀ ਤੇ ਬੇਰੁਜ਼ਗਾਰੀ ਦੀਆਂ ਸਮੱਸਿਆ ਕਹਾਣੀ ਦਾ ਧੁਰਾ ਹੋ ਨਿਬੜਦੀ ਹੈ।

ਕਹਾਣੀ 'ਪੰਡਤ ਜੀ ਉਰਫ਼ ਪਰਸ ਰਾਮ ਚੌਕੀਦਾਰ' ਪੁਲਵਾਮਾ ਹਮਲੇ ਬਾਅਦ ਦੇਸ ਵਿਚ ਕਸ਼ਮੀਰੀਆਂ ਵਿਰੁੱਧ ਪੈਦਾ ਹੋਏ ਹਾਲਾਤ ਨੂੰ ਬਿਆਨ ਕਰਦੀ ਹੈ। ਕਹਾਣੀ ਵਿਚ ਕਸ਼ਮੀਰ ਦੀ ਸਮੱਸਿਆ ਨੂੰ ਜ਼ਮੀਨ ਤੋਂ ਸਮਝਣ ਤੇ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਕਹਾਣੀ ਵਿਚਲਾ ਰਸੂਲ ਹਰ ਸਾਲ ਕਸ਼ਮੀਰ ਤੋਂ ਬਹਿਤਰੀਨ ਸ਼ਾਲਾਂ ਲੈ ਕੇ ਹੇਠਲੇ ਮੈਦਾਨੀ ਇਲਾਕਿਆਂ ਵਿਚ ਵਪਾਰ ਲਈ ਜਾਂਦਾ ਹੈ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਤੋਰਦਾ ਹੈ। ਨਜ਼ੀਰ ਦੀ ਪੰਡਿਤ ਜੀ ਨਾਲ ਜਾਣ ਪਛਾਣ ਵੀ ਆਪਣੇ ਭਰਾ ਰਸੂਲ ਰਾਹੀਂ ਹੁੰਦੀ ਹੈ। ਪੁਲਵਾਮਾ ਹਮਲੇ ਬਾਅਦ ਕਿਵੇਂ ਜ਼ਿਆਦਾਤਰ ਲੋਕਾਂ ਦਾ ਨਜ਼ਰੀਆ ਕਸ਼ਮੀਰੀਆਂ ਪ੍ਰਤੀ ਬਦਲ ਜਾਂਦਾ ਹੈ, ਇਸ ਨੂੰ ਵੀ ਕਹਾਣੀ ਵਿਚ ਰੇਖਾਂਕਿਤ ਕੀਤਾ ਗਿਆ ਹੈ। ਪਰ ਪੰਡਤ ਆਪਣੇ ਅੰਦਰਲੇ ਮਾਨਵੀ ਜਜ਼ਬਿਆਂ ਨੂੰ ਜਿਉਂਦਾ ਰੱਖਦਾ ਹੈ ਤੇ ਨਜ਼ੀਰ ਦੀ ਬੁਰੇ ਵਕਤ ਮੱਦਦ ਕਰਦਾ ਹੈ। ਕਹਾਣੀ ਵਿਚ ਨਾਲ ਹੀ ਕਸ਼ਮੀਰੀਆਂ ਦੀ ਵਾਸਤਵਿਕ ਸਥਿਤੀ ਨੂੰ ਵੀ ਉਘਾੜਿਆ ਗਿਆ ਹੈ। ਰਸੂਲ, ਨਜ਼ੀਰ, ਬਸ਼ੀਰਾ ਆਦਿ ਵਰਗੇ ਹੋਰ ਕਿੰਨੇ ਹੀ ਹੱਦ ਤੋਂ ਪਾਰੋਂ ਆ ਰਹੇ ਬਿਨ ਬੁਲਾਏ ਮਹਿਮਾਨਾਂ (ਦਹਿਸ਼ਤਗਰਦਾਂ) ਅਤੇ ਫੌਜ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੋ ਰਹੇ ਹਨ। ਇਹ ਕਹਾਣੀ ਕਸ਼ਮੀਰ ਦੀਆਂ ਬੁਨਿਆਦੀਆਂ ਸਮੱਸਿਆਵਾਂ ਨੂੰ ਜ਼ਮੀਨੀ ਪੱਧਰ ਤੋਂ ਕਲਾਵੇ ਵਿਚ ਲੈਂਦੀ ਹੈ।

ਪੁਸਤਕ ਵਿਚ ਦਰਜ ਆਖਰੀ ਕਹਾਣੀ 'ਹਰਿਆ ਬੂਟ' ਪਤੀ-ਪਤਨੀ ਦੇ ਆਪਸੀ ਝਗੜਿਆਂ, ਪਰਿਵਾਰਕ ਗੁੰਝਲਾਂ, ਪਿਆਰ ਵਿਆਹ ਦੀ ਬੁਨਿਆਦ ਵਿਚ ਪਈਆਂ ਸਮੱਸਿਆਵਾਂ, ਰਿਸ਼ਤਿਆਂ ਦਰਮਿਆਨ ਆਏ ਲਾਲਚਾਂ-ਲੋਭਾਂ ਦੇ ਸਮੁੱਚੇ ਪਸਾਰੇ ਵਿਚ ਫੈਲ ਰਹੇ ਪੂੰਜੀਵਾਦ ਤੇ ਬਾਜ਼ਾਰਵਾਦ ਦੇ ਸਿੱਧੇ-ਅਸਿੱਧੇ ਪ੍ਰਭਾਵਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਕਹਾਣੀ ਇਨਸਾਫ਼ ਨੂੰ ਉੱਤਮ ਪੁਰਖੀ ਪਾਤਰ ਵਜੋਂ ਚਿਤਰ ਕੇ ਬਿਆਨ ਕੀਤੀ ਗਈ ਹੈ। ਹਾਲਾਂਕਿ ਅੱਜੋਕੇ ਪੂੰਜੀਵਾਦੀ ਯੁੱਗ ਵਿਚ ਹਰ ਕੋਈ ਆਪਣੇ ਨਿੱਜੀ ਲਾਭਾਂ ਤੇ ਮੁਫ਼ਾਦਾਂ ਦਾ ਪਿੱਛਲੱਗ ਬਣਿਆ ਹਰ ਰਿਸ਼ਤੇ ਦੀ ਪਾਕੀਜ਼ਗੀ ਨੂੰ ਤਿਲਾਂਜਲੀ ਦੇ ਚੁੱਕਿਆ ਹੈ, ਤਦ ਵੀ ਹੀ ਅਜੇ ਆਤਮਾ ਰਾਮ ਵਰਗਾ ਕੋਈ ਹਰਿਆ ਬੂਟ ਵੀ ਹੋਂਦ ਰੱਖਦਾ ਹੈ।

ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੀ ਰੂਪਕ ਪਕਿਆਈ ਨੂੰ ਵੇਖਦਿਆਂ ਕਿਹਾ ਜਾ ਸਕਦਾ ਹੈ ਕਿ ਕਹਾਣੀਕਾਰ ਕੋਲ਼ ਕਹਾਣੀ ਕਹਿਣ ਦੀ ਕਲਾ ਹੈ। ਆਕਾਰ ਵਿਚ ਲੰਮੀਆਂ ਪਰ ਕਹਾਣੀ ਦੇ ਸੰਜਮ ਵਿਚ ਬੱਝੀਆਂ ਇਹ ਬਹੁਤ ਸੰਘਣੀ ਗੋਂਦ ਵਾਲੀਆਂ ਕਹਾਣੀਆਂ ਹਨ। ਬਲਵਿੰਦਰ ਬਾਹਰ ਵਾਪਰਦੀਆਂ ਘਟਨਾਵਾਂ ਨੂੰ ਕਮਾਲ ਦੀ ਕੁਸ਼ਲਤਾ ਸਹਿਤ ਕਹਾਣੀ ਵਿਚ ਗੁੰਦਣ ਦੇ ਨਾਲ ਨਾਲ ਪਾਤਰ ਦੇ ਅੰਦਰਲੀ ਹਲਚਲ ਤੇ ਸੋਚ ਧਾਰਾ ਨੂੰ ਵੀ ਬਹੁਤ ਸਹਿਜ ਨਾਲ ਰੂਪਮਾਨ ਕਰਦਾ ਹੈ। ਨਵੇਂ ਵਿਸ਼ਿਆਂ ਨੂੰ ਮੁਖ਼ਾਤਬ ਹੋਣ ਦੇ ਨਾਲ-ਨਾਲ, ਵਿਸ਼ਿਆਂ ਦੇ ਨਿਭਾਅ ਦੇ ਪੱਖ ਤੋਂ ਵੀ ਕਹਾਣੀਆਂ ਸਫ਼ਲ ਹਨ। ਲਗਪਗ ਸਾਰੀਆਂ ਕਹਾਣੀਆਂ ਉੱਤਮ ਪੁਰਖੀ ਸ਼ੈਲੀ ਵਿਚ ਲਿਖੀਆਂ ਗਈਆਂ ਹਨ। ਪਾਤਰ ਉਘੜਵੇਂ ਤੇ ਨਿਖੜਵੇਂ ਹਨ। ਭਾਸ਼ਾ ਸਰਲ ਤੇ ਸੁਹਜ ਭਰਪੂਰ ਹੈ। ਅਵੱਸ਼ ਹੀ ਸਮਰੱਥ ਕਹਾਣੀਕਾਰ ਬਲਵਿੰਦਰ ਗਰੇਵਾਲ ਦੀਆਂ ਪਹਿਲੀਆਂ ਪੁਸਤਕਾਂ ਵਾਂਗ ਉਸਦੇ ਨਵੇਂ ਸੰਗ੍ਰਹਿ 'ਡਬੋਲੀਆ' ਦਾ ਵੀ ਸਵਾਗਤ ਕਰਨਾ ਬਣਦਾ ਹੈ।

**-ਪਰਗਟ ਸਿੰਘ ਬਰਾੜ**

## ਮਸਤ (ਕਹਾਣੀ ਸੰਗ੍ਰਹਿ) ਹਰਜੀਤ ਅਟਵਾਲ

ਹਰਜੀਤ ਅਟਵਾਲ ਪਰਵਾਸੀ ਪੰਜਾਬੀ ਗਲਪ ਵਿਚ ਲੰਬੇ ਸਮੇਂ ਤੋਂ ਕਾਰਜਸ਼ੀਲ ਹੈ। ਉਹ ਆਪਣੀਆਂ ਰਚਨਾਵਾਂ ਵਿਚ ਪਰਵਾਸੀ ਜਨ ਜੀਵਨ ਦੇ ਵਿਭਿੰਨ ਪਾਸਾਰਾਂ ਨੂੰ ਦ੍ਰਿਸ਼ਟਮਾਨ

ਕਰਦਾ ਨਜ਼ਰ ਆਉਂਦਾ ਹੈ। ਪਰਵਾਸੀ ਪੰਜਾਬੀ ਸਾਹਿਤ ਵਿਚ ਜ਼ਿਆਦਾਤਰ ਵਿਸ਼ਿਆਂ ਦਾ ਦੁਹਰਾਓ ਹੋ ਰਿਹਾ ਹੈ। ਇਸ ਧਾਰਨਾ ਤੋਂ ਪਾਸੇ ਜਾ ਕੇ ਨਵੇਂ ਵਿਸ਼ਿਆਂ ਨੂੰ ਲੱਭ ਕੇ ਲਿਆਉਣਾ ਪਰਵਾਸੀ ਲੇਖਕਾਂ ਲਈ ਵੱਡੀ ਚੁਣੌਤੀ ਹੈ। ਹਰਜੀਤ ਅਟਵਾਲ ਖੋਜੀ ਬਿਰਤੀ ਦਾ ਲੇਖਕ ਹੈ। ਉਹ ਅਕਸਰ ਨਵੀਆਂ ਤੇ ਵਿਲੱਖਣ ਗੱਲਾਂ ਨੂੰ ਲੱਭ ਕੇ ਲਿਆਉਣ ਦੇ ਆਹਰ ਵਿਚ ਲੱਗਾ ਰਹਿੰਦਾ ਹੈ। ਹੱਥਲੇ ਕਹਾਣੀ ਸੰਗ੍ਰਹਿ (ਸੰਗਮ ਪਬਲੀਕੇਸ਼ਨ ਸਮਾਣਾ, ਪੰਨੇ 144, ਮੁੱਲ 195 ਰੁਪਏ) ਵਿਚ ਉਹ ਪਰੰਪਰਾਗਤ ਪਰਵਾਸੀ ਸਰੋਕਾਰਾਂ ਨੂੰ ਨਵੀਂ ਦ੍ਰਿਸ਼ਟੀ ਤੋਂ ਪੇਸ਼ ਕਰਦਾ ਨਜ਼ਰ ਆਉਂਦਾ ਹੈ।

ਇਸ ਪੁਸਤਕ ਦੀਆਂ ਦੋ ਕਹਾਣੀਆਂ 'ਮਸਤ' ਅਤੇ 'ਮੈਰੀਅਨ' ਵਿਚ ਪਰਵਾਸੀ ਜੀਵਨ ਜਾਚ ਦੇ ਅਣਛੋਹੇ ਪੱਖਾਂ ਨੂੰ ਰੂਪਮਾਨ ਕੀਤਾ ਗਿਆ ਹੈ। ਪੱਛਮੀ ਜੀਵਨ ਬਹੁਤ ਸਾਰੇ ਪੱਖਾਂ ਤੋਂ ਵਿਕਸਤ ਹੋ ਚੁੱਕਾ ਜੀਵਨ ਹੈ। ਮਨੁੱਖ ਨੂੰ ਜਦੋਂ ਅੱਗੇ ਵਧਣ ਲਈ ਕੁਝ ਨਾ ਨਜ਼ਰ ਆਵੇ ਤਾਂ ਉਹ ਪਿੱਛੇ ਮੁੜਨ ਲੱਗਦਾ ਹੈ। ਬਦਲਾਵ ਜੀਵਨ ਦੇ ਹਰ ਖੇਤਰ ਵਿਚ ਹੁੰਦਾ ਰਹਿੰਦਾ ਹੈ। ਕਦੇ ਇਹ ਬਦਲਾਵ ਅੱਗੇ ਵੱਲ ਨੂੰ ਹੁੰਦਾ ਹੈ ਤੇ ਕਦੇ ਪਿੱਛੇ ਵੱਲ ਨੂੰ ਹੋਣ ਲਗਦਾ ਹੈ। 'ਮਸਤ' ਕਹਾਣੀ ਵਿਚ ਕਹਾਣੀਕਾਰ ਨੇ ਕੁਦਰਤ ਨਾਲ ਜੁੜ ਰਹੇ ਕੁਝ ਅਜਿਹੇ ਲੋਕਾਂ ਦੀ ਗੱਲ ਕੀਤੀ ਹੈ ਜਿਹੜੇ ਵਿਕਸਤ ਸੱਭਿਅਤਾ ਦੇ ਸ਼ੋਰ ਤੋਂ ਉਕਤਾ ਕੇ ਆਪਣੇ ਆਪ ਨੂੰ ਨੈਚੂਰਿਸਟ ਕਹਾਉਂਦੇ ਹੋਏ ਬਿਨਾਂ ਕੱਪੜਿਆਂ ਤੋਂ ਘੁੰਮਦੇ ਹਨ। ਪਰ ਅਜਿਹਾ ਉਹ ਸ਼ੁਗਲ ਵਜੋਂ ਕਰਦੇ ਹਨ। ਇਹ ਲੋਕ ਯੂਰਪ ਵਿਚ ਅੱਸੀਵਿਆਂ ਵਿਚ ਫੈਸ਼ਨ ਪ੍ਰਸਤੀ ਲਈ ਚੱਲੀ ਲਹਿਰ ਦੀ ਪੈਦਾਇਸ਼ ਹਨ ਜਿਹੜੇ ਸਿਰਫ ਕੱਪੜਿਆਂ ਤੋਂ ਬਿਨਾਂ ਘੁੰਮਣ ਨੂੰ ਹੀ ਕੁਦਰਤ ਦੇ ਨੇੜੇ ਹੋਣਾ ਸਮਝਦੇ ਹਨ। ਇਸੇ ਤਰ੍ਹਾਂ ਦੂਜੀ ਕਹਾਣੀ 'ਮੈਰੀਅਨ' ਦੀ ਮੁੱਖ ਪਾਤਰ ਆਇਰਲੈਂਡ ਦੀ ਜੰਮ ਪਲ ਹੈ। ਆਇਰਲੈਂਡ ਵਿਚ ਬਿਨਾਂ ਵਿਆਹ ਤੋਂ ਬੱਚਾ ਲੈਣ ਵਾਲੀ ਔਰਤ ਨੂੰ ਸਮਾਜ ਵਿਚ ਸਵੀਕ੍ਰਿਤੀ ਨਹੀਂ ਮਿਲਦੀ। ਅਜਿਹੀਆਂ ਗਰਭਵਤੀ ਕੁੜੀਆਂ ਨੂੰ ਅਲੱਗ ਬਣੇ ਡਰੋਅ ਹਾਊਸ ਵਿਚ ਰੱਖਿਆ ਜਾਂਦਾ ਹੈ ਤੇ ਬੱਚਾ ਹੋਣ ਤੋਂ ਬਾਅਦ ਬੱਚਾ ਆਪਣੇ ਕੋਲ ਰੱਖ ਕੇ ਮਾਂ ਨੂੰ ਭੇਜ ਦਿੱਤਾ ਜਾਂਦਾ ਹੈ। ਅਜਿਹੇ ਬੱਚਿਆਂ ਨੂੰ ਅਮਰੀਕਨ ਲੋਕ ਮੋਟੀ ਰਕਮ ਦੇ ਕੇ ਗੋਦ ਲੈ ਲੈਂਦੇ ਹਨ। ਡਰੋਅ ਹਾਊਸ ਚੈਰਿਟੀ ਦੇ ਬਹਾਨੇ ਇਸਤੋਂ ਚੰਗੀ ਕਮਾਈ ਕਰਦੇ ਹਨ। ਮੈਰੀਅਨ ਆਪਣੀ ਧੀ ਐਡਨਾ ਤੋਂ ਵਿਛੜ ਕੇ ਅਜਿਹੀ ਵੇਦਨਾ ਹੰਢਾਉਂਦੀ ਹੈ।

ਹਰਜੀਤ ਅਟਵਾਲ ਪਰਵਾਸੀ ਪੰਜਾਬੀਆਂ ਦੀ ਮਾਨਸਿਕਤਾ ਨੂੰ ਖੁਰਦਬੀਨ ਨਾਲ ਦੇਖਦਾ ਹੈ। ਇਸ ਤਰ੍ਹਾਂ ਜਾਪਦਾ ਹੈ ਜਿਵੇਂ ਉਹ ਉਹਨਾਂ ਦੀ ਮਾਨਸਿਕਤਾ ਲੱਭਣ ਲਈ ਉਹਨਾਂ ਦੇ ਮਨ ਅੰਦਰ ਚਲਾ ਜਾਂਦਾ ਹੈ। ਇਸ ਪੱਖ ਤੋਂ 'ਚੀਅਰਜ਼' ਕਹਾਣੀ ਬਹੁਤ ਕਮਾਲ ਦਾ ਬਿਰਤਾਂਤ ਹੈ। ਵਿਦੇਸ਼ਾਂ ਵਿਚ ਜੰਮੇ ਪਲ਼ੇ ਬੱਚੇ ਆਪਣੀ ਮਰਜ਼ੀ ਦੀ ਜ਼ਿੰਦਗੀ ਜਿਉਣੀ ਚਾਹੁੰਦੇ ਹਨ। ਉਹ ਕਿਸੇ ਕੰਮ ਵਿਚ ਆਪਣੇ ਮਾਪਿਆਂ ਦੀ ਦਖਲ ਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ। ਜੀਵਨ ਸਾਥੀ ਦੀ ਚੋਣ ਕਰਨ ਸਮੇਂ ਭਾਰਤੀ/ਪੰਜਾਬੀ ਮਾਪਿਆਂ ਦੇ ਮਨ ਵਿਚ ਜਾਤ-ਪਾਤ ਤੇ ਰੰਗ ਨਸਲ ਦੇ ਸੁੱਤੇ ਪਏ ਸੰਸਕਾਰ ਮੁੜ ਜਾਗ ਪੈਂਦੇ ਹਨ। ਕਹਾਣੀ ਵਿਚ ਬਾਪ ਰਣਧੀਰ ਆਪਣੇ ਬੱਚਿਆਂ ਦੇ ਵਿਆਹ ਲਈ ਫਿਕਰਮੰਦ ਹੈ। ਉਹ ਆਪਣੀ ਪਤਨੀ ਨੂੰ ਆਪਣੀ ਸੋਚ ਬਦਲਣ ਲਈ ਆਖਦਾ ਹੈ, ਆਪਣੇ ਦੋਸਤਾਂ ਵਿਚ ਵੀ ਇਸ ਗੱਲ ਦਾ ਪ੍ਰਚਾਰ ਕਰਦਾ ਹੈ ਕਿ ਆਪਣੇ ਬੱਚਿਆਂ ਦੀ ਪਸੰਦ ਨੂੰ ਖੁਲ੍ਹਦਿਲੀ ਨਾਲ ਸਵੀਕਾਰ ਕਰਨਾ ਚਾਹੀਦਾ ਹੈ। ਪਰ ਉਸਦੇ ਅੰਦਰ ਵੀ ਸਾਮੰਤੀ ਸੰਸਕਾਰ ਸੁੱਤੇ ਪਏ ਹਨ। ਆਪਣੀ ਧੀ ਨੂੰ ਕਾਲ਼ੇ ਨਾਲ ਡਾਂਸ ਕਰਦੇ ਦੇਖ ਕੇ ਇਹ ਸੰਸਕਾਰ ਜਾਗ ਪੈਂਦੇ ਹਨ। ਇਕ ਪੰਜਾਬੀ ਮੁੰਡੇ ਪ੍ਰਿਤਪਾਲ ਵੱਲੋਂ ਕਾਲ਼ੇ ਨੂੰ ਪਾਸੇ ਹਟਾ ਦੇਣ ਨਾਲ ਉਸਨੂੰ ਸੁਖ ਦਾ ਸਾਹ ਆਉਂਦਾ ਹੈ। ਇਸੇ ਤਰ੍ਹਾਂ 'ਅੱਕ' ਕਹਾਣੀ ਦਾ ਬਾਪ ਆਪਣੀ ਧੀ ਪ੍ਰੀਤੀ ਦੇ ਰਿਸ਼ਤੇ ਵਿਚ ਦੇਰੀ ਲਈ ਜ਼ੁੰਮੇਵਾਰ ਹੋ ਨਿਬੜਦਾ ਹੈ। ਉਸਦੇ ਮਨ ਵਿਚ ਵਸਿਆ ਜਾਤ-ਪਾਤ ਦਾ ਸੰਕਲਪ ਉਸਨੂੰ ਆਪਣੀ ਹੱਦ ਤੋਂ ਬਾਹਰ ਨਹੀਂ ਸੋਚਣ ਦਿੰਦਾ।

ਹਰਜੀਤ ਅਟਵਾਲ ਨੇ ਪਰਵਾਸੀ ਜੀਵਨ ਜਾਚ ਵਿਚ ਅਜਿਹੀ ਭਟਕਣਾ ਦਾ ਵੀ ਜ਼ਿਕਰ ਕੀਤਾ ਹੈ ਜਿਸਦਾ ਕੋਈ ਠੋਸ ਕਾਰਨ ਨਜ਼ਰ ਨਹੀਂ ਆਉਂਦਾ। 'ਪਰਛਾਵੇਂ' ਕਹਾਣੀ ਦੀ ਨਾਇਕਾ ਨਿੰਮੀ ਅਜਿਹੀ ਹੀ ਭਟਕਣਾ ਦਾ ਸ਼ਿਕਾਰ ਹੈ। ਉਸਦਾ ਚਰਿੱਤਰਕ ਖਾਸਾ ਅਜਿਹੀ ਭਟਕਣਾ ਵਾਲਾ ਕਿਉਂ ਹੈ? ਆਪਣੇ ਮਾਂ-ਬਾਪ ਤੋਂ ਅਲੱਗ ਰਹਿਣ ਦਾ ਕੀ ਕਾਰਨ ਹੈ? ਕਿਸੇ ਵੀ ਇਕ ਮਰਦ ਨਾਲ ਬੱਝ ਕੇ ਨਾ ਰਹਿਣ ਦਾ ਕੀ ਕਾਰਨ ਹੈ? ਅਜਿਹੇ ਕੁਝ ਸਵਾਲ ਹਨ ਜਿਹੜੇ ਇਸ ਭਟਕਣਾ ਦਾ ਜ਼ਿਕਰ ਤਾਂ ਕਰਦੇ ਹਨ ਪਰ ਕਹਾਣੀ ਵਿਚ ਇਸਦੇ ਕਾਰਨਾਂ ਵੱਲ ਇਸ਼ਾਰਾ ਨਹੀਂ ਮਿਲਦਾ। ਨਿੰਮੀ ਦੀ ਸਥਿਤੀ ਪਰਵਾਸੀ ਪੰਜਾਬੀ ਨਾਰੀ ਦੀ ਵਰਤਮਾਨ ਸਥਿਤੀ ਹੈ।

ਜ਼ਿਆਦਾਤਰ ਕਹਾਣੀਆਂ ਵਿਚ ਪਰੰਪਰਾਗਤ ਪਰਵਾਸੀ ਮਸਲਿਆਂ 'ਤੇ ਕੇਂਦਰਤ ਕੀਤਾ ਗਿਆ ਹੈ। ਕਹਾਣੀਆਂ ਵਿਚ ਜਿੱਥੇ ਰਿਸ਼ਤਿਆਂ ਦਾ ਪੈਰਾਡਾਈਮ ਪੂੰਜੀਵਾਦੀ ਮੁਹਾਂਦਰੇ ਵਾਲਾ ਹੈ ਉੱਥੇ ਸਾਮੰਤੀ ਦੌਰ ਦੇ ਹੰਢਣਸਾਰ ਰਿਸ਼ਤਿਆਂ ਦੀ ਝਲਕ ਵੀ ਦੇਖਣ ਨੂੰ ਮਿਲਦੀ ਹੈ।'ਵਰ੍ਹੇ ਗੰਢ ਮੁਬਾਰਕ' ਕਹਾਣੀ ਵਿਚ ਆਪਣੇ ਪੂੰਜੀਵਾਦੀ ਸਵਾਰਥੀ ਹਿਤਾਂ ਲਈ ਮਾਂ-ਬਾਪ ਨਾਲ ਰਿਸ਼ਤਾ ਰੱਖਣ ਵਾਲੀ ਔਲਾਦ ਦਾ ਬਿਰਤਾਂਤ ਹੈ। ਅਵਤਾਰ ਆਪਣੇ ਮਾਂ-ਬਾਪ ਤੋਂ ਪ੍ਰਾਪਰਟੀ ਹਾਸਿਲ ਕਰਨ ਲਈ ਉਹਨਾਂ ਨਾਲ ਮੋਹ ਜਤਾਉਂਦਾ ਹੈ, ਉਂਝ ਉਹਨਾਂ ਤੋਂ ਅਲੱਗ ਰਹਿੰਦਾ ਉਹਨਾਂ ਨੂੰ ਬਿਰਧ ਆਸ਼ਰਮ ਛੱਡਣ ਬਾਰੇ ਸੋਚਦਾ ਹੈ। 'ਧੁੱਪ ਦੇ ਪੈਰਾਂ ਹੇਠ' ਅਤੇ 'ਮੋਢਾ' ਕਹਾਣੀਆਂ ਸਾਮੰਤੀ ਦੌਰ ਦੇ ਹੰਢਣਸਾਰ ਰਿਸ਼ਤਿਆਂ ਦੀ ਗਾਥਾ ਹਨ। 'ਧੁੱਪ ਦੇ ਪੈਰਾਂ ਹੇਠ' ਕਹਾਣੀ ਪਿਆਰ ਤੇ ਕੁਰਬਾਨੀ ਦੀ ਨਿੱਗਰ ਮਿਸਾਲ ਹੈ। ਇਸੇ ਤਰ੍ਹਾਂ 'ਮੋਢਾ' ਕਹਾਣੀ ਦੀ ਮੁੱਖ ਪਾਤਰ ਪੱਲਵੀ ਇਕ ਜ਼ਿੰਦਾਦਿਲ ਔਰਤ ਵਜੋਂ ਸਥਾਪਤ ਹੋਈ ਹੈ। ਉਹ ਰਿਸ਼ਤਿਆਂ ਦੀ ਮਰਿਆਦਾ ਨੂੰ ਸਮਝਦੀ ਹੈ। ਲਵੀ ਨਾਲ ਵਿਆਹ ਨਾ ਹੋ ਸਕਣ 'ਤੇ ਨਿਰਾਸ਼ ਹੋਣ ਦੀ ਥਾਂ ਜ਼ਿੰਦਾਦਿਲੀ ਨਾਲ ਜਿਉਂਦੀ ਹੈ। ਆਪਣੇ ਪਰਿਵਾਰਕ ਤੇ ਵਿਆਹੁਤਾ ਜੀਵਨ ਦੇ ਤਬਾਹ ਹੋਣ ਕਾਰਨ ਅੰਦਰੋਂ ਉਹ ਬੇਸ਼ੱਕ ਟੁੱਟੀ ਹੁੰਦੀ ਹੈ ਪਰ ਬਾਹਰੋਂ ਉਹ ਸਹਿਜ ਰਹਿੰਦੀ ਹੈ। ਕਹਾਣੀ ਦੀ ਖੂਬਸੂਰਤੀ ਇਸ ਗੱਲ ਵਿਚ ਵੀ ਨਜ਼ਰ ਆਉਂਦੀ ਹੈ ਕਿ ਜਦ ਮਨੁੱਖ ਵਧੇਰੇ ਦੁੱਖ ਵਿਚ ਹੁੰਦਾ ਹੈ ਤਾਂ ਆਪਣਿਆਂ ਦਾ ਮੋਢਾ ਉਸਨੂੰ ਸਕੂਨ ਦਿੰਦਾ ਹੈ। ਇਸੇ ਤਰ੍ਹਾਂ 'ਗਵਾਂਢੀ' ਕਹਾਣੀ ਪੰਜਾਬੀਆਂ ਤੇ ਗੋਰਿਆਂ ਦੇ ਆਪਸੀ ਸਹਿਚਾਰ ਨੂੰ ਉਸਾਰਨ ਦੀ ਕੋਸ਼ਿਸ਼ ਕਰਦੀ ਹੈ। ਪਰ ਗਵਾਂਢੀਆਂ ਵਿਚ ਇਹ ਸਹਿਚਾਰ ਪੱਛਮ ਵਿਚ ਉਸ ਤਰ੍ਹਾਂ ਨਹੀਂ ਉੱਸਰ ਸਕਦਾ ਜਿਸ ਤਰ੍ਹਾਂ ਪੂਰਬ ਵਿਚ ਹੈ। ਕਹਾਣੀ ਵਿਚ ਮੈਂ ਪਾਤਰ ਤੇ ਉਸਦੀ ਪਤਨੀ ਚੇਤਨੀ ਆਪਣੇ ਗੋਰੇ ਗਵਾਂਢੀ ਹੈਰੀ ਨਾਲ ਨੇੜਤਾ ਬਣਾਉਂਦੇ ਹਨ। ਹੈਰੀ ਘਰ ਵਿਚ ਮਰ ਜਾਂਦਾ ਹੈ ਤੇ ਉਸਦਾ ਕੁੱਤਾ ਵੀ ਭੁੱਖ ਨਾਲ ਮਰ ਜਾਂਦਾ ਹੈ। ਉਹਨਾਂ ਦੀ ਮੌਤ ਬਾਰੇ ਕਈ ਦਿਨ ਕਿਸੇ ਨੂੰ ਪਤਾ ਹੀ ਨਹੀਂ ਲੱਗਦਾ। 'ਤਿਤਲੀ' ਕਹਾਣੀ ਵੀ ਰਿਸ਼ਤਿਆਂ ਦਾ ਭਾਵੁਕ ਦੁਖਾਂਤ ਹੈ। ਰਿਸ਼ਤਿਆਂ ਪੱਖੋਂ ਇਕ ਵਾਰ ਟੁੱਟ ਚੁੱਕਾ ਮਨੁੱਖ ਕਈ ਵਾਰ ਚਾਹ ਕੇ ਵੀ ਆਪਣੇ ਆਪ ਨੂੰ ਦੂਜੀ ਵਾਰ ਚੰਗੇ ਰਿਸ਼ਤੇ ਵਿਚ ਨਹੀਂ ਬੰਨ੍ਹ ਪਾਉਂਦਾ। ਕਹਾਣੀ ਦਾ ਮੈਂ ਪਾਤਰ ਮਿਸਟਰ ਸਿੰਘ ਤੇ ਨਿੰਮੀ ਦੋਨੋਂ ਹੀ ਟੁੱਟੇ ਹੋਏ ਹਨ। ਇਕ ਦੂਜੇ ਦੀ ਮੱਦਦ ਕਰਦਿਆਂ ਉਹਨਾਂ ਵਿਚ ਚੰਗੀ ਭਾਵੁਕ ਸਾਂਝ ਉੱਸਰ ਜਾਂਦੀ ਹੈ ਪਰ ਸਿੰਘ ਨਿੰਮੀ ਨਾਲ ਪਿਆਰ ਹੋਣ ਦੇ ਬਾਵਜੂਦ ਵਿਆਹ ਨਹੀਂ ਕਰਵਾਉਂਦਾ। ਮਿਸਟਰ ਸਿੰਘ ਨਿੰਮੀ ਦੇ ਦੋ ਬੱਚਿਆਂ ਨਾਲ ਚਾਹ ਕੇ ਵੀ ਭਾਵੁਕ ਸਾਂਝ ਨਹੀਂ ਬਣਾ ਸਕਦਾ। 'ਗੁਰੂ' ਕਹਾਣੀ ਗੁਰੂ ਚੇਲੇ ਦੇ ਰਿਸ਼ਤੇ ਨੂੰ ਨਵੀਂ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ। ਕਲਾਸੀਕਲ ਗਾਇਕ ਕੁਲਵੰਤ ਆਪਣੀ ਗੁਰੂ ਇੰਦੂ ਬਾਲਾ ਦਾ ਸ਼ਾਗਿਰਦ ਬਣ ਕੇ ਗਾਇਕੀ ਦੀਆਂ ਬਾਰੀਕੀਆਂ ਸਿੱਖਦਾ ਹੈ। ਇੰਦੂ ਬਾਲਾ ਉਸਦੀ ਝਿਜਕ ਤੇ ਡਰ ਖਤਮ ਕਰਨ ਲਈ ਉਸ ਨਾਲ ਸਰੀਰਕ ਸੰਬੰਧ ਬਣਾ ਲੈਂਦੀ ਹੈ। ਉਹ ਇਕੱਠੇ ਸਟੇਜ 'ਤੇ ਪ੍ਰੋਗਰਾਮ ਕਰ ਕੇ ਬਹੁਤ ਪੈਸੇ ਕਮਾਉਂਦੇ ਹਨ ਪਰ ਗੁਰੂ ਚੇਲੇ ਵਾਲਾ ਪਿਆਰ-ਸਤਿਕਾਰ ਤੇ ਡਰ ਖਤਮ ਹੋ ਜਾਂਦਾ ਹੈ।

ਪਰਵਾਸੀ ਪੰਜਾਬੀ ਇਕ ਪਾਸੇ ਆਪਣੇ ਬੱਚਿਆਂ ਨੂੰ ਪੱਛਮੀ ਰੰਗ ਵਿਚ ਰੰਗੇ ਜਾਣ ਤੋਂ

ਰੋਕਣਾ ਵੀ ਚਾਹੁੰਦੇ ਹਨ ਦੂਜੇ ਪਾਸੇ ਉਹਨਾਂ ਲਈ ਸੋਸਾਇਟੀ ਵਿਚ ਚੰਗੀ ਸਪੇਸ ਵੀ ਹਾਸਲ ਕਰਨਾ ਚਾਹੁੰਦੇ ਹਨ। 'ਜਿੰਦਗੀ ਕੁਝ ਇਸ ਤਰ੍ਹਾਂ' ਕਹਾਣੀ ਦੀ ਚਰਨਜੀਤ ਕੌਰ ਆਪਣੇ ਪਤੀ ਤੋਂ ਅਲੱਗ ਰਹਿੰਦੀ ਹੈ। ਉਹ ਆਪਣੇ ਪੁੱਤਰ ਨੂੰ ਲੋਲ੍ਹਾ ਸਮਝਦੀ ਹੈ ਜਿਸਨੂੰ ਦੁਨੀਆਂਦਾਰੀ ਦੀ ਸਮਝ ਨਹੀਂ ਹੈ। ਆਪਣੀਆਂ ਖਵਾਹਿਸ਼ਾਂ ਨੂੰ ਦੱਬ ਕੇ ਉਹ ਆਪਣੇ ਪੁੱਤਰ ਨੂੰ ਦੁਨੀਆਦਾਰੀ ਦੀ ਸਮਝ ਵਿਚ ਪਰਿਪੱਕ ਕਰਨ ਦੀ ਇੱਛੁਕ ਹੈ ਪਰ ਜਦੋਂ ਉਸਨੂੰ ਪਤਾ ਲੱਗਦਾ ਕਿ ਉਸਦਾ ਪੁੱਤਰ ਪੱਛਮੀ ਕਲਚਰ ਦੇ ਸਾਰੇ ਵਿਗਾੜਾਂ ਤੋਂ ਭਲੀ ਭਾਂਤ ਜਾਣੂੰ ਹੈ ਤਾਂ ਉਸ ਅੰਦਰ ਦੱਬੀਆਂ ਕਾਮੁਕ ਖਾਹਿਸ਼ਾਂ ਵੀ ਸਿਰ ਚੁੱਕਣ ਲੱਗਦੀਆਂ ਹਨ।

ਹਰਜੀਤ ਅਟਵਾਲ ਕਹਾਣੀ ਲਿਖਣ ਲਈ ਕੋਈ ਉਚੇਚ ਨਹੀਂ ਕਰਦਾ। ਕਹਾਣੀਆਂ ਵਿਚ ਪੱਛਮੀ ਦੇਸ਼ਾਂ ਦੇ ਤੇਜ਼ ਤਰਾਰ ਜੀਵਨ ਵਿਚ ਵਿਚਰਦੇ ਪਾਤਰਾਂ ਦਾ ਬਿਰਤਾਂਤ ਬੜੇ ਸਹਿਜ ਰੂਪ ਵਿਚ ਚੱਲਦਾ ਹੈ। ਹਰਜੀਤ ਅਟਵਾਲ ਨੂੰ ਕਹਾਣੀ ਬੁਣਨੀ ਆਉਂਦੀ ਹੈ। ਬਿਰਤਾਂਤਕ ਸੰਗਠਨ ਬਹੁਤਾ ਉਲਝਣ ਵਾਲਾ ਨਹੀਂ ਬਲਕਿ ਸਿੱਧ ਪੱਧਰੀ ਪਲਾਟ ਉਸਾਰੀ ਹੈ। ਕਹਾਣੀਆਂ ਦਾ ਅੰਤ ਵਿਸਫੋਟਕ ਹੋਣ ਦੀ ਥਾਂ ਸਹਿਜ ਰੂਪ ਵਿਚ ਛੱਡਿਆ ਗਿਆ ਹੈ। ਕਹਾਣੀਆਂ ਦੇ ਪਾਤਰ ਆਪੋ ਆਪਣੇ ਜਮਾਤੀ ਖਾਸੇ ਦੀ ਪ੍ਰਤੀਨਿਧਤਾ ਕਰਦੇ ਹਨ। ਭਾਰਤੀ ਔਰਤਾਂ ਵਿਦੇਸ਼ੀ ਔਰਤਾਂ ਦੇ ਟਾਕਰੇ ਵਧੇਰੇ ਨਿੱਗਰ ਰੂਪ ਵਿਚ ਪੇਸ਼ ਹੋਈਆਂ ਹਨ। 'ਤਿਤਲੀ' ਕਹਾਣੀ ਦੀ ਨਿੰਮੀ ਤੇ 'ਮੋਢਾ' ਕਹਾਣੀ ਦੀ ਪੱਲਵੀ ਦਾ ਚਰਿੱਤਰਕ ਖਾਸਾ ਇਸ ਪੱਖ ਤੋਂ ਵਿਸ਼ੇਸ਼ ਰੂਪ ਵਿਚ ਦੇਖਿਆ ਜਾ ਸਕਦਾ ਹੈ। ਕਹਾਣੀਆਂ ਵਿਚ ਕਹਾਣੀ ਰਸ ਦੀ ਬਹੁਤਾਤ ਪਾਠਕ ਨੂੰ ਨਾਲ ਜੋੜੀ ਰੱਖਦੀ ਹੈ। ਜਿਸ ਤਰ੍ਹਾਂ ਪਾਤਰਾਂ ਦੇ ਵਿਹਾਰ ਦੀ ਇਕ ਭਾਸ਼ਾ ਹੁੰਦੀ ਹੈ ਉਸੇ ਤਰ੍ਹਾਂ ਸਰੀਰ ਦੀ ਵੀ ਇਕ ਭਾਸ਼ਾ ਹੁੰਦੀ ਹੈ। ਕਾਮ

ਵਿਹਾਰ ਦੀ ਭਾਸ਼ਾ ਨੂੰ 'ਪਰਛਾਵੇਂ' ਤੇ 'ਜਿੰਦਗੀ ਕੁਝ ਇਸ ਤਰ੍ਹਾਂ' ਕਹਾਣੀਆਂ ਵਿਚ ਪੇਸ਼ ਵੱਖ-ਵੱਖ ਪ੍ਰਤੀਕਾਂ ਰਾਹੀਂ ਸਮਝਿਆ ਜਾ ਸਕਦਾ ਹੈ। ਸਮੁੱਚੇ ਰੂਪ ਵਿਚ ਇਹ ਕਹਾਣੀ ਸੰਗ੍ਰਹਿ ਪਰਵਾਸੀ ਪੰਜਾਬੀ ਕਹਾਣੀ ਵਿਚ ਮੁੱਲਵਾਨ ਵਾਧਾ ਹੈ। **-(ਡਾ.) ਹਰਿੰਦਰ ਸਿੰਘ**

## ਝਾਂਜਰਾਂ ਵਾਲੇ ਪੈਰ (ਕਹਾਣੀ ਸੰਗ੍ਰਹਿ) ਅਰਵਿੰਦਰ ਕੌਰ ਧਾਲੀਵਾਲ

ਅਨੁਵਾਦ, ਲਿਪਿਅੰਤਰ, ਆਲੋਚਨਾ ਦੇ ਖੇਤਰ ਵਿਚ ਗੌਲਣਯੋਗ ਕੰਮ ਕੀਤਾ ਹੋਣ ਕਰ ਕੇ ਅਰਵਿੰਦਰ ਕੌਰ ਧਾਲੀਵਾਲ ਦੇ ਨਾਂ ਤੋਂ ਪੰਜਾਬੀ ਪਾਠਕ ਵਾਕਫ਼ ਹਨ, ਪਰ ਇਕ ਕਹਾਣੀਕਾਰ ਵਜੋਂ ਉਸਦੀ ਜਾਣ ਪਛਾਣ ਮੁਕਾਬਲਤਨ ਨਵੀਂ ਹੀ ਹੋਈ ਹੈ। 'ਝਾਂਜਰਾਂ ਵਾਲੇ ਪੈਰ' (ਪੰਨੇ 120, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ) ਉਸਦਾ ਪਲੇਠਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਸ਼ਾਮਲ ਦਸ ਕਹਾਣੀਆਂ ਕਹਾਣੀ ਵਿਧਾ ਉੱਤੇ ਅਰਵਿੰਦਰ ਕੌਰ ਦੀ ਪੀਡੀ ਪਕੜ ਦਾ ਪ੍ਰਮਾਣ ਹਨ।

ਪਹਿਲੀ ਕਹਾਣੀ 'ਆਪਣੇ ਹਿੱਸੇ ਦਾ ਅਸਮਾਨ' ਦਿਆਲ ਤੇ ਪਾਲੀ ਦੀ ਵਿਆਹੁਤਾ ਜ਼ਿੰਦਗੀ ਵਿਚ ਆਏ ਤੂਫ਼ਾਨ ਦਾ ਵਰਨਣ ਕਰਦੀ ਹੈ। ਪੰਜ ਸਾਲ ਦੀ ਵਿਆਹੁਤਾ ਜ਼ਿੰਦਗੀ ਮਾਣ ਰਿਹਾ ਦਿਆਲ ਉਸ ਵੇਲੇ ਪਰੇਸ਼ਾਨ ਹੋ ਜਾਂਦਾ ਹੈ ਜਦੋਂ ਡਾਕਟਰੀ ਰਿਪੋਰਟ ਮੁਤਾਬਕ ਉਸਦੇ ਬਾਪ ਨਾ ਬਣ ਸਕਣ ਦੇ ਵਿਪਰੀਤ ਮਾਂ ਦੁਆਰਾ ਉਸਨੂੰ ਖ਼ੁਸ਼ੀ ਦੀ ਖ਼ਬਰ ਦਿੱਤੀ ਜਾਂਦੀ ਹੈ ਕਿ ਉਹ ਬਾਪ ਬਣਨ ਵਾਲਾ ਹੈ। ਮਾਨਸਕਿ ਕਲੇਸ਼ ਕਾਰਨ ਜਦੋਂ ਉਹ ਅੰਤਾਂ ਦੀ ਪਿਆਰੀ ਆਪਣੀ ਪਤਨੀ ਪਾਲੀ ਉੱਤੇ ਕਹਿਰਵਾਨ ਹੁੰਦਾ ਹੈ ਤਾਂ ਉਹ ਸ਼ੀਂਹਣੀ ਵਾਂਗ ਗਰਜਦੀ ਆਪਣੇ ਸੱਚ 'ਤੇ ਡਟਦੀ ਹੈ: "ਅੱਵਲ ਤੇ ਮੈਂ ਮੰਨਦੀ ਨਹੀਂ ਕਿ ਇਹ ਤੇਰਾ ਨਹੀਂ... ਪਰ ਹਾਂ ਤੇਰੇ ਮੁਤਾਬਕ ਜੇ ਇਹ ਤੇਰਾ ਵੀ ਨਹੀਂ ਏ...ਤਾਂ ਵੀ ਇਹ ਮੇਰਾ ਤੇ ਹੈ...ਬਲਕਿ ਅੱਜ ਤੋਂ ਸਿਰਫ ਮੇਰਾ ਹੈ...ਤੂੰ ਮੈਨੂੰ ਛੱਡਣਾ ਚਾਹੁੰਦਾ ਏਂ ਛੱਡ ਦੇ...ਤੂੰ ਆਪਣੇ ਸ਼ੱਕ ਨਾਲ ਜੀਅ, ਮੈਂ ਆਪਣੇ ਬੱਚੇ ਨਾਲ ਜੀਵਾਂਗੀ...।" ਕਹਾਣੀ ਵਿਚ ਹਰ ਪਾਤਰ ਦਾ ਮਨੋਵਿਸ਼ਲੇਸ਼ਨ

ਬਹੁਤ ਹੀ ਖੂਬਸੂਰਤ ਕਲਾਮਈ ਢੰਗ ਨਾਲ ਦਾ ਪੇਸ਼ ਹੋਇਆ ਹੈ।

'ਆਖਿਰ ਉਹ ਹਾਰ ਗਿਆ' ਦੋ ਸਹੇਲੀਆਂ, ਗੀਤ ਤੇ ਮਨਜੀਤ ਦੀ ਬਚਪਨ ਤੇ ਜਵਾਨੀ ਵਿਚ ਪਿਆਰ ਦੀ ਬਾਤ ਪਾਉਂਦੀ ਉਹਨਾਂ ਦੋਵਾਂ ਵਿਚਕਾਰ ਪਨਪਦੇ ਅਸਹਿਜ ਸੰਬੰਧਾਂ ਦੀ ਕਨਸੋਅ ਦਿੰਦੀ ਹੈ। ਇਕ ਪੜਾਅ 'ਤੇ ਗੀਤ ਵੱਲੋਂ ਉਪਰਾਮ ਹੁੰਦੀ ਮਨਜੀਤ ਉਸਦੇ ਭਰਾ ਸੁੱਖ ਵੱਲ ਖਿੱਚੀ ਜਾਂਦੀ ਹੈ. ਜਿਸ 'ਤੇ ਗੀਤ ਦਾ ਪ੍ਰਤਿਕਰਮ ਬੜੇ ਤਿੱਖੇ ਵਿਰੋਧ ਵਾਲਾ ਹੁੰਦਾ ਹੈ। ਉਸਤੋਂ ਪਿੱਛੋਂ ਸੁੱਖ ਕੈਨੇਡਾ ਪੜ੍ਹਨ ਚਲਾ ਜਾਂਦਾ ਹੈ। ਦੋਵੇਂ ਸਹੇਲੀਆਂ ਵੀ ਵਿਆਹ ਉਪਰੰਤ ਨਹੀਂ ਮਿਲਦੀਆਂ। ਸੁੱਖ ਦੇ ਕਨੇਡਾ ਤੋਂ ਪਰਤਣ ਉਪਰੰਤ ਉਸਨੂੰ ਮਿਲਣ 'ਤੇ ਗੀਤ ਨੂੰ ਮਾਤ ਦੇਣ ਦੇ ਭਾਵ ਨਾਲ ਮਨਜੀਤ ਸੁੱਖ ਨੂੰ ਕਹਿੰਦੀ ਹੈ ਕਿ ਉਹ ਗੀਤ ਨੂੰ ਉਹਨਾਂ ਦੋਹਾਂ ਦੀ ਮਿਲਣੀ ਬਾਰੇ ਦੱਸੇ। ਉਸਨੂੰ ਜਾਪਦਾ ਹੈ ਜਿਵੇਂ ਸੁੱਖ ਤੇ ਗੀਤ ਉਸ ਹੱਥੋਂ ਹਾਰ ਗਏ ਹੋਣ; ਜਦਕਿ ਸੁੱਖ ਦੇ ਕਹਿਣ ਅਨੁਸਾਰ ਉਸ ਦਾ ਸ਼ਿਕਾਰ ਇਕ ਹੋਰ ਮਾਰੀ ਬਿੱਲੀ ਸੀ।

'ਝਾਂਜਰਾਂ ਵਾਲੇ ਪੈਰ' ਇਸ ਸੰਗ੍ਰਹਿ ਦੇ ਸਿਰਲੇਖ ਵਾਲੀ ਕਹਾਣੀ ਹੈ ਜਿਸ ਵਿਚਲਾ ਕਤਲ ਦੇ ਅਪਰਾਧ ਦਾ ਦੋਸ਼ੀ ਲਾਸ਼ਘਰ ਵਿਚ ਲਾਸ਼ਾਂ ਦੀ ਸੰਭਾਲ ਕਰਦਾ ਪਾਤਰ ਮੁਰਦਾ ਜ਼ਨਾਨੀਆਂ ਨਾਲ ਸੰਭੋਗ ਕਰਨ ਦੀਆਂ ਆਪਣੀਆਂ ਹਰਕਤਾਂ ਦਾ ਇਕਬਾਲ ਕਰਦਾ ਹੈ। ਲਾਸ਼ਾਂ ਨਾਲ ਆਪਣੀ ਭੁੱਖ ਮਿਟਾਉਣ ਵਾਲੇ ਇਸ ਪਾਤਰ ਦੀ ਹੋਣੀ ਇਹ ਹੈ ਕਿ ਉਹ ਆਪਣੀ ਪਤਨੀ ਲਾਲੀ ਦੇ ਦਿਓਰ ਰਾਸ਼ਦ ਨਾਲ ਨਾਜਾਇਜ਼ ਸੰਬੰਧਾਂ ਨੂੰ ਤਾਂ ਅੰਦਰੋਂ ਅੰਦਰੀ ਪੀ ਜਾਂਦਾ ਹੈ। ਪਰ ਆਪਣੇ ਕੁੱਤੇ ਭੂਰੇ ਦਾ ਭਰਾ ਵੱਲੋਂ ਆਚਾਰ ਪਾ ਕੇ ਵੇਚਣ ਦਾ ਦੁੱਖ ਨਹੀਂ ਜਰ ਸਕਦਾ ਤੇ ਭਰਾ ਦਾ ਕਤਲ ਕਰ ਦਿੰਦਾ ਹੈ। ਕਹਾਣੀਕਾਰਾ ਦੀ ਸੰਵੇਦਨਾ ਹਰ ਪਾਤਰ ਨਾਲ ਜੁੜੀ ਹੋਈ ਹੈ।

'ਗਰਦਿਸ਼' ਕਹਾਣੀ ਕਰੋਨਾ ਸਮੇਂ ਦੇ ਹਾਲਾਤ ਨੂੰ ਚਿਤਰਦੀ ਹੈ ਜਦੋਂ ਜ਼ਿੰਦਗੀ ਇਕ ਦਮ ਰੁਕ ਗਈ ਸੀ। ਇਸ ਵਿਚ ਨਸੀਬ ਕੌਰ ਦੇ ਪਤੀ ਤੇ ਪੁੱਤਰ ਤੋਂ ਵਿਹੂਣੇ ਘਰ ਦਾ ਦ੍ਰਿਸ਼ ਪੇਸ਼ ਹੋਇਆ ਹੈ। ਨਸੀਬ ਕੌਰ ਨੂੰ ਅਮਰੀਕਾ ਵਿਚ ਗਏ ਆਪਣੇ ਪੋਤਰੇ ਉਦੇਨੂਰ ਦਾ ਫਿਕਰ ਹੈ। ਪੋਤੇ ਦੀ ਰਾਜ਼ੀ ਖੁਸ਼ੀ ਦੀ ਖ਼ਬਰ ਮਿਲਦਿਆਂ ਦਾਦੀ ਸੁਖ ਦਾ ਸਾਹ ਲੈਂਦੀ ਹੈ। ਦੂਜੇ ਬੰਨੇ ਘਰ ਦੀ ਸਾਂਭ ਸੰਭਾਲ਼ ਕਰਦੇ ਪਰਵਾਸੀ ਮਜ਼ਦੂਰ ਲਾਲੂ, ਜਿਸਦੇ ਹੱਥਾਂ 'ਚ ਨਸੀਬ ਕੌਰ ਦਾ ਪੁੱਤ ਤੇ ਪੋਤਰਾ ਪਲ਼ੇ ਸਨ, ਦਾ ਦੁਖਾਂਤ ਸਾਹਮਣੇ ਆਉਂਦਾ ਹੈ । ਲਾਲੂ ਦੇ ਭਰਾ ਦਾ ਟੱਬਰ ਰੇਲ ਗੱਡੀ ਥੱਲੇ ਆ ਕੇ ਵੱਢਿਆ ਜਾਂਦਾ ਹੈ। ਉਸੇ ਵੇਲ਼ੇ ਜਦੋਂ ਲਾਲੂ ਆਪਣੇ ਭਰਾ ਦੇ ਪਰਿਵਾਰ ਦੇ ਖਾਤਮੇ ਦੇ ਦੁੱਖ ਵਿਚ ਰੋ ਰਿਹਾ ਹੈ, ਦਾਦੀ ਦੀ ਖੁਸ਼ੀ ਮਾਨਵਵਾਦ ਦੀ ਭਾਵਨਾ ਨੂੰ ਕਟਹਿਰੇ ਵਿਚ ਲਿਆਉਂਦੀ ਹੈ ਕਿ ਕੀ ਸਾਡੀ ਸੰਵੇਦਨਾ ਮਰ ਚੁੱਕੀ ਹੈ ਜੋ ਘਰ ਦੇ ਪਰਵਾਸੀ ਕਾਮੇ ਦੇ ਦੁੱਖ ਨਾਲ ਸਾਡਾ ਕੋਈ ਵਾਹ ਵਾਸਤਾ ਨਾ ਹੋਵੇ।

'ਹੈਸ਼ ਟੈਗ#ਤੂੰ ਉਹ' ਕਹਾਣੀ ਔਰਤ ਮਰਦ ਸੰਬੰਧਾਂ ਵਿਚ ਤੀਜੀ ਧਿਰ ਦੇ ਦਖ਼ਲ ਦੁਆਲੇ ਘੁੰਮਦੀ ਹੈ: "ਸਾਡੇ ਸਮਾਜ ਵਿਚ ਸਿਰਫ ਕਹਿਣ ਨੂੰ ਹੀ ਕਿਹਾ ਜਾਂਦਾ ਹੈ ਕਿ ਬੰਦੇ ਔਰਤਖੋਰ ਹੁੰਦੇ ਹਨ, ਕਈ ਜ਼ਨਾਨੀਆਂ ਵੀ ਮਰਦਬਾਜ਼ ਹੁੰਦੀਆਂ ਹਨ। " ਕਹਾਣੀ ਇਸੇ ਹੀ ਤਰ੍ਹਾਂ ਦੀ ਜ਼ਨਾਨੀ ਸੱਤੀ ਦੀ ਗੱਲ ਕਰਦੀ ਹੈ ਜੋ ਆਪਣੇ ਰਿਸ਼ਤੇ ਵਿਚੋਂ ਲੱਗਦੇ ਦਿਓਰ ਦੀ ਜ਼ਿੰਦਗੀ ਨੂੰ ਉਲਝਾਈ ਰੱਖਦੀ ਹੈ ਅਤੇ ਕੁਸ਼ਲ ਨਾਂ ਦਾ ਇਹ ਦਿਉਰ ਜਦੋਂ ਇਕ ਰਾਤ ਆਪਣੀ ਪਤਨੀ ਸੀਤਲ ਨੂੰ ਸਰੀਰਕ ਲੋੜਾਂ ਦੀ ਪੂਰਤੀ ਲਈ ਪ੍ਰੇਰਦਾ ਹੈ ਤਾਂ ਉਸਦੀ ਪਤਨੀ ਸੀਤਲ ਦਾ ਦੋ ਟੁਕ ਫੈਸਲਾ ਹੈ: "ਮੈਂ ਕੋਈ ਸ਼ੈਲਫ 'ਤੇ ਸਜਾਇਆ ਭਾਂਡਾ ਨਹੀਂ ਜਿਸਨੂੰ ਜਦੋਂ ਚਾਹਿਆ ਵਰਤ ਲਿਆ...ਜੇ ਤੂੰ ਪੂਰੀ ਤਰ੍ਹਾਂ ਨਾਲ ਮੇਰਾ ਨਹੀਂ ਤਾਂ ਮੈਂ ਵੀ ਤੇਰੀ ਨਹੀਂ...ਅੱਜ ਤੋਂ ਸਿਰਫ ਤੂੰ ਮੇਰੇ ਬੱਚੇ ਦਾ ਬਾਪ...ਤੇ ਸੱਤੀ ਦਾ ਹੈਸ਼ਟੈਗ। "

'ਨੀਲੇ ਮੋਰਾਂ ਵਾਲੀ ਚਾਦਰ' ਨਾਂ ਦੀ ਕਹਾਣੀ ਖੂਬਸੂਰਤ ਸੱਚੇ ਸੁੱਚੇ ਮੁਹੱਬਤੀ ਰਿਸ਼ਤੇ ਦੀ ਬਾਤ ਪਾਉਂਦੀ ਹੈ। ਕਹਾਣੀ ਦਾ ਮੁਖ ਪਾਤਰ ਆਪਣੇ ਮਾਂ ਬਾਪ ਦੇ ਅਸਹਿਜ ਚੱਲ ਰਹੇ ਰਿਸ਼ਤੇ ਦਾ ਕਾਰਨ ਸਮਝਣਾ ਚਾਹੁੰਦਾ ਹੈ ਕਿ ਕਿਉਂ ਉਸਦੀ ਸੋਹਣੀ ਸੁਨੱਖੀ, ਰਕਾਨ ਮਾਂ ਨੂੰ ਉਸਦਾ ਅੱਖੜ ਬਾਪ ਕੁੱਟਦਾ

ਸੀ ਤੇ ਮਾਂ ਨੇ ਕਿਉਂ ਉਸ ਵੱਲੋਂ ਮਨ ਮਾਰ ਲਿਆ ਸੀ। ਮਾਮੇ ਦੇ ਦੋਸਤ ਦੀ ਮੌਤ 'ਤੇ ਮਾਂ ਨੂੰ ਉਸਨੇ ਨੀਲੇ ਰੰਗ ਵਾਲੇ ਮੋਰਾਂ ਦੀ ਚਾਦਰ ਵਿਛਾ ਕੇ ਅੰਦਰਲੇ ਕਮਰੇ ਵਿਚ ਵੈਣ ਪਾਉਂਦੀ ਵੇਖਿਆ ਸੀ। ਬਾਪ ਦੀ ਮੌਤ 'ਤੇ ਵੀ ਮਾਂ ਬਹੁਤ ਰੋਂਦੀ ਵਿਲਕਦੀ ਹੈ ਜਿਵੇਂ ਮਾਮੇ ਦੇ ਦੋਸਤ ਦੀ ਮੌਤ 'ਤੇ ਰੋਈ ਸੀ। ਅਗਲੇ ਦਿਨ ਸਹਿਜ ਹੋਣ 'ਤੇ ਉਸੇ ਮੋਰਾਂ ਵਾਲੀ ਚਾਦਰ 'ਤੇ ਬੈਠੀ ਪਾਠ ਕਰ ਰਹੀ ਮਾਂ ਨੂੰ ਦੇਖ ਕੇ ਬੇਟੇ ਨੂੰ ਲੱਗਦਾ ਹੈ ਚਾਦਰ ਦੇ ਮੋਰ ਨਿਧੜਕ ਹੋ ਕੇ ਨੱਚ ਰਹੇ ਹਨ। ਮੁਹੱਬਤ ਦੇ ਸੱਚੇ ਸੁੱਚੇ ਰਿਸ਼ਤੇ ਅਤੇ ਇਸਦੇ ਪਤੀ ਪਤਨੀ ਸੰਬੰਧਾਂ 'ਤੇ ਪਏ ਅਸਰ ਨੂੰ ਇਹ ਕਹਾਣੀ ਬਾਖ਼ੂਬੀ ਬਿਆਨਦੀ ਹੈ।

'ਮੱਤ ਸ਼ਰਮਿੰਦਾ ਥੀਵਹੀ' ਕਹਾਣੀ ਇਕ ਭ੍ਰਿਸ਼ਟ ਉੱਚ ਸਰਕਾਰੀ ਅਫਸਰ ਲਛਮਣ ਸਿੰਘ ਦੀ ਜ਼ਿੰਦਗੀ ਦੇ ਨਿੱਘਰਦੇ ਪਲਾਂ ਦਾ ਚਿਤਰਣ ਹੈ ਜਿਸਨੂੰ ਇਆਸ਼ੀ ਲਈ ਕੰਮ ਕਢਾਉਣ ਵਾਲਿਆਂ ਵੱਲੋਂ ਐਸਕੋਰਟ ਸਰਵਿਸ ਦੇ ਰੂਪ ਵਿਚ ਔਰਤਾਂ ਵੀ ਸਪਲਾਈ ਹੁੰਦੀਆਂ ਸਨ। ਅਤੇ ਇੰਝ ਇਕ ਦਿਨ ਉਸਦਾ ਐਸਕਾਰਟ ਵਜੋਂ ਆਈ ਆਪਣੀ ਹੀ ਧੀ ਸੁਮੇਰ ਨਾਲ ਸਾਹਮਣਾ ਹੋ ਗਿਆ ਸੀ। ਸਮੁੱਚੀ ਕਹਾਣੀ ਮੁੱਖ ਪਾਤਰ ਦੀ ਮਾਨਸਿਕ ਸਥਿਤੀ ਨੂੰ ਬਾਖ਼ੂਬੀ ਚਿਤਰਦੀ ਹੈ ਤੇ ਉਸਦੇ ਆਖਰੀ ਪਲਾਂ ਦੇ ਸਮੇਂ ਨੂੰ ਬਿਆਨਦੀ ਹੈ।

'ਕੁਆਰ ਗੰਦਲ਼' ਕਹਾਣੀ ਦਾ ਮਨੋਰਥ ਡੇਰਾਵਾਦ ਦੀ ਅਸਲੀਅਤ ਨੂੰ ਸਾਹਮਣੇ ਲਿਆਉਣਾ ਹੈ। ਕਹਾਣੀ ਦੀ ਮੁੱਖ ਪਾਤਰ ਮਧੂਲਿਕਾ ਦੇਵੀ ਹੈ ਜਿਸਦੇ ਸ਼ਿਵਰ ਵਿਚ ਹਜ਼ਾਰਾਂ ਭਗਤ ਆਸ਼ੀਰਵਾਦ ਤੇ ਸ਼ਾਂਤੀ ਪ੍ਰਾਪਤ ਕਰਨ ਲਈ ਪਹੁੰਚਦੇ ਹਨ। ਸਰਬਜੀਤ ਉਰਫ ਮਧੂਲਿਕਾ ਦੇਵੀ ਦੀ ਹਕੀਕਤ ਇਹ ਹੈ ਕਿ ਉਹ ਔਰਤ ਵਜੋਂ ਅਧੂਰੀ ਸੀ,ਜਿਸ ਹਕੀਕਤ ਨੂੰ ਉਸਦੇ ਮਾਪਿਆਂ ਨੇ ਜੱਗ ਜ਼ਾਹਰ ਨਹੀਂ ਸੀ ਹੋਣ ਦਿੱਤਾ। ਜਿਸ ਲੇਡੀ ਡਾਕਟਰ ਨੇ ਸਰਬਜੀਤ ਦਾ ਇਲਾਜ ਕੀਤਾ, ਉਸ ਰਾਹੀਂ ਉਸ ਦਾ ਵਿਆਹ ਵੀ ਹੋਇਆ ਅਤੇ ਪਤੀ ਕਰਨਲ ਸਾਹਿਬ ਨੇ ਵੀ ਉਸਦੇ ਸੱਚ ਨੂੰ ਢਕੀ ਰਖਿਆ, ਜਿਸਦੇ ਪਰਿਵਾਰ ਨੂੰ ਉਹ ਪਾਲ਼ਦੀ ਰਹੀ। ਆਪਣੇ ਪਤੀ ਦੇ ਇਕ ਬੇਟੇ ਅਤੇ ਉਸਦੇ ਦੋਸਤਾਂ ਹੱਥੋਂ ਉਹ ਬੇਪਤ ਵੀ ਹੋਈ।ਇਸ ਦੁਖਾਂਤ ਕਰਕੇ ਕਰਨਲ ਸਾਹਿਬ ਦੇ ਆਤਮ ਹੱਤਿਆ ਕਰ ਲੈਣ ਮਗਰੋਂ ਉਸ ਨੇ ਬੀਤਿਆ ਸਭ ਗੰਗਾ ਵਿਚ ਰੋੜ੍ਹ ਕੇ ਨਵਾਂ ਰੂਪ ਧਾਰ ਲਿਆ ਸੀ।

'ਵੇਦਨ ਕਹੀਏ ਕਿਸ' ਕਹਾਣੀ ਸ਼ਮਸ਼ਾਨ ਭੂਮੀ ਵਿਚ ਕੰਮ ਕਰਦੇ ਬਾਬੇ ਦੀਸੇ ਤੇ ਉਸਦੇ ਸਾਥੀਆਂ ਦੀ ਜ਼ਿੰਦਗੀ ਦੀ ਝਲਕ ਪੇਸ਼ ਕਰਦੀ ਹੈ ਜੋ ਲਾਵਾਰਿਸ ਲਾਸ਼ਾਂ ਪ੍ਰਤੀ ਵੀ ਹਮਦਰਦੀ ਤੇ ਇਨਸਾਨੀਅਤ ਨਾਲ ਭਰੇ ਨਜ਼ਰ ਆਉਂਦੇ ਹਨ। ਲਾਵਾਰਿਸ ਲਾਸ਼ਾਂ ਵਾਂਗ ਜ਼ਿੰਦਗੀ 'ਚ ਲਾਵਾਰਿਸ ਬਣੇ ਇਹਨਾਂ ਪਾਤਰਾਂ ਦੀ ਜ਼ਿੰਦਗੀ ਬੜੀ ਮਾਰਮਿਕਤਾ ਨਾਲ ਚਿਤਰੀ ਗਈ ਹੈ। ਦੀਸੇ ਤੇ ਕੁੰਤੀ ਦੀ ਪੁੱਤਰੀ ਨੂਰੀ ਦੇ ਲਾਵਾਰਿਸ ਲਾਸ਼ ਬਣਨ ਦਾ ਦੁਖਾਂਤ ਕਹਾਣੀ ਦੀ ਸਿਖਰ ਹੈ।

'ਲਿਪ ਗਲੌਸ' ਕਹਾਣੀ ਜਿੰਮ ਟਰੇਨਰ ਸੇਰਾ ਤੇ ਉਸਦੇ ਸੰਪਰਕ ਵਿਚ ਆਈਆਂ ਔਰਤਾਂ ਦੀ ਕਹਾਣੀ ਹੈ। ਹਰ ਔਰਤ ਦੀ ਆਪਣੀ ਕਹਾਣੀ ਹੈ ਤੇ ਉਹ ਉਹਨਾਂ ਦੀ ਤੁਲਨਾ ਆਪਣੀ ਮਾਂ ਨਾਲ ਕਰਦਿਆਂ ਕਹਿੰਦਾ ਹੈ:"ਇਹ ਔਰਤਾਂ ਪਤਾ ਨਹੀਂ ਕਿਹੜੀਆਂ ਤ੍ਰਿਸ਼ਨਾਵਾਂ ਦੀ ਪੂਰਤੀ ਲਈ ਇੰਜ ਤੁਰੀਆ ਫਿਰਦੀਆਂ ਹਨ ਤੇ ਦੂਜੇ ਪਾਸੇ ਬੀਬੀ ਵਰਗੀਆਂ ਜਿਸਨੇ ਇਸ ਆਸ 'ਤੇ ਭਰ ਜਵਾਨੀ ਵਿਚ ਰੰਡੇਪਾ ਕੱਟ ਲਿਆ ਕਿ ਉਸਦਾ ਪੁੱਤ ਅੱਜ ਵੀ ਜਵਾਨ ਹੋਇਆ ਤੇ ਕੱਲ ਵੀ...ਮਹਾਂਨਗਰ ਦੀ ਚਕਾਚੌਂਧ ਵਿਚ ਗਵਾਚੀਆਂ ਇਹ ਪਤਾ ਨਹੀਂ ਕੀ ਤਲਾਸ਼ ਰਹੀਆਂ ਹਨ ਤੇ ਬੀਬੀ ਕੁਝ ਵੀ ਨਾ ਹੋਣ ਦੇ ਬਾਵਜੂਦ ਕਿੰਨੀ ਸਹਿਜ...ਕਿੰਨੀ ਸੰਪੂਰਨ ਤੇ ਕਿੰਨੀ ਸ਼ਾਂਤ ਹੈ।"

ਅਰਵਿੰਦਰ ਕੌਰ ਧਾਲੀਵਾਲ ਦੀਆਂ ਨਾਇਕਾਵਾਂ ਆਪਣੇ ਹੱਕਾਂ ਪ੍ਰਤੀ ਚੇਤਨਤਾ ਨਾਲ ਪਹਿਰਾ ਦਿੰਦੀਆਂ ਹਨ। ਅੱਜੋਕੀ ਜ਼ਿੰਦਗੀ ਵਿਚ ਚੰਗੀਆਂ ਕਦਰਾਂ-ਕੀਮਤਾਂ ਦਾ ਘਾਣ ਉਸ ਦੀ ਕਹਾਣੀ ਦਾ ਮੁੱਖ ਵਿਸ਼ਾ ਰਿਹਾ ਹੈ। ਵੈਸੇ ਹਰ ਕਹਾਣੀ ਨਵਾਂ ਵਿਸ਼ਾ ਲੈ ਕੇ ਪੇਸ਼ ਹੋਈ ਹੈ ਜਿਸਦਾ ਬਹੁਤ ਪ੍ਰਭਾਵੀ ਅੰਤ ਕਰਦੀ ਹੋਈ ਲੇਖਿਕਾ ਭਰਮ ਦੇ ਸਾਰੇ ਪਰਦੇ ਉਠਾਉਂਦੀ ਹੈ। ਸਮੁੱਚਾ ਕਹਾਣੀ ਸੰਗ੍ਰਹਿ ਅਰਵਿੰਦਰ ਦੇ ਸਮਰੱਥ ਕਹਾਣੀਕਾਰਾ ਹੋਣ ਦੇ ਤੱਥ ਉੱਤੇ ਮੋਹਰ ਲਗਾਉਂਦਾ ਹੈ।

**-ਪੁਸ਼ਵਿੰਦਰ ਕੌਰ**

## ਪ੍ਰਾਪਤ ਪੁਸਤਕਾਂ

**ਜਮਰੌਦ** (ਕਹਾਣੀ ਸੰਗ੍ਰਹਿ) ਵਰਿਆਮ ਸਿੰਘ ਸੰਧੂ
ਪੰਨੇ 232, ਮੁੱਲ 275 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਬੂਹੇ ਇਸ਼ਕ ਦਰਬਾਰ ਦੇ ਸਦਾ ਖੁੱਲ੍ਹੇ** ( ਕਹਾਣੀ ਸੰਗ੍ਰਹਿ) ਜਿੰਦਰ
ਪੰਨੇ 135, ਮੁੱਲ 195 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਬਲੌਰੀ ਅੱਖ ਵਾਲਾ ਮੁੰਡਾ** (ਕਹਾਣੀ ਸੰਗ੍ਰਹਿ) ਪਰਵੇਜ਼ ਸੰਧੂ
ਪੰਨੇ 134, ਮੁੱਲ 200 ਰੁਪਏ/20$, ਸਵੀਨਾ ਪਬਲੀਕੇਸ਼ਨਜ਼,ਫਰਿਜ਼ਨੋ (ਕੈਲੀਫੋਰਨੀਆ, ਅਮਰੀਕਾ)
**ਕਿਤੇ ਉਹ ਨਾ ਹੋਵੇ** (ਕਹਾਣੀ ਸੰਗ੍ਰਹਿ) ਰਵੀ ਸ਼ੇਰਗਿੱਲ
ਪੰਨੇ 120, ਮੁੱਲ 195 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਚੌਥਾ ਪਹਿਰ** (ਕਹਾਣੀ ਸੰਗ੍ਰਹਿ) ਸੰ. ਡਾ. ਜੇ.ਬੀ. ਸੇਖੋਂ
ਪੰਨੇ 232, ਮੁੱਲ 275 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਧਰਤ ਪਰਾਈ ਆਪਣੇ ਲੋਕ** (ਉਤਰੀ ਅਮਰੀਕੀ ਕਹਾਣੀ) ਸੰ. ਅਮਰਜੀਤ ਕੌਰ ਪੰਨੂੰ, ਸੁਰਜੀਤ, ਲਾਜ ਨੀਲਮ ਸੈਣੀ
ਪੰਨੇ 272, ਮੁੱਲ 300 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਲਟ ਲਟ ਬਲ਼ਦਾ ਦੀਵਾ** (ਕਹਾਣੀ ਸੰਗ੍ਰਹਿ) ਲਾਜ ਨੀਲਮ ਸੈਣੀ
ਪੰਨੇ 152, ਮੁੱਲ 150 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਸਰੂ ਦੀ ਪਰੀ** (ਕਹਾਣੀ ਸੰਗ੍ਰਹਿ) ਪਵਨ ਗਿੱਲਾਂ ਵਾਲਾ
ਪੰਨੇ 104, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਅੰਦਰਲੀ ਗੱਲ** (ਮਿੰਨੀ ਕਹਾਣੀ ਸੰਗ੍ਰਹਿ) ਧਰਮ ਸਿੰਘ ਕੰਮੇਆਣਾ
ਪੰਨੇ 112, ਮੁੱਲ 200 ਰੁਪਏ, ਕੈਫੇ ਵਰਲਡ, ਬਠਿੰਡਾ
**ਅਹਿਮ ਸੁਨੇਹੇ** (ਮਿੰਨੀ ਕਹਾਣੀ ਸੰਗ੍ਰਹਿ) ਜਗਰੂਪ ਸਿੰਘ ਗਿੱਲ
ਪੰਨੇ 96, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਨਵਯੁਗ** (ਨਾਵਲ) ਹਰਮਹਿੰਦਰ ਚਹਿਲ
ਪੰਨੇ 224, ਮੁੱਲ 275 ਰੁਪਏ, ਸੰਗਮ ਪਬਲੀਕੇਸ਼ਨਜ਼, ਸਮਾਣਾ
**ਕਰੋਨਾ ਕਾਫ਼ਲੇ** (ਨਾਵਲ) ਸੁਖਿੰਦਰ
ਪੰਨੇ 112, ਮੁੱਲ 150 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਕੈਂਪਸ 1996** (ਨਾਵਲ) ਸੰਦੀਪ ਨਈਅਰ
ਪੰਨੇ 168, ਮੁੱਲ 200 ਰੁਪਏ, ਪੁਸਤਕ ਪਾਠਕ ਸੰਸਥਾ, ਪੰਜਾਬ
**ਸਪਲੀਮੈਂਟਰੀ ਬੈਚ** (ਨਾਵਲ) ਸਚਿਨ ਸ਼ਰਮਾ
ਪੰਨੇ 159, ਮੁੱਲ 250 ਰੁਪਏ, ਨਵਰੰਗ ਪਬਲੀਕੇਸ਼ਨਜ਼, ਪਿੰਡ ਚੱਕ ਅੰਮ੍ਰਿਤਸਰੀਆ, ਸਮਾਣਾ
**ਸੰਘਰਸ਼ੀ ਰਾਹ** (ਨਾਵਲ) ਸਾਧੂ ਸਿੰਘ ਸੰਘਾ
ਪੰਨੇ 223, ਮੁੱਲ 350 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਕਾਵਿ ਵਿਸ਼ਲੇਸ਼ਣ** (ਆਲੋਚਨਾ) ਡਾ. ਸੁਰਜੀਤ ਸਿੰਘ
ਪੰਨੇ 312, ਮੁੱਲ 425 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਬੀਤੇ ਦਾ ਸਫਰ** (ਸਵੈਜੀਵਨੀ) ਜੋਗਿੰਦਰ ਸ਼ਮਸ਼ੇਰ
ਪੰਨੇ 456+32, ਮੁੱਲ 695 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਜਿੰਦੜੀਏ ਤਣ ਦੇਸਾਂ ਤੇਰਾ ਤਾਣਾ** (ਸਵੈਜੀਵਨੀ) ਡਾ. ਮਨਜ਼ੂਰ ਏਜਾਜ਼
ਪੰਨੇ 215, ਮੁੱਲ 300 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਹਨੇਰੇ ਦਾ ਚੀਰਹਰਨ** (ਸਵੈਜੀਵਨੀ) ਸੋਮਾ ਸਬਲੋਕ
ਪੰਨੇ 156, ਮੁੱਲ 300 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਆਖ਼ਰੀ ਮਹਾਰਾਣੀ** (ਜੀਵਨੀ) ਚਿਤਰਾ ਬੈਨਰਜੀ ਦਿਵਾਕਰੂਨੀ, ਅਨੁਵਾਦ: ਡਾ. ਤਰਸ਼ਿੰਦਰ ਕੌਰ
ਪੰਨੇ 344, ਮੁੱਲ 595 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਗ਼ਦਰੀ ਲਾਲ ਸਿੰਘ ਸਾਹਿਬਾਣਾ** (ਜੀਵਨੀ) ਰਾਕੇਸ਼ ਕੁਮਾਰ
ਪੰਨੇ 120, ਮੁੱਲ 170 ਰੁਪਏ, ਕੈਫੇ ਵਰਲਡ, ਬਠਿੰਡਾ
**ਕਲਾਕਾਰੀਆਂ** (ਵਾਰਤਕ) ਰਣਬੀਰ ਰਾਣਾ
ਪੰਨੇ 357, ਮੁੱਲ 395 ਰੁਪਏ, $20, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸਿੱਖ ਰਾਜ ਦਾ ਪਤਨ** (ਵਾਰਤਕ) ਡਾ. ਸਰਬਜੀਤ ਸਿੰਘ ਛੀਨਾ
ਪੰਨੇ 112, ਮੁੱਲ 225 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਧਰਤੀ ਪੁੱਤਰਾਂ ਦੀ ਕਹਾਣੀ** (ਵਾਰਤਕ) ਕਾ. ਜਗਜੀਤ ਸਿੰਘ
ਪੰਨੇ 214, ਮੁੱਲ 325 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੋਰਾਂਵਾਲੀ: ਗਾਥਾ ਸੰਗਰਾਮੀ ਪਿੰਡ ਦੀ** (ਵਾਰਤਕ) ਜੇ.ਬੀ ਸੇਖੋਂ, ਵਿਜੈ ਬੰਬੇਲੀ
ਪੰਨੇ 176, ਮੁੱਲ 200 ਰੁਪਏ, ਕੈਫੇ ਵਰਲਡ, ਬਠਿੰਡਾ
**ਬੀਤੇ ਨੂੰ ਫਰੋਲਦਿਆਂ: ਸਾਡੇ ਮੁਸਲਿਮ ਹਮਸਾਏ** (ਵਾਰਤਕ) ਵਿਜੈ ਬੰਬੇਲੀ
ਪੰਨੇ 130, ਮੁੱਲ 150 ਰੁਪਏ, ਪੀਪਲਜ਼ ਫੋਰਮ, ਬਰਗਾੜੀ (ਫਰੀਦਕੋਟ)
**ਵੱਡੇ ਲੋਕਾਂ ਦੀਆਂ ਵੱਡੀਆਂ ਗੱਲਾਂ** (ਵਾਰਤਕ) ਪ੍ਰੋ. ਬਸੰਤ ਸਿੰਘ ਬਰਾੜ
ਪੰਨੇ 160, ਮੁੱਲ 250 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ
**ਪੰਜਾਬ ਦੀ ਆਰਥਿਕਤਾ ਅਤੇ ਕਿਸਾਨੀ** (ਵਾਰਤਕ) ਡਾ. ਅਮਨਪ੍ਰੀਤ ਸਿੰਘ ਬਰਾੜ
ਪੰਨੇ 224, ਮੁੱਲ 325 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ

**...ਤੇ ਕਲਮ ਲਿਖਦੀ ਰਹੀ** (ਵਾਰਤਕ) ਇੰਦਰਜੀਤ ਕੌਰ ਸਿੱਧੂ
ਪੰਨੇ 100, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਅਹਿਮ ਗਿਆਨ** (ਵਾਰਤਕ) ਜਗਰੂਪ ਸਿੰਘ ਗਿੱਲ
ਪੰਨੇ 102, ਮੁੱਲ 175 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੇਰਾ ਕਸੂਰ ਕੀ ਹੈ ਤੇ ਹੋਰ ਨਾਟਕ** (ਨਾਟਕ) ਬਲਜੀਤ ਸਿੰਘ ਰੈਣਾ
ਪੰਨੇ 189, ਮੁੱਲ 240 ਰੁਪਏ, ਸ਼ਬਦਲੋਕ ਪਬਲੀਕੇਸ਼ਨਜ਼, ਲੁਧਿਆਣਾ
**ਮੈਂ ਗਈ ਕਦੋਂ ਸੀ** (ਕਾਵਿ ਸੰਗ੍ਰਹਿ) ਗੁਰਬਚਨ ਸਿੰਘ ਭੁੱਲਰ
ਪੰਨੇ 176, ਮੁੱਲ 350 ਰੁਪਏ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ
**ਸੱਨਦ** (ਕਾਵਿ ਸੰਗ੍ਰਹਿ) ਐੱਸ ਸਵਰਨ
ਪੰਨੇ 99, ਮੁੱਲ 295 ਰੁਪਏ, ਲੋਕਗੀਤ ਪ੍ਰਕਾਸ਼ਨ, ਮੁਹਾਲੀ
**ਪੰਖੀ** (ਕਾਵਿ ਸੰਗ੍ਰਹਿ) ਪਰਮਬੀਰ ਸਿੰਘ
ਪੰਨੇ 135, ਮੁੱਲ 300 ਰੁਪਏ, ਸਿੰਘ ਬ੍ਰਦਰਜ਼. ਅੰਮ੍ਰਿਤਸਰ
**ਬਹਿਸ-ਵਿਹੂਣ** (ਕਾਵਿ ਸੰਗ੍ਰਹਿ) ਰਮੇਸ਼ ਕੁਮਾਰ
ਪੰਨੇ 96, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਮੈਂ-ਅਮੈਂ** ( ਕਾਵਿ ਸੰਗ੍ਰਹਿ) ਜਗਵਿੰਦਰ ਜੋਧਾ
ਪੰਨੇ 80, ਮੁੱਲ 150 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਗਾਉਂਦੇ ਜਜ਼ਬੇ** (ਕਾਵਿ ਸੰਗ੍ਰਹਿ) ਸੁਦਰਸ਼ਨ ਗਾਸੋ
ਪੰਨੇ 79, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ
**ਸੰਦਲੀ ਬਾਗ਼** (ਕਾਵਿ ਸੰਗ੍ਰਹਿ) ਪ੍ਰਭਜੋਤ ਸਿੰਘ ਸੋਹੀ
ਪੰਨੇ 112, ਮੁੱਲ 200 ਰੁਪਏ, ਸਪਰੈੱਡ ਪਬਲੀਕੇਸ਼ਨਜ਼, ਪਟਿਆਲਾ
**ਮੰਜ਼ਿਲ ਤੇ ਪਗਡੰਡੀਆਂ** (ਕਾਵਿ ਸੰਗ੍ਰਹਿ) ਮਹਿੰਦਰ ਸਿੰਘ ਦੋਸਾਂਝ
ਪੰਨੇ 120, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ,ਪੰਜਾਬੀ ਭਵਨ, ਲੁਧਿਆਣਾ
**ਰਾਖ ਵਿਚ ਉਕਰੀਆਂ ਲਕੀਰਾਂ** (ਕਾਵਿ ਸੰਗ੍ਰਹਿ) ਨਵਰਾਜ
ਪੰਨੇ 183, ਮੁੱਲ 300 ਰੁਪਏ, ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ
**ਕੈਦ, ਖ਼ੁਸ਼ਬੂ, ਹਵਾ** (ਕਾਵਿ ਸੰਗ੍ਰਹਿ) ਨਰਿੰਦਰ ਬਾਹੀਆ 'ਅਰਸ਼ੀ'
ਪੰਨੇ 96, ਮੁੱਲ 200 ਰੁਪਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ
**ਬੋਲ ਕਿਸਾਨੀ ਦੇ** (ਕਾਵਿ ਸੰਗ੍ਰਹਿ) ਰਘਬੀਰ ਸਿੰਘ ਗਿੱਲ ਕੱਟੂ
ਪੰਨੇ 144, ਮੁੱਲ 170 ਰੁਪਏ, ਤਾਲਿਫ਼ ਪ੍ਰਕਾਸ਼ਨ, ਬਰਨਾਲਾ

---


## 'ਸਿਰਜਣਾ' ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | 225-ਬੀ, ਮਖਦੂਮਪੁਰਾ, ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈਮਾਸਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਰਿੰਦਰ ਮੋਹਨ ਸਿੰਘ |
| 4. ਕੌਮੀਅਤ | ਭਾਰਤੀ |
| 5. ਪਤਾ | 225-ਬੀ, ਮਖਦੂਮਪੁਰਾ, ਜਲੰਧਰ |
| 6. ਸੰਪਾਦਕ | ਰਘਬੀਰ ਸਿੰਘ |
| 7. ਕੌਮੀਅਤ | ਭਾਰਤੀ |
| 8. ਪਤਾ | 1728, ਸੈਕਟਰ 43-ਬੀ, ਚੰਡੀਗੜ੍ਹ |

ਮੈਂ ਸੁਰਿੰਦਰ ਮੋਹਨ ਸਿੰਘ, ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ ਅਨੁਸਾਰ ਸਹੀ ਹੈ।

ਮਿਤੀ: 28 ਫਰਵਰੀ 2022 ਦਸਤਖਤ: ਸੁਰਿੰਦਰ ਮੋਹਨ ਸਿੰਘ, ਪ੍ਰਕਾਸ਼ਕ

---

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਰਿੰਦਰ ਮੋਹਨ ਸਿੰਘ ਨੇ ਸਿਰਜਣਾ ਪ੍ਰਿੰਟਰਜ਼ ਐਂਡ ਸਟੇਸ਼ਨਰਜ਼, ਸ਼ੋਅਰੂਮ ਨੰਬਰ 443, ਮਟੌਰ, ਸੈਕਟਰ 70, ਮੁਹਾਲੀ ਤੋਂ ਛਪਵਾ ਕੇ 225-ਬੀ, ਮਖਦੂਮਪੁਰਾ, ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: **ਰਘਬੀਰ ਸਿੰਘ** ਪ੍ਰਕਾਸ਼ਨ ਮਿਤੀ: 1 ਅਪਰੈਲ, 2022


---

## ਕੈਨੇਡਾ ਵੱਸਦੇ ਨਵੀਂ ਪੀੜ੍ਹੀ ਦੇ ਸਮਰੱਥ ਕਹਾਣੀਕਾਰ ਹਰਪ੍ਰੀਤ ਸੇਖਾ ਦਾ ਪਲੇਠਾ ਨਾਵਲ 'ਹਨੇਰੇ ਰਾਹ'




ਹਰਪ੍ਰੀਤ ਸੇਖਾ ਨੇ ਆਪਣੀਆਂ ਜਾਨਦਾਰ ਕਹਾਣੀਆਂ ਨਾਲ ਪੰਜਾਬੀ ਸਾਹਿਤ ਜਗਤ ਨੂੰ ਮਾਲਾਮਾਲ ਕੀਤਾ ਹੈ। ਉਸ ਦਾ ਪਲੇਠਾ ਨਾਵਲ 'ਹਨੇਰੇ ਰਾਹ' ਟਰੱਕ ਡਰਾਈਵਰਾਂ ਨੂੰ ਕੇਂਦਰ ਵਿਚ ਰੱਖ ਕੇ ਨਵੇਂ ਪਰਵਾਸੀਆਂ ਨੂੰ ਦਰਪੇਸ਼ ਸਮੱਸਿਆਵਾਂ ਦੀ ਬਾਤ ਪਾਉਂਦਾ ਹੈ। ਨਾਵਲ ਵਿਚ ਇੰਮੀਗਰੇਸ਼ਨ, ਖ਼ਾਸਕਰ ਪੰਜਾਬੀ ਪਰਵਾਸੀਆਂ ਦੇ ਦੁੱਖਾਂ-ਦੁਸ਼ਵਾਰੀਆਂ ਬਾਰੇ ਵੇਰਵੇ ਸੂਖ਼ਮ ਰੂਪ ਵਿਚ ਪੇਸ਼ ਹੋਏ ਹਨ।

ਪੰਨੇ 198 ਸੁੰਦਰ ਦਿੱਖ ਮੁੱਲ 350 ਰੁਪਏ

**ਗਰੇਸ਼ੀਅਸ ਬੁੱਕਸ** ਪਟਿਆਲਾ

**SIRJANA** Literary Punjabi Quarterly Chandigarh
No. 204 ISSN 2455-1058 April-June 2022
Registered with the Registrar of Newspapers for India vide R.N. 10215/65


## ਸਿਰਮੌਰ ਲੇਖਕ ਵਰਿਆਮ ਸਿੰਘ ਸੰਧੂ ਦਾ ਨਵਾਂ ਕਹਾਣੀ ਸੰਗ੍ਰਹਿ




'ਜਮਰੌਦ' ਵਿਚਲੀਆਂ ਕਹਾਣੀਆਂ ਆਪਣੇ ਤਾਣੇ-ਪੇਟੇ ਵਿਚ ਪੇਸ਼ ਮੁੱਖ ਪਾਤਰਾਂ ਦੀਆਂ ਹੱਡੀਂ ਹੰਢਾਈਆਂ ਘਟਨਾਵਾਂ ਦਾ ਹੀ ਕਲਾਤਮਕ ਬਿਰਤਾਂਤ ਨਹੀਂ ਸਗੋਂ ਇਹ ਵਰਿਆਮ ਸਿੰਘ ਸੰਧੂ ਦੇ ਪਿੰਡ ਸੁਰ ਸਿੰਘ ਦੇ ਸਮਾਨਾਂਤਰ, ਬੀਤੀ ਸਦੀ ਦੇ ਸਮੁੱਚੇ ਧਰਮੋ-ਸਿਆਸੀ ਸਦਾਚਾਰ ਦੇ ਉਥਾਨ ਅਤੇ ਪਤਨ ਦੀਆਂ ਮੂਲ ਧੁਨੀਆਂ ਵੀ ਆਪਣੇ ਕਲੇਵਰ ਵਿਚ ਸਮਾਈ ਬੈਠੀਆਂ ਹਨ। ਇਨ੍ਹਾਂ ਕਥਾਵਾਂ ਦੀਆਂ ਵੰਨ-ਸੁਵੰਨੀਆਂ ਤੰਦਾਂ ਨੂੰ ਵਿਸ਼ਾਲ ਚਿਤ੍ਰਪਟ 'ਤੇ ਫੈਲਾਅ ਕੇ ਸੰਘਣੀ ਬੁਣਤੀ ਵਿਚ ਸਮੇਟ ਸਕਣ ਦਾ ਕਮਾਲ ਵਰਿਆਮ ਸਿੰਘ ਸੰਧੂ ਦੀ ਕਹਾਣੀ ਕਲਾ ਦਾ ਨੁਮਾਇਆ ਹਾਸਲ ਹੈ। **–ਡਾ. ਸਾਧੂ ਸਿੰਘ**

ਪੰਨੇ 232 ਸੁੰਦਰ ਦਿੱਖ ਮੁੱਲ 275 ਰੁਪਏ

**ਸੰਗਮ ਪਬਲੀਕੇਸ਼ਨਜ਼** ਸਮਾਣਾ (ਪਟਿਆਲਾ)